# ਪੰਚਮ ਪਾਤਸ਼ਾਹ ਦੀ ਸ਼ਹੀਦੀ

ਗੁਰਬਚਨ ਸਿੰਘ ਸਿੱਧੂ ਐਮ ਏ

**ਪ੍ਰਕਾਸ਼ਕ:-ਗੁਰੂ ਨਾਨਕ ਚੈਰੀਟੇਲ ਟਰਸਟ ਮੰਡੀ ਮੁਲਾਂਪੁਰ ਜ਼ਿਲਾ ਲੁਧਿਆਣਾ ਪੰਜਾਬ ਭਾਰਤ ੧੪੧੧੦੧**

Tel:- 0161-2881001,0161-2878034 www.gurmatbhawan.org

# ਦੋ ਸ਼ਬਦ ਮੇਰੇ ਵਲੋਂ

ਇਹ ਪੁਸਤਕ ਪਹਿਲੀ ਵਾਰ ਇਕ ਛੋਟੇ ਜਿਹੇ ਲੇਖ* ਦੀ ਸ਼ਕਲ ਵਿੱਚ 1981 ਵਿੱਚ ਪ੍ਰਕਾਸ਼ਤ ਕੀਤੀ ਗਈ ਸੀ । ਰਾਮਗੜ੍ਹੀਆ ਗੁਰਦਵਾਰਾ ਕਵੈਂਟ੍ਰੀ ਵਿੱਚ ਮੇਰੇ ਵਲੋਂ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹੀਦੀ ਬਾਰੇ ਜੋ ਵਿਚਾਰ ਦਿੱਤੇ ਗਏ ਸਨ ਉਨ੍ਹਾਂ ਨੂੰ ਕਿਤਾਬਚੇ ਦੀ ਸ਼ਕਲ ਦੇਣ ਲਈ ਬਹੁਤ ਸਾਰੇ ਸੱਜਣਾ ਮਿੱਤ੍ਰਾਂ ਵਲੋਂ ਅਤੇ ਕਮੇਟੀ ਵਲੋਂ ਆਦੇਸ਼ ਦਿੱਤਾ ਗਿਆ ਸੀ । ਉਨ੍ਹਾਂ ਦਾ ਵਿਚਾਰ ਸੀ ਕਿ ਕਿਤਾਬਚੇ ਦੀ ਸ਼ਕਲ ਵਿੱਚ ਮੇਰੇ ਵਿਚਾਰ ਸਾਂਭੇ ਰਹਿਣਗੇ ਅਤੇ ਹੋਰ ਵਧੇਰੇ ਖੋਜ ਕਰਨ ਵਾਲਿਆਂ ਲਈ ਪੱਥਪ੍ਰਦਰਸ਼ਕ ਦਾ ਕੰਮ ਦੇਣਗੇ । ਉਨ੍ਹਾਂ ਦਿਨਾਂ ਵਿੱਚ ਇੰਗਲੈਂਡ ਵਿੱਚ ਗੁਰਮੁਖੀ ਦੀ ਛਪਾਈ ਦਾ ਕੋਈ ਬਹੁਤਾ ਚੰਗਾ ਪ੍ਰਬੰਧ ਨਹੀਂ ਸੀ ਇਸ ਲਈ ਛਪਾਈ ਵਾਸਤੇ ਲੇਖ ਨੂੰ ਪੰਜਾਬ ਭੇਜਣਾ ਪਿਆ । ਛੱਪਦਿਆਂ ਛੱਪਦਿਆਂ ਹੀ ਕਈ ਸਾਲ ਲੱਗ ਗਏ ਅਤੇ ਮੈਂ ਮੁਲਾਜ਼ਮਤ ਦੇ ਸਿਲਸਿਲੇ ਵਿੱਚ ਕਵੈਂਟ੍ਰੀ ਤੋਂ ਨੌਟਿੰਘਮ ਚਲਾ ਗਿਆ ।

ਹੁਣ ਅਚਾਨਕ ਫੇਰ ਇਸ ਵਿਸ਼ੇ ਤੇ ਬੋਲਣ ਲਈ ਰਾਮਗੜ੍ਹੀਆ ਗੁਰਦਵਾਰਾ ਗਰੇਹਮ ਸਟਰੀਟ ਬਰਮਿੰਘਮ ਵਲੋਂ ਹੁਕਮ ਹੋਇਆਂ ਤਾਂ ਮੈਂ ਇਸ ਕਿਤਾਬਚੇ ਨੂੰ ਫੇਰ ਪੜ੍ਹਿਆ ਅਤੇ ਪਰਤੀਤ ਕੀਤਾ ਕਿ ਇਸ ਨੂੰ ਸੋਧ ਕੇ ਦੋਬਾਰਾ ਛਪਵਾਉਣ ਦੀ ਲੋੜ ਹੈ । ਹੁਣ ਲੇਖ ਨੂੰ ਪੁਸਤਕ ਦਾ ਰੂਪ ਦੇ ਕੇ ਚਾਰ ਭਾਗਾਂ ਵਿੱਚ ਵੰਡ ਦਿੱਤਾ ਗਿਆ ਹੈ ਅਤੇ ਅਨੇਕਾਂ ਵਾਧੇ ਘਾਟੇ ਕੀਤੇ ਗਏ ਹਨ । ਪਹਿਲੇ ਭਾਗ ਵਿੱਚ ਗੁਰੂ ਜੀ ਦਾ ਸੰਖੇਪ ਜੀਵਨ ਲਿਖ ਦਿੱਤਾ ਗਿਆ ਹੈ ਜੋ ਪਹਿਲੇ ਕਿਤਾਬਚੇ ਵਿੱਚ ਨਹੀਂ ਸੀ । ਦੂਜੇ ਹਿੱਸੇ ਵਿੱਚ ਗੁਰੂ ਜੀ ਦੇ ਸਮੇਂ ਦੇ ਰਾਜਸੀ ਹਾਲਾਤ ਦਿੱਤੇ ਗਏ ਹਨ । ਇਨ੍ਹਾਂ ਰਾਜਸੀ ਹਾਲਾਤ ਨੂੰ ਸਮਝੇ ਬਿਨਾ ਗੁਰੂ ਜੀ ਦੀ ਸ਼ਹਾਦਤ ਦੇ ਅਸਲ ਮੁਜਰਮਾਂ ਦੀ ਨਿਸ਼ਾਨਦਹੀ ਨਹੀਂ ਹੋ ਸਕਦੀ ।ਤੀਸਰੇ ਭਾਗ ਵਿੱਚ ਸ਼ਹੀਦੀ ਦੇ ਹਾਲਾਤ ਦਿੱਤੇ ਗਏ ਹਨ। ਚੌਥੇ ਭਾਗ ਵਿੱਚ ਬਾਦਸ਼ਾਹ ਜਹਾਂਗੀਰ ਨਾਲ ਮਿਲ ਕੇ ਗੁਰੂ ਜੀ ਨੂੰ ਸ਼ਹੀਦ ਕਰਵਾਉਣ ਵਾਲੇ ਲੋਕਾਂ ਦਾ ਅਤੇ ਇਤਿਹਾਸਿਕ ਹਵਾਲਿਆਂ ਦਾ ਸੰਖੇਪ ਵਿਵਰਣ ਦਿੱਤਾ ਗਿਆ ਹੈ ਤੇ ਉਨ੍ਹਾਂ ਉੱਪਰ ਟੀਕਾ ਟਿਪਣੀ ਕੀਤੀ ਗਈ ਹੈ । ਸਾਰੀ ਪੁਸਤਕ ਨੂੰ ਹੋਰ ਨਵੇਂ ਲੱਭੇ ਇਤਿਹਾਸਿਕ ਹਵਾਲਿਆਂ ਨਾਲ ਸਜਾ ਦਿੱਤਾ ਗਿਆ ਹੈ ।

ਪਹਿਲੀ ਐਡੀਸ਼ਨ ਦਾ ਮੁੱਖ ਬੰਧ ਪੰਥ ਦੇ ਪ੍ਰਸਿੱਧ ਵਿਦਵਾਨ ਪ੍ਰਿੰਸੀਪਲ ਸਰਦਾਰ ਗੋਬਿੰਦ ਸਿੰਘ ਜੀ ਮਨਸੁਖਾਣੀ ਨੇ ਲਿਖਆ ਸੀ ਜੋ ਮੰਤਰ-ਮੁਗਧ ਹੋਕੇ ਸਾਰੀ ਰਾਤ ਕਿਤਾਬ ਪੜ੍ਹਦੇ ਰਹੇ ਸਨ । ਅੱਜ ਉਹ ਸਾਡੇ ਵਿਚਕਾਰ ਨਹੀਂ ਹਨ । ਉਨ੍ਹਾਂ ਦੇ ਸਤਿਕਾਰ ਵਜੋਂ ਮੁੱਖ ਬੰਧ ਇੰਨ ਬਿੰਨ ਪਹਿਲਾਂ ਵਾਲਾ ਹੀ ਰੱਖ ਲਿਆ ਗਿਆ ਹੈ ।

ਇਸ ਪੁਸਤਕ ਵਿੱਚ ਮੈਂ ਕਿਸੇ ਪ੍ਰਕਾਰ ਦੀ ਮੌਲਿਕਤਾ ਦਾ ਦਾਅਵਾ ਨਹੀਂ ਕੀਤਾ। ਜੋ ਇੱਧਰੋਂ ਉੱਧਰੋਂ ਪੜ੍ਹਿਆ ਹੈ ਲਿਖ ਦਿੱਤਾ ਹੈ ।ਹੋ ਸਕਦਾ ਹੈ ਕਈ ਸੱਜਣ ਮੇਰੇ ਵਿਚਾਰਾਂ ਨਾਲ ਸਹਿਮਤ ਨਾ ਹੋਣ । ਅਜਿਹੇ ਵੀਰਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਉਹ ਮੇਰੀਆਂ ਤਰੁਟੀਆਂ ਮੇਰੇ ਧਿਆਨ ਵਿੱਚ ਲਿਆਉਣ ਤਾਂ ਜੋ ਮੈਂ ਉਨ੍ਹਾਂ ਦੀ ਯੋਗ ਤੇ ਲੋੜੀਂਦੀ ਸੋਧ ਸੁਧਾਈ ਕਰ ਸਕਾਂ ।

ਗੁਰਬਚਨ ਸਿੰਘ ਸਿੱਧੂ
ਨੌਟਿੰਘਮ
੧.੮.੨੦੦੮

- ਇਹ ਲੇਖ ਇਸ ਤੋਂ ਪਹਿਲਾਂ ਕਰਤਾ ਨੇ ਸਿੱਖ ਮਿਸ਼ਨਰੀ ਸੋਸਾਇਟੀ ਰਾਹੀਂ ਅੰਗ੍ਰੇਜ਼ੀ ਵਿੱਚ Apostle of peace ਦੇ ਨਾਂ ਥੱਲੇ ਛਪਵਾ ਦਿੱਤਾ ਸੀ ।

# ਮੁੱਖ ਬੰਧ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਦਾ ਇੱਕ ਐਸਾ ਪੜਾ ਸੀ ਜਿਸ ਤੇ ਸਿੱਖ ਵਿਚਾਰ ਧਾਰਾ ਤੇ ਇਤਿਹਾਸ ਨੇ ਇੱਕ ਮਹੱਤਵ ਪੂਰਣ ਪਲਟਾ ਖਾਧਾ । ਸ਼ਹਿਨਸ਼ਾਹ ਅਕਬਰ ਦੀ ਮੌਤ ਤੱਕ ਗੁਰੂ ਦਰਬਾਰ ਦੇ ਸਬੰਧ ਮੁਗ਼ਲ ਸ਼ਾਸਕਾਂ ਨਾਲ ਮਿੱਤਰਤਾ ਭਰਪੂਰ ਅਤੇ ਸੁਖਾਵੇਂ ਰਹੇ ਪ੍ਰੰਤੂ ਜਹਾਂਗੀਰ[1] ਦੇ ਗੱਦੀ ਸੰਭਾਲਦਿਆਂ ਹੀ ਮੁਗ਼ਲ ਬਾਦਸ਼ਾਹਾਂ ਦੀ ਗੁਰੂ ਘਰ ਸਬੰਧੀ ਈਰਖਾ ਪ੍ਰਗਟ ਹੋਣੀ ਆਰੰਭ ਹੋ ਗਈ । ਇਹ ਈਰਖਾ ਦੁਸ਼ਮਣੀ ਵਿੱਚ ਪਲਟ ਕੇ ਉਸ ਵੇਲੇ ਸਿਖਰ ਤੇ ਪੁੱਜ ਗਈ ਜਦੋਂ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰਕੇ ਪ੍ਰਾਣ ਦੰਡ ਦੇਣ ਦਾ ਆਦੇਸ਼ ਜਾਰੀ ਕਰ ਦਿੱਤਾ । ਪੰਚਮ ਪਾਤਸ਼ਾਹ ਨੇ ਜਦ ਖ਼ਤਰਾ ਅਨੁਭਵ ਕਰ ਲਿਆ ਤਾਂ ਗੁਰਗੱਦੀ ਆਪਣੇ ਸਯੋਗ ਪੁੱਤਰ ਸ੍ਰੀ ਹਰਿਗੋਬਿੰਦ ਜੀ ਨੂੰ ਸੰਭਾਲ ਦਿੱਤੀ ਅਤੇ ਸਵੈ-ਰਖਿਆ ਲਈ ਸ੍ਰੀ ਸਾਹਿਬ ਦੇ ਪ੍ਰਯੋਗ ਦੀ ਹਦਾਇਤ ਵੀ ਕਰ ਦਿੱਤੀ । ਇਕ ਪਰਸਿੱਧ ਇਤਿਹਾਸਕਾਰ ਨੇ ਇਸ ਪ੍ਰੀਵਰਤਣ ਨੂੰ 'ਸਿੱਖ ਧਰਮ ਦਾ ਪੁਨਰ-ਗਠਨ' ਕਿਹਾ ਹੈ ।

ਸਰਦਾਰ ਗੁਰਬਚਨ ਸਿੰਘ ਜੀ ਹੋਰਾਂ ਵਲੋਂ ਲਿਖੀ ਗਈ ਹਥਲੀ ਪੁਸਤਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨਾਂ ਨੂੰ ਆਧਾਰ-ਸ਼ਿਲਾ ਬਣਾ ਕੇ ਅਤਿ ਸੁੰਦਰ ਖੋਜ ਦੇ ਰੂਪ ਵਿਚ ਲਿਖੀ ਗਈ ਹੈ । ਜਿਸ ਗੱਲ_ ਮੁਗ਼ਲਾਂ ਦੀ ਹਿੰਦੂਆਂ ਵਿਰੁੱਧ ਕਟੱੜ ਨੀਤੀ_ ਨੂੰ ਸ੍ਰੀ ਹਰੀ ਰਾਮ ਗੁਪਤਾ ਅਤੇ ਡਾਕਟਰ ਗੰਡਾ ਸਿੰਘ ਨੇ ਗੁਰੂ ਜੀ ਦੀ ਸ਼ਹੀਦੀ ਦਾ ਅਸਲੀ ਕਾਰਨ ਦੱਸਿਆ ਸੀ ਉਸ ਨੂੰ ਸਿੱਧੂ ਜੀ ਨੇ ਸਮਕਾਲੀ ਲਿਖਤਾਂ ਤੇ ਸ਼ੇਖ ਅਹਿਮਦ ਸਰਹੰਦੀ ਦੇ ਪੱਤਰਾਂ ਤੇ ਜਹਾਂਗੀਰ ਦੀ ਆਤਮ-ਕਥਾ ਤੁਜ਼ਕਿ-ਜਹਾਂਗੀਰੀ ਦੇ ਹਵਾਲਿਆਂ ਸਹਿਤ ਪੂਰਨ ਵਿਆਖਿਆ ਕਰਕੇ ਉਪ੍ਰੋਕਤ ਲਿਖਾਰੀਆਂ ਦੇ ਕਥਨ ਦੀ ਭਰਪੂਰ ਪੁਸ਼ਟੀ ਕਰ ਦਿੱਤੀ ਹੈ ।

ਗੁਰੂ ਜੀ ਦੀ ਸ਼ਹੀਦੀ ਦੀ ਪ੍ਰਚੱਲਿਤ ਲੋਕ-ਗਾਥਾ ਚੰਦੂ ਦੀ ਲੜਕੀ ਦੇ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਨਾਲ ਉਲਝੇ ਰਿਸ਼ਤੇ ਦੁਆਲੇ ਘੁੰਮਦੀ ਹੈ । ਵਿਦਵਾਨ ਲਿਖਾਰੀ ਨੇ ਇਸ ਪ੍ਰਚੱਲਿਤ ਕਥਾ ਨੂੰ ਸਵੀਕਾਰ ਨਹੀਂ ਕੀਤਾ ਕਿਉਂਕਿ ਇਸ ਕਹਾਣੀ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਪ੍ਰੀਵਾਰਿਕ ਬਦਲਾ-ਲਊ ਵਿਵਹਾਰ ਤੇ ਈਰਖਾ ਤੋਂ ਵੱਧ ਕੁੱਝ ਵੀ ਸਿੱਧ ਨਹੀਂ ਹੁੰਦੀ ਅਤੇ ਨਾਂ ਹੀ ਸਿੱਖ ਇਤਿਹਾਸ ਲਈ ਪ੍ਰੇਰਨਾ-ਸ੍ਰੋਤ ਬਣਦੀ ਹੈ । ਇਹ ਤੱਥ ਵੀ ਅੱਖੋਂ ਉਹਲੇ ਨਹੀਂ ਹੋਣਾ ਚਾਹੀਦਾ ਕਿ ਕਿਸੇ ਵੀ ਸਮਕਾਲੀ ਜਾਂ ਅਰਧ-ਸਮਕਾਲੀ ਪੁਸਤਕ ਵਿੱਚ ਚੰਦੂ ਨਾਮ ਦੇ ਕਿਸੇ ਰਸੂਖ ਵਾਲੇ ਸਰਕਾਰੀ ਅਫ਼ਸਰ ਦਾ ਨਾਮ ਨਹੀਂ ਆਉਂਦਾ । ਜੇ ਕਰ ਚੰਦੂ ਉਸ ਵੇਲੇ ਕੋਈ ਬਾਰਸੂਖ ਅਫ਼ਸਰ ਹੁੰਦਾ(ਜੋ ਕਿ ਜਹਾਂਗੀਰ ਦੇ ਪਿੱਛਾ-ਖਿੱਚੂ ਪ੍ਰਸ਼ਾਸਨ ਵਿੱਚ ਸੰਭਵ ਹੀ ਨਹੀਂ ਸੀ) ਤਾਂ ਇਤਿਹਾਸ ਦੀਆਂ ਪੁਸਤਕਾਂ ਵਿੱਚ ਕਿਧਰੇ ਨਾ ਕਿਧਰੇ ਉਸ ਦਾ ਨਾਮ ਜ਼ਰੂਰ ਲਿਖਿਆ ਹੁੰਦਾ । ਵਿਦਵਾਨ ਲਿਖਾਰੀ ਨੇ ਜੋ ਭਰਪੂਰ ਸਮਗਰੀ ਇਸ ਪੁਸਤਕ ਵਿੱਚ ਇਕੱਤਰ ਕਰ ਦਿੱਤੀ ਹੈ ਉਸ ਦੇ ਹੁੰਦਿਆਂ ਚੰਦੂ ਵਾਲੀ ਕਥਾ ਸੁਤੇ ਸਿੱਧ ਹੀ ਨਿਰਮੂਲ਼ ਤੇ ਕਲਪਤ ਦਿਸਣ ਲੱਗ ਪੈਂਦੀ ਹੈ ।

ਸਿੱਧੂ ਜੀ ਨੇ ਸ਼ਹਿਨਸ਼ਾਹ ਅਕਬਰ ਦੇ ਸਿੱਖ ਗੁਰੂਆਂ ਨਾਲ ਮਿੱਤਰਤਾ ਤੇ ਸ਼ਰਧਾ-ਭਰਪੂਰ ਸਬੰਧਾਂ ਦਾ ਜ਼ਿਕਰ ਕੀਤਾ ਹੈ । ਅਕਬਰ ਦਾ ਸੰਨ ੧੫੯੮ ਈਸਵੀ ਵਿੱਚ ਸਤਿਗੁਰਾਂ ਨੂੰ ਮਿਲਣ ਲਈ ਗੋਇੰਦਵਾਲ ਜਾਣਾ, ਉਨ੍ਹਾਂ ਦੇ ਕਹਿਣ ਤੇ ਪੰਜਾਬ ਦਾ ਮੁਆਮਲਾ ਮੁਆਫ਼ ਕਰਨਾ ਤੇ ਆਪਣੇ ਭਟਕਦੇ ਮਨ ਦੀ ਸ਼ਾਂਤੀ ਲਈ ਗੁਰੂ ਜੀ ਪਾਸ ਜੋਦੜੀ ਕਰਨਾ ਦਸਦਾ ਹੈ ਕਿ ਸ਼ਹਿਨਸ਼ਾਹ ਨੂੰ ਗੁਰੂ ਜੀ ਪ੍ਰਤੀ ਕਿੰਨੀ ਸ਼ਰਧਾ ਤੇ ਸਤਿਕਾਰ ਸੀ । ਉਸ ਦੀ ਸਹਿਨਸ਼ੀਲ ਨੀਤੀ ਤੇ ਵਿਸ਼ੇਸ਼ ਕਰਕੇ ਅੰਤਰ-ਧਾਰਮਿਕ ਗੋਸ਼ਟੀਆਂ,ਜਿਨ੍ਹਾਂ ਦਾ ਪ੍ਰਬੰਧ ਉਹ ਆਪਣੇ ਇਬਾਦਤ-ਖ਼ਾਨੇ ਵਿੱਚ ਕਰਵਾਇਆ ਕਰਦਾ ਸੀ,ਉਸਦੀ ਅੰਤ੍ਰੀਵ ਧਾਰਮੁਕਤਾ ਦੇ ਪ੍ਰਤੀਕ ਹਨ ਤੇ ਇਹੋ ਪ੍ਰਭਾਵ ਛੱਡਦੇ ਹਨ ਕਿ ਉਸ ਨੂੰ ਹਰ ਧਰਮ ਦੇ ਉੱਤਮ ਅਸੂਲਾਂ ਨੂੰ ਜਾਨਣ ਤੇ ਸਮਝਣ ਦੀ ਪਰਬਲ ਇੱਛਾ ਰਹਿੰਦੀ ਸੀ । ਇਸ ਤੋਂ ਇਲਾਵਾ ਉਸ ਦੀਆਂ ਆਪਣੀਆਂ ਤੇ ਉਸ ਦੇ ਉਤਰਾ-

---

[1] ਇਹ ਬਾਦਸ਼ਾਹ ਅਕਬਰ ਦਾ ਪੁੱਤਰ ਸੀ। ਇਸ ਦਾ ਅਸਲੀ ਨਾਮ ਸਲੀਮ ਸੀ । ਇਸਦੀ ਮਾਤਾ ਬਿਹਾਰੀ ਮੱਲ ਕਛਵਾਹੇ ਦੀ ਲੜਕੀ ਮਰੀਅਮ ਜਮਾਨੀ ਸੀ । ਇਹ ਸਨ ੧੫੬੯ ਵਿਚ ਪੈਦਾ ਹੋਇਆ,੧੬੦੫ ਨੂੰ ਦਿਲੀ ਦੇ ਤਖਤ ਤੇ ਬੈਠਾ ਅਤੇ ੨੮ ਅਕਤੂਬਰ ਸਨ ੧੬੨੭ ਨੂੰ ਕਸ਼ਮੀਰਤੋਂ ਵਾਪਸ ਆਉਂਦਾ ਹੋਇਆ ਮਰ ਗਿਆ। ਇਸ ਦਾ ਮਕਬਰਾ ਸ਼ਾਹਦਰਾ (ਲਾਹੌਰ- ਪਾਕਸਤਾਨ) ਵਿਚ ਹੈ ।

ਅਧਿਕਾਰੀਆਂ ਦੀਆਂ ਅਨੁਮਤੀ ਘਰਾਣਿਆਂ ਵਿੱਚ ਕੀਤੀਆਂ ਸ਼ਾਦੀਆਂ-ਭਾਵੇਂ ਕਈ ਹਾਲਤਾਂ ਵਿੱਚ ਇਹ ਸਿਆਸੀ ਨੀਤੀਆਂ ਅਧੀਨ ਹੋਈਆਂ- ਇਹੋ ਸਿੱਧ ਕਰਦੀਆਂ ਹਨ ਕਿ ਦੂਜੇ ਧਰਮਾਂ ਦੇ ਲੋਕਾਂ ਨਾਲ ਉਸ ਦਾ ਵਿਵਹਾਰ ਕੇਵਲ ਵਖਾਵਾ ਨਹੀਂ ਸੀ । ਪ੍ਰੰਤੂ ਸ਼ਾਂਤੀ ਸਹਿਯੋਗ ਤੇ ਮਿਲਵਰਤਣ ਦੀ ਇਹ ਨੀਤੀ ਕੱਟੜ-ਪੰਥੀ ਮੁਲਾਣਿਆਂ ਦੀਆਂ ਅੱਖਾਂ ਵਿੱਚ ਬੇਹੱਦ ਰੜਕਦੀ ਸੀ ਤੇ ਉਹ ਇਸ ਨੀਤੀ ਨੂੰ ਬਦਲਣ ਲਈ ਲੂਹਰੀਆਂ ਲੈ ਰਹੇ ਸਨ ।

ਸ਼ਹਿਨਸ਼ਾਹ ਅਕਬਰ ਦੀਆਂ ਉਪ੍ਰੋਕਤ ਨੀਤੀਆਂ ਦੀ ਵਿਰੋਧਤਾ ਦਾ ਬੀੜਾ ਸਰਹੰਦ ਦੇ ਮੁਜੱਦਦ ਸ਼ੇਖ ਅਹਿਮਦ ਨੇ ਚੁੱਕਿਆ ਸੀ । ਉਸ ਨੇ ਖੁਲ੍ਹਮਖੁਲ੍ਹਾ ਅਕਬਰ ਦੀਆਂ ਨੀਤੀਆਂ ਦੀ ਵਿਰੋਧਤਾ ਕਰਦਿਆਂ ਇਸਲਾਮ ਨੂੰ ਪੁਨਰ-ਸੁਰਜੀਤ ਕਰਨ ਤੇ ਕਾਫ਼ਰਾਂ ਨੂੰ ਅਲਾਉਦੀਨ ਖ਼ਿਲਜੀ ਵਾਂਗ ਕੁਚਲ ਦੇਣ ਤੇ ਬੇਇਜ਼ੱਤ ਕਰਨ ਦਾ ਐਲਾਨ ਕਰ ਦਿੱਤਾ । ਇੱਕ ਵਿਸ਼ਵਾਸ਼ ਪਾਤਰ ਚੇਲੇ ਸ਼ੇਖ ਫ਼ਰੀਦ ਰਾਹੀਂ ਉਸਨੇ ਜਹਾਂਗੀਰ ਤੱਕ ਰਸਾਈ ਪ੍ਰਾਪਤ ਕਰ ਲਈ ਤੇ ਰਾਜ-ਗੱਦੀ ਉੱਪਰ ਬੈਠਾਉਣ ਦਾ ਝਾਂਸਾ ਦੇ ਕੇ ਇਹ ਪਰਣ ਮੰਗਿਆ ਕਿ ਉਹ ਇਸਲਾਮ ਦੀ ਬ੍ਰਿਧੀ ਤੇ ਹਿੰਦੂ ਸੰਘਾਰ ਦੀ ਨੀਤੀ ਤੇ ਅਮਲ ਕਰ ਕੇ ਇਸਲਾਮ ਨੂੰ ਚੜ੍ਹਦੀਆਂ ਕਲਾਂ ਵਿੱਚ ਲੈ ਜਾਵੇਗਾ । ਕਿਉਂਕਿ ਉਸ ਵੇਲੇ ਤੱਕ ਜਹਾਂਗੀਰ ਦੇ ਪਿਤਾ ਅਕਬਰ ਦੀ ਉਤ੍ਰਾਅਧਿਕਾਰੀਆਂ ਨੂੰ ਰਾਜ-ਗੱਦੀ ਦੇਣ ਦੀ ਨੀਤੀ ਬਹੁਤੀ ਸਪਸ਼ਟ ਨਹੀਂ ਸੀ ਇਸ ਲਈ ਰਾਜ ਭਾਗ ਸੰਭਾਲਣ ਦੇ ਲਾਲਚ ਅਧੀਨ ਜਹਾਂਗੀਰ ਨੇ ਹਿੱਕ ਦੇ ਧੱਕੇ ਨਾਲ ਇਸਲਾਮ ਫੈਲਾਉਣ ਦਾ ਵਚਨ ਦੇ ਦਿੱਤਾ ।ਉਸ ਨੂੰ ਪਤਾ ਸੀ ਕਿ ਅਕਬਰ ਆਪਣੇ ਪੋਤੇ ਖ਼ੁਸਰੋ ਨੂੰ ਬਹੁਤ ਪਿਆਰ ਕਰਦਾ ਸੀ ਤੇ ਜਹਾਂਗੀਰ ਨਾਲੋਂ ਵਧੇਰੇ ਯੋਗ ਸਮਝਦਾ ਸੀ । ਜਹਾਂਗੀਰ ਦਾ ਇਸ ਤਰ੍ਹਾਂ ਰਾਜ-ਭਾਗ ਕਾਰਨ ਧੱਕੇ ਲਈ ਤਿਆਰ ਹੋਣਾ ਮੁਜਦੱਦ ਦੀਆਂ ਦਰਬਾਰੀਆਂ ਵੱਲ ਲਿਖੀਆਂ ਅਨੇਕਾਂ ਚਿੱਠੀਆਂ ਤੋਂ ਸਪਸ਼ਟ ਹੈ ਜਿਹੜੀਆਂ ਕਿ 'ਮਕਤੂਬਾਤਿ ਅਮਾਮ ਰੱਬਾਨੀ' ਵਿੱਚ ਦਰਜ਼ ਹਨ ।ਇਸ ਗੱਲ ਦੀ ਪੁਸ਼ਟੀ ਜੇ. ਹੇਅਰਜ਼ ਅਤੇ ਵਿਨਸੈਂਟ ਸਮਿੱਥ ਵਰਗੇ ਇਤਿਹਾਸਕਾਰਾਂ ਨੇ ਵੀ ਕੀਤੀ ਹੈ । ਇਸੇ ਨੀਤੀ ਅਧੀਨ ਜਹਾਂਗੀਰ ਨੇ ਖੁਲ੍ਹਮਖੁਲ੍ਹਾ ਇਹ ਖ਼ਿਆਲ ਪਰਗਟ ਕੀਤਾ ਕਿ ਉਹ ਗੁਰੂ ਅਰਜਨ ਦੇਵ ਜੀ ਦੀ "ਝੂਠ ਦੀ ਦੁਕਾਨ" ਨੂੰ ਸਦਾ ਲਈ ਬੰਦ ਕਰ ਦੇਵੇਗਾ ਤੇ ਗੁਰੂ ਜੀ ਨੂੰ ਮੁਸਲਮਾਨ ਬਣਾਵੇਗਾ ।

ਵਿਦਵਾਨ ਲੇਖਕ ਨੇ ਅਖਾਉਤੀ ਇਸਲਾਮ ਰਖਿਅਕ ਜਹਾਂਗੀਰ ਦੇ ਦੋਗਲੇ ਸੁਭਾ ਨੂੰ ਬਹੁਤ ਚੰਗੀ ਤਰ੍ਹਾਂ ਨੰਗਾ ਕੀਤਾ ਹੈ । ਜਹਾਂਗੀਰ ਆਪ ਭਾਵੇਂ ਸਾਰੀ ਉਮਰ ਸ਼ਰਾਬ ਪੀਂਦਾ ਰਿਹਾ ਪਰ ਕਟੱੜ ਮੁਲਾਣਿਆ ਦੇ ਜ਼ੋਰ ਪਾਉਣ ਤੇ ਸ਼ਰਾਬ ਕਸ਼ੀਦਣ, ਪੀਣ ਤੇ ਵੇਚਣ ਉੱਪਰ ਸਖ਼ਤ ਪਾਬੰਦੀਆਂ ਲਾਈ ਰੱਖੀਆਂ ਕਿਉਂਕਿ ਸ਼ਰਾਬ ਪੀਣੀ ਇਸਲਾਮ ਵਿੱਚ ਹਰਾਮ ਹੈ । ਭਾਵੇਂ ਉਸ ਨੇ ਦੁਖੀਆਂ ਦੀਆਂ ਸ਼ਕਾਇਅਤਾਂ ਸੁਨਣ ਤੇ ਇਨਸਾਫ਼ ਕਰਨ ਲਈ ਇੱਕ ਜ਼ੰਜੀਰ ਨਾਲ ਸੋਨੇ ਦੀਆਂ ਘੰਟੀਆਂ ਬੰਨ੍ਹ ਰੱਖੀਆਂ ਸਨ ਜਿਨ੍ਹਾਂ ਦੀ ਚਰਚਾ ਅੱਜ ਤੱਕ ਹੋ ਰਹੀ ਹੈ ਪਰ ਅਕਸਰ ਉਹ ਅਨਿਆਂ ਹੀ ਕਰਦਾ ਰਿਹਾ ਅਤੇ ਮਨ ਆਈਆਂ ਸਜ਼ਾਵਾਂ ਦਿੰਦਾ ਰਿਹਾ । ਇਨ੍ਹਾਂ ਗੱਲਾਂ ਦੀ ਕਲੀ ਵਿਦਵਾਨ ਲਿਖਾਰੀ ਨੇ ਜਹਾਂਗੀਰ ਦੀ ਆਪਣੀ ਲਿਖੀ ਆਤਮ-ਕਥਾ ਤੁਜ਼ਕੇ ਜਹਾਂਗੀਰੀ ਵਿਚੋਂ ਉਧਾਰਣਾਂ ਦੇ ਕੇ ਖ਼ੂਬ ਖੋਲ੍ਹੀ ਹੈ ।

ਜਹਾਂਗੀਰ ਦੀ ਹਿੰਦੂ ਮਾਰ ਨੀਤੀ ਦਾ ਵੱਡਾ ਸਮਰਥਕ ਮੁਜੱਦਦ ਦਾ ਆਗਿਆਕਾਰੀ ਚੇਲਾ ਸ਼ੇਖ ਫ਼ਰੀਦ ਸੀ ਜਿਸਨੂੰ ਮੁਰਤਜ਼ਾ ਖਾਂ ਦੀ ਉਪਾਧੀ ਬਖ਼ਸ਼ੀ ਗਈ ਸੀ ਤੇ ਸ਼ਾਹੀ ਦਰਬਾਰ ਵਿੱਚ ਉੱਚੀ ਪਦਵੀ ਤੇ ਨਿਯੁਕਤ ਕੀਤਾ ਗਿਆ ਸੀ । ਇਸ ਨੇ ਗੁਰੂ ਜੀ ਵਿਰੁੱਧ ਕਾਰਵਾਈ ਕਰਨ ਲਈ ਜਹਾਂਗੀਰ ਦੇ ਕੰਨ ਭਰੇ ਕਿਉਂਕਿ ਅਨੇਕਾਂ ਹਿੰਦੂਆਂ ਦੇ ਮੁਸਲਮਾਨ ਬਣ ਜਾਣ ਦੇ ਰਾਹ ਵਿੱਚ ਕੇਵਲ ਗੁਰੂ ਜੀ ਹੀ ਇੱਕ ਰੁਕਾਵਟ ਸਨ । ਉਸ ਨੇ ਇੱਕ ਮਨ-ਘੜਤ ਕਹਾਣੀ ਘੜ ਲਈ ਕਿ ਗੁਰੂ ਜੀ ਨੇ ਗੋਇੰਦਵਾਲ ਵਿਖੇ ਰਾਜ-ਕੁਮਾਰ ਖ਼ੁਸਰੋ ਦੇ ਮੱਥੇ ਉੱਪਰ ਟਿੱਕਾ ਲਾਇਆ ਤੇ ਉਸ ਦੀ ਵਿਜੈ ਦੀ ਕਾਮਨਾ ਕੀਤੀ । ਅਸਲੀਅਤ ਇਹ ਹੈ ਕਿ ਸਿੱਖ ਗੁਰੂਆਂ ਨੇ ਉਸ ਤੋਂ ਪਿਹਿਲਾਂ ਜਾਂ ਪਿੱਛੋਂ ਕਦੇ ਵੀ ਕਿਸੇ ਦੇ ਮੱਥੇ ਉਪਰ ਟਿੱਕਾ ਨਹੀਂ ਲਾਇਆ ਜਿਸ ਤੋਂ ਇਸ ਦੋਸ਼ ਦੀ ਪ੍ਰੌੜ੍ਹਤਾ ਹੋ ਸਕੇ । ਪ੍ਰੰਤੂ ਤੁਅਸਬੀ ਜਹਾਂਗੀਰ ਲਈ ਗੁਰੂ ਜੀ ਨਾਲ ਸਿੱਝਣ ਦਾ ਇਹ ਇੱਕ ਚੰਗਾ ਬਹਾਨਾ ਸੀ ਤੇ ਉਸ ਨੇ ਤੁਰਤ ਗੁਰੂ ਜੀ ਦੀ ਗ੍ਰਿਫ਼ਤਾਰੀ ਕਰਵਾ ਕੇ ਯਾਸਾ ਦੇ ਅਧੀਨ ਸਖ਼ਤ ਸਜ਼ਾ ਦਾ ਹੁਕਮ ਜਾਰੀ ਕਰ ਕੇ ਗੁਰੂ ਜੀ ਨੂੰ ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿੱਤਾ । ਜਿਵੇਂ ਕਿ ਤੁਅਸਬੀ ਤੇ ਈਰਖਾਲੂ ਧੱਕੜ ਅਕਸਰ ਕਰਿਆ ਕਰਦੇ ਹਨ ਗੁਰੂ ਜੀ ਨੂੰ ਕਈ ਦਿਨ ਅਨੇਕਾਂ ਪ੍ਰਕਾਰ ਦੇ ਤਸੀਹੇ ਦਿੱਤੇ ਗਏ । ਇੱਕ ਮੁਸਲਮਾਨ ਲਿਖਾਰੀ

ਅਨੁਸਾਰ ਆਪ ਨੂੰ ਸਿਖਰ ਦੁਪਹਿਰੇ ਦਰਿਆ ਰਾਵੀ ਦੀ ਤਪਦੀ ਬ੍ਰੇਤੀ ਵਿੱਚ ਲਿਆ ਕੇ ਸੁੱਟ ਦਿੱਤਾ ਗਿਆ । ਆਪ ਦੀ ਸ਼ਹੀਦੀ ਉਪ੍ਰੰਤ ਮੁਜੱਦਦ ਨੇ ਲਿਖਿਆ " ਇਹ ਬੜੀ ਮਾਰ੍ਹਕੇ ਦੀ ਪ੍ਰਾਪਤੀ ਸੀ"।

ਮੈਂ ਆਪਣੇ ਮਿੱਤਰ ਸਰਦਾਰ ਗੁਰਬਚਨ ਸਿੰਘ ਜੀ ਦੀ ਇਸ ਮੌਲਿਕ ਖੋਜ ਉੱਪਰ ਉਨ੍ਹਾਂ ਨੂੰ ਇਸ ਗੱਲ ਦੀ ਵਧਾਈ ਪੇਸ਼ ਕਰਦਾ ਹਾਂ ਕਿ ਉਨ੍ਹਾਂ ਨੇ ਅੱਜ ਤੱਕ ਨਾ ਵਾਚੀਆਂ ਗਈਆਂ ਸਮਕਾਲੀ ਪੁਸਤਕਾਂ ਦੇ ਹਵਾਲੇ ਪਾਠਕਾਂ ਦੇ ਦ੍ਰਿਸ਼ਟੀ-ਗੋਚਰ ਕਰ ਕੇ ਸੱਚ ਨੂੰ ਹਵਾ ਲਵਾਈ ਹੈ । ਆਪ ਨੇ ਦਰਜਾ ਬਦਰਜਾ ਹਵਾਲੇ ਦਿੰਦਿਆਂ ਸਹਿਜੇ ਸਹਿਜੇ ਆਪਣੇ ਪੱਖ ਨੂੰ ਉਘਾੜਿਆ ਹੈ ਤੇ ਬਿਲਾ ਸ਼ੱਕ ਸਿੱਧ ਕਰ ਦਿੱਤਾ ਹੈ ਕਿ ਗੁਰੂ ਜੀ ਦੇ ਕਸ਼ਟਾਂ ਤੇ ਸ਼ਹਾਦਤ ਦਾ ਅਸਲੀ ਮੁਜਰਮ ਮੁਜੱਦਦ ਸੀ ਜਿਸ ਦੀ ਨੀਤੀ ਮੁਸਲਮਾਨ ਬਾਦਸ਼ਾਹਾਂ ਦੀ ਇਸਲਾਮ ਨੂੰ ਪਰਚਾਰਨ ਤੇ ਕੁਫ਼ਰ ਨੂੰ ਦਬਾਉਣ ਦੀ ਮੰਨੀ-ਪ੍ਰਮੰਨੀ ਈਰਖਾਲੂ ਨੀਤੀ ਦਾ ਹੀ ਇੱਕ ਭਾਗ ਸੀ ।

ਸਿੱਖ ਜਗਤ ਨੂੰ ਸਰਦਾਰ ਸਿੱਧੂ ਜੀ ਦਾ ਰਿਣੀ ਹੋਣਾ ਚਾਹੀਦਾ ਹੈ ਕਿ ਆਪ ਨੇ ਇਤਿਹਾਸਿਕ ਤੇ ਮਹੱਤਵਪੂਰਣ ਸ਼ਹਾਦਤ ਨੂੰ ਨਵੇਂ ਤੇ ਅਸਲੀ ਰੰਗ ਵਿੱਚ ਪੇਸ਼ ਕੀਤਾ ਹੈ । ਮੈਂ ਸਰਦਾਰ ਜੀ ਨੂੰ ਰਾਏ ਦਿੰਦਾ ਹਾਂ ਕਿ ਇਸ ਉਤੱਮ ਪੁਸਤਕ ਨੂੰ ਅੰਗ੍ਰੇਜ਼ੀ ਵਿੱਚ ਅਨੁਵਾਦ ਕਰ ਦਿੱਤਾ ਜਾਵੇ ਤਾਂ ਜੋ ਪੱਛਮੀ ਜਗਤ ਵੀ ਇਸ ਅਦੁੱਤੀ ਭੂਤ-ਪੂਰਬ ਕੁਰਬਾਨੀ ਬਾਰੇ ਅਸਲੀਅਤ ਤੋਂ ਜਾਣੂੰ ਹੋ ਸਕੇ । ਮੇਰਾ ਇਹ ਵੀ ਸੁਝਾਉ ਹੈ ਕਿ ਵਿਦਵਾਨ ਲਿਖਾਰੀ ਹੋਰਨਾਂ ਸਿੱਖ ਸ਼ਹੀਦਾਂ ਦੇ ਅਸਲੀ ਇਤਹਿਾਸ ਨੂੰ ਵੀ ਸੋਧ ਦੇਵੇ । ਜਿੰਨਾ ਕੁ ਸਿੱਧੂ ਜੀ ਨੂੰ ਮੈਂ ਜਾਣਦਾ ਹਾਂ, ਮੈਂ ਕਹਿ ਸਕਦਾ ਹਾਂ ਕਿ ਉਨ੍ਹਾਂ ਲਈ ਇਹ ਕੰਮ ਕੋਈ ਔਖਾ ਨਹੀਂ ।

16 ਅਗਸਤ 1981
12 ਦੀ ਡਰਾਈਵ,
ਗੋਲਡਰਜ਼ ਗਰੀਨ
ਲੰਡਨ N.W.16

ਗੋਬਿੰਦ ਸਿੰਘ ਮਨਸੁਖਾਨੀ
M.A PhD.L.L.B
ਡੈਪੁਟੀ ਸੈਕਰੀਟਰੀ (Retired)
ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ-ਇੰਡੀਆ

# ਅਧਿਆਏ ੧

# ਸੰਖੇਪ ਜੀਵਨ ਚਰਿਤਰ

ਸ੍ਰੀ ਗੁਰੂ ਅਰਜਨ ਦੇਵ ਜੀ ਸੰਸਾਰ ਦੇ ਉਨ੍ਹਾਂ ਚੋਣਵੇਂ ਮਹਾਂਪੁਰਸ਼ਾਂ ਵਿਚੋਂ ਹਨ ਜੋ ਧਾਰਮਿਕ ਖੇਤਰ ਵਿੱਚ ਆਪਣੀ ਅਮਿੱਟ ਛਾਪ ਛੱਡ ਗਏ ਹਨ । ਆਪ ਜੀ ਨੇ ਜਗਤ ਜਲੰਦੇ ਨੂੰ ਨਾ ਕੇਵਲ ਜੀਵਨ-ਜੁਗਤੀ ਦੀ ਹੀ ਜਾਂਚ ਦੱਸੀ ਬਲਕਿ ਜੀਵਨ-ਮੁਕਤੀ ਲਈ ਆਪਾ ਵਾਰਨ ਦਾ ਅਦੁੱਤੀ ਢੰਗ ਵੀ ਸਿਖਾਇਆ ।ਆਪ ਉੱਚ ਕੋਟੀ ਦੇ ਦਾਰਸ਼ਨਿਕ, ਸੁਘੜ ਨੀਤੀਵਾਨ, ਮਹਾਨ ਕਵੀ, ਰਾਗ ਦੇ ਪਾਰਖੂ, ਕਲਾ ਨਿਰਮਾਣ ਦੇ ਆਸ਼ਕ ਅਤੇ ਮਿੱਠ ਬੋਲੜੇ ਆਗੂ ਸਨ । ਸਹਿਨਸ਼ੀਲਤਾ, ਸੁਹਿਰਦਤਾ, ਖਿਮਾ ਅਤੇ ਕੋਮਲਤਾ ਦੀ ਮੂਰਤ ਸਨ ।[2] ਆਪ ਦੇ ਇਨ੍ਹਾਂ ਗੁਣਾਂ ਅਤੇ ਆਤਮਿਕ ਅਨੁਭਵ ਦੀ ਗਵਾਹੀ ਬਾਣੀ ਵਿਚੋਂ ਪ੍ਰਤੱਖ ਮਿਲ ਜਾਂਦੀ ਹੈ ।ਆਪ ਜੀ ਦੇ ਸਮਕਾਲੀ ਕਵੀ ਭੱਟ ਮਥਰਾ ਜੀ ਆਪ ਜੀ ਦੀ ਗੁਣ-ਸੰਪਨਤਾ ਬਾਰੇ ਲਿਖਦੇ ਹਨ,

"ਜਗ ਅਉਰੁ ਨ ਜਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥
ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ ਅੰਮ੍ਰਿਤ ਨਾਮੁ ਪੀਅਉ ॥
ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥
**ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ** ॥ ੫ ॥
ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥
ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥
ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥
**ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ** ॥ ੬ ॥" (ਪੰਨਾ ੧੪੦੯)

ਕੌਣ ਜਾਣੇ ਮਥਰੇ ਵਾਂਗ ਭਟਕਦੀਆਂ ਕਿੰਨੀਆਂ ਮਨੁੱਖੀ ਰੂਹਾਂ ਨੂੰ ਆਪ ਜੀ ਦੇ ਮਾਖਿਉਂ ਮਿੱਠੇ ਬਚਨਾਂ ਨਾਲ ਸ਼ਾਂਤੀ ਨਸੀਬ ਹੋਈ ਹੋਵੇਗੀ । ਆਪ ਜੀ ਦਾ ਆਤਮਿਕ ਅਨੁਭਵ ਇੰਨ੍ਹਾ ਪ੍ਰਬਲ ਸੀ ਕਿ ਮਥਰਾ ਜੀ ਆਪ ਨੂੰ ਇਕ ਪਰਮ ਮਨੁੱਖ ਕਹਿ ਲੈਣ ਦੀ ਥਾਂ ਵਾਹਿਗੁਰੂ ਦਾ ਪ੍ਰਤੱਖ ਸਰੂਪ ਹੀ ਮੰਨਦੇ ਸਨ । ਮਥਰਾ ਜੀ ਲਿਖਦੇ ਹਨ

"ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥
**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ॥** (ਪੰਨਾ ੧੪੦੯)

## ੧.੧ ਜਨਮ ਤੇ ਮੁੱਢਲਾ ਜੀਵਨ

---

[2] "His toleration of personal wrong, his humility and patience would have won him love among people of any nation on the earth". (Duncan Greenles 1952)
"….an original thinker,illustrious poet,practical philosopher, great organizer,eminent statesman, shining sage, saint and seer,composer of music,scholar,founder of tanks and towns,embodiment of love,humility and service,and the first martyr to faith. He was a dutiful son, conciliatory brother, loving husband, inspiring father, beloved master and devoted servant of God.He possessed a tender heart but resolute will. He was forgiving but fearless, firm in his faith like a rock, but never a fanatic." (History of the Sikhs Hari Ram Gupta Second edition page 130)

ਆਪ ਜੀ ਦਾ ਜਨਮ ੧੫ ਅਪ੍ਰੈਲ ੧੫੬੩ ਨੂੰ ਗੁਰੂ ਅਮਰ ਦਾਸ ਜੀ ਦੀ ਸਪੁੱਤ੍ਰੀ ਮਾਤਾ ਭਾਨੀ ਜੀ ਦੀ ਕੁਖੋਂ ਗੋਇੰਦਵਾਲ ਵਿਖੇ ਹੋਇਆ । ਆਪ ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ ।[3]ਸੁਭਾ ਦੇ ਮਿੱਠ ਬੋਲੜੇ, ਮਿਲਣਸਾਰ ਅਤੇ ਧਾਰਮਿਕ ਰੁਚੀਆਂ ਵਾਲੇ ਹੋਣ ਕਾਰਨ ਸਾਰੀ ਸਿੱਖ ਸੰਗਤ ਵਿੱਚ ਪਿਆਰੇ ਜਾਂਦੇ ਸਨ । ਮੁੱਢ ਤੋਂ ਹੀ ਕਵਿਤਾ ਲਿੱਖਣ ਦਾ ਸ਼ੌਕ ਸੀ ਜੋ ਕਿ ਹੋਰਨਾਂ ਸਿਫਤਾਂ ਦੇ ਨਾਲ ਨਾਲ ਆਪ ਜੀ ਨੂੰ ਆਪ ਜੀ ਦੇ ਦੂਜੇ ਭਰਾਵਾਂ (ਪ੍ਰਿਥੀ ਚੰਦ ਅਤੇ ਮਹਾਂ ਦੇਵ ਜੀ) ਨਾਲੋਂ ਵਖਰਿਉਂਦਾ ਸੀ । ਭੱਟ ਕਲ੍ਹ ਜੀ ਅਨੁਸਾਰ ਗੁਰੂ ਅਰਜਨ ਦੇਵ ਜੀ ਜਨਮ ਸਮੇਂ ਤੋਂ ਹੀ ਨਾਨਾ ਗੁਰੂ ਅਮਰਦਾਸ ਅਤੇ ਪਿਤਾ ਗੁਰੂ ਰਾਮ ਦਾਸ ਜੀ ਪਾਸੋਂ ਬ੍ਰਹਮ ਵਿੱਦਿਆ ਵਿੱਚ ਪ੍ਰਵੀਣਤਾ ਪ੍ਰਾਪਤ ਚੁੱਕੇ ਸਨ ।

**"ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥ ਕਲ੍ਯ ਜੋੜਿ ਕਰ ਸੁਜਸੁ ਵਖਾਣਿਓ ॥"** (ਪੰਨਾ ੧੪੦੭)

ਇਸ ਅੰਤ੍ਰੀਵ ਆਤਮਿਕ ਰੰਗਣ ਦਾ ਪ੍ਰਤੱਖ ਪ੍ਰਮਾਣ ਆਪ ਜੀ ਵਲੋਂ ਲਿਖੀ ਬਾਣੀ "ਸ਼ਬਦ ਹਜ਼ਾਰੇ" ਵਿੱਚੋਂ ਹੀ ਮਿਲ ਜਾਂਦਾ ਹੈ ਜੋ ਆਪ ਜੀ ਨੇ ੧੭ ਸਾਲ ਦੀ ਛੋਟੀ ਉਮਰ ਵਿੱਚ ਹੀ ਲਿਖ ਲਈ ਸੀ । ਆਪ ਜੀ ਦੇ ਗੁਣਾਂ ਕਾਰਨ ਆਪ ਜੀ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਜੀ ਆਪ ਜੀ ਨਾਲ ਬੇਹੱਦ ਈਰਖਾ ਕਰਦੇ ਸਨ । ਦੋਹਾਂ ਦੇ ਰਵਈਏ ਅਤੇ ਦ੍ਰਿਸ਼ਟੀਕੋਨ ਵਿੱਚ ਜ਼ਮੀਨ ਆਸਮਾਨ ਦਾ ਫ਼ਰਕ ਸੀ । ਅਰਜਨ ਦੇਵ ਨਿਸ਼ਕਾਮ ਅਤੇ ਸਰਲ ਸੁਭਾ ਵਾਲੇ ਸਨ ਪ੍ਰੰਤੂ ਪ੍ਰਿਥੀ ਚੰਦ ਵੱਡੇ ਹੋਣ ਕਰਕੇ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਅਤੇ ਗਿਅਨੀ ਸਮਝਦੇ ਸਨ ਤੇ ਵੇਲੇ ਕੁਵੇਲੇ ਸੰਗਤਾਂ ਵਲੋਂ ਆਈ ਮਾਇਆ ਵਿਚ ਹੇਰਾ ਫੇਰੀ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ ਸਨ ।

## ੧.੨ ਗੁਰ ਗੱਦੀ

ਅਗਸਤ ੧੫੮੧ ਨੂੰ ਆਪਣੀ ਜੀਵਨ-ਲੀਲਾ ਦਾ ਅੰਤ ਨੇੜੇ ਜਾਣ ਕੇ ਸਤਿਗੁਰੂ ਰਾਮ ਦਾਸ ਜੀ ਨੇ ਅੰਮ੍ਰਿਤਸਰ ਸ੍ਰੋਵਰ ਦੀ ਉਸਾਰੀ ਦਾ ਅਤੇ ਮਾਇਆ ਦੇ ਹਿਸਾਬ ਕਿਤਾਬ ਦਾ ਸਾਰਾ ਕੰਮ ਅਰਜਨ ਦੇਵ ਜੀ ਜ਼ਿੰਮੇਂ ਕਰ ਦਿੱਤਾ ਜਿਸ ਨਾਲ ਪ੍ਰਿਥੀ ਚੰਦ ਜੀ ਹੋਰ ਵੀ ਭਖ ਗਏ ਅਤੇ ਅਬਾ ਤਬਾ ਬੋਲੇ ।ਪਿਤਾ ਗੁਰੂ ਜੀ ਨਾਲ ਖਹਿਬੜ ਪਏ ਪਰ ਗੁਰੂ ਰਾਮਦਾਸ ਜੀ ਨੇ ਪਿਆਰ ਨਾਲ ਸਮਝਾਇਆ ।

**"ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ੧ ॥ ਰਹਾਉ ॥ ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥ ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥ ੧ ॥ ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥"** ( ਪੰਨਾ ੧੨੦੦)[4]

ਮਸੰਦਾਂ ਨੂੰ ਤਾਂ ਮਿਲਦੇ ਹੀ ਸਨ ਉਨ੍ਹਾਂ ਦੀ ਰਾਹੀਂ ਸਾਰੇ ਕੰਮ ਉਪਰ ਮੱਲੋਜੋਰੀ ਕਬਜ਼ਾ ਕਰ ਲਿਆ ਅਤੇ ਗੁਰੂ ਕੇ ਲੰਗਰ ਵਿੱਚ ਰਸਦ ਜਾਣੀ ਬੰਦ ਕਰਵਾ ਦਿੱਤੀ । ਗੁਰੂ ਰਾਮ ਦਾਸ ਜੀ ਅਰਜਨ ਦੇਵ ਜੀ ਨੂੰ ਨਾਲ ਲੈਕੇ ਗੋਇੰਦਵਾਲ ਚਲੇ ਗਏ । ੧ ਸਤੰਬਰ ੧੫੮੧ ਨੂੰ ਸਾਰੀ ਸੰਗਤ ਦੇ ਸਾਹਮਣੇ ਗੁਰਿਆਈ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ ਅਤੇ ਜੋਤੀ ਜੋਤ ਸਮਾ ਗਏ ।[5] ਇਸ ਵੇਲੇ ਅਰਜਨ ਦੇਵ ਜੀ ਦੀ ਉਮਰ ਕੇਵਲ ੧੮ ਸਾਲ ੪ ਮਹੀਨੇ ਸੀ ।[6] ਰਿਸ਼ਤੇਦਾਰਾਂ ਅਤੇ ਸੰਗਤਾਂ ਵਲੋਂ

---

[3] ਪਿਰਥੀ ਚੰਦ (੧੫੫੭), ਮਹਾਂਦੇਵ (੧੫੬੦) ਅਤੇ ਅਰਜਨ ਦੇਵ (੧੫੬੩) । ਮਹਾਂਦੇਵ ਜੀ ਦੁਨਿਆਵੀ ਕੰਮਾਂ ਵਿਚ ਪੈਣਾ ਪਸੰਦ ਨਹੀਂ ਕਰਦੇ ਸਨ ਇਸ ਲਈ ਤਪ ਸਾਧਣ ਲਈ ਜੰਗਲਾਂ ਵਿਚ ਚਲੇ ਗਏ ।

[4] "ਮਾਂ ਪਿਉ ਪਰਹਰ ਪੜ੍ਹੇ ਵੇਦ, ਭੇਦ ਨਾ ਜਾਣੇ ਕਥਾ ਜਹਾਣੀ" (ਭਾਈ ਗੁਰਦਾਸ)

[5] ਦਬਿਸਤਾਨ-ਏ-ਮਜ਼ਾਹਬ ਦਾ ਕਰਤਾ ਲਿਖਦਾ ਹੈ ਕਿ ਪ੍ਰਿਥੀਚੰਦ ਨੇ ਖਬਰ ਉਡਾ ਦਿੱਤੀ ਸੀ ਕਿ ਅਰਜਨ ਦੇਵ ਨੇ ਗੁਰੂ ਰਾਮ ਦਾਸ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਹੈ ।

[6] Now appeared on the scene a man who was born poet, practical philosopher, a powerful organizer and a great statesman." (G.C.Narang 1972)

ਗੁਰਿਆਈ ਦੀ ਪੱਗ ਦੇਣ ਵੇਲੇ ਪ੍ਰਿਥੀ ਚੰਦ ਜੀ ਵੀ ਆ ਧਮਕੇ ਅਤੇ ਮਸੰਦਾਂ ਦੇ ਜ਼ੋਰ ਅਤੇ ਵੱਡਾ ਪੁੱਤਰ ਹੋਣ ਦੇ ਨਾਤੇ ਗੁਰਿਆਈ ਦੀ ਦਾਅਵੇਦਾਰੀ ਪੇਸ਼ ਕਰ ਦਿੱਤੀ । ਇਕੱਠੀ ਹੋਈ ਸੰਗਤ ਨੇ ਗੁਰੂ ਰਾਮ ਦਾਸ ਜੀ ਦਾ ਹੁਕਮ ਪਾਲਦਿਆਂ ਗੁਰ ਗੱਦੀ ਅਰਜਨ ਦੇਵ ਜੀ ਨੂੰ ਦੇ ਦਿੱਤੀ ਅਤੇ ਪ੍ਰਵਾਰ ਦਾ ਵੱਡਾ ਮੈਮਬਰ ਹੋਣ ਦੇ ਨਾਤੇ ਮਰਨੇ ਦੀ ਪੱਗ ਪ੍ਰਿਥੀ ਚੰਦ ਨੂੰ ਦੇ ਦਿੱਤੀ ।

"ਮਰਨੇ ਦੀ ਪੱਗ ਪ੍ਰਿਥੀਏ ਬੱਧੀ ॥ ਗੁਰਿਅਈ ਦੀ ਪੱਗ ਅਰਜਣ ਲੱਧੀ ॥" (ਬੰਸਾਵਲੀ ਨਾਮਾ)

## ੧.੩ ਤੀਰਥ ਅਸਥਾਨ ਦੀ ਸੇਵਾ ਅਤੇ ਧਰਮ ਪੁਸਤਕ ਦੀ ਲੋੜ

ਥੋੜਾ ਸਮਾਂ ਗੋਇੰਦਵਾਲ ਬਿਤਾ ਕੇ ਗੁਰੂ ਅਰਜਨ ਦੇਵ ਜੀ ਮੁੜ ਅੰਮ੍ਰਿਤਸਰ ਆ ਗਏ ਅਤੇ ਰੋਜ਼ਾਨਾ ਕਥਾ ਕੀਰਤਨ ਅਤੇ ਲੰਗਰ ਦੀ ਪਰਕਿਰਆ ਆਰੰਭ ਕੀਤੀ ਪ੍ਰਤੂੰ ਪ੍ਰਿਥੀਏ ਨੇ ਵਾਹ ਨਾ ਚੱਲਣ ਦਿੱਤੀ । ਗੁਰੂ ਜੀ ਥੋੜੇ ਸਮੇਂ ਲਈ ਅੰਮ੍ਰਿਤ ਸ੍ਰੋਵਰ ਦੀ ਸੇਵਾ ਵਿੱਚੇ ਛੱਡ ਕੇ ਸ਼ਹਿਰੋਂ ਬਾਹਰ ਸੰਤੋਖਸਰ ਦੀ ਸੇਵਾ[7] ਕਰਨ ਜਾ ਲੱਗੇ ਜਿਸ ਕਰਕੇ ਸੰਗਤ ਅੰਮ੍ਰਿਤ ਸ੍ਰੋਵਰ ਵਲੋਂ ਹਟ ਕੇ ਸੰਤੋਖਸਰ ਵੱਲ ਜਾਣ ਲੱਗ ਪਈ ਅਤੇ ਪ੍ਰਿਥੀ ਚੰਦ ਇਕੱਲਾ ਰਹਿ ਗਿਆ । ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਵਲੋਂ ਵੀ ਪਿਰਥੀਏ ਦੀਆਂ ਚਾਲਾਂ ਨੂੰ ਨਾਕਾਮ ਕਰਨ ਲਈ ਭਰਪੂਰ ਯਤਨ ਆਰੰਭ ਕਰ ਦਿੱਤੇ ਗਏ । ਨਤੀਜਾ ਇਹ ਹੋਇਆ ਕਿ ਗੁਰੂ ਅਰਜਨ ਦੇਵ ਜੀ ਪ੍ਰਤੀ ਸੰਗਤਾਂ ਦੀ ਸ਼ਰਧਾ ਇੰਨੀ ਵਧੀ ਕਿ ਦੂਰ ਦੁਰਾਡਿਓਂ ਸਿੱਖ ਵਹੀਰਾਂ ਘਤ ਕੇ ਆਉਣ ਲਗ ਪਏ ।

**"ਦੇਸ ਬਦੇਸਨ ਤੇ ਅਬ ਲੌਂ ਜਨ ਆਵਤ ਨਾਵਤ ਭਾਵ ਤਪੈ ਹੈਂ॥**
**ਰੈਨ ਦਿਨਸ ਸਤਿ ਸੰਗ ਰਹੈ ਪ੍ਰਭਤਾ ਦਿਨ ਹੀ ਦਿਨ ਚੌਗੁਨ ਹਵੈ ਹੈਂ ॥"** (ਗਿਅਨੀ ਗਿਆਨ ਸਿੰਘ)

**"ਚਾਰੇ ਚੱਕ ਨਿਵਾਇਉਨ ਸਿੱਖ ਸੰਗਤ ਆਵੈ ਅਣਗੱਤਾ ॥**
**ਲੰਗਰ ਚਲੈ ਗੁਰ ਸ਼ਬਦ ਦਾ। ਪੂਰੇ ਪੂਰੀ ਬਣੀ ਬਣੱਤਾ ॥"** (ਭਾਈ ਗੁਰਦਾਸ)

ਮਾਇਆ ਦੀ ਲੋੜ ਪੂਰੀ ਕਰਨ ਲਈ ਗੁਰਸਿੱਖਾਂ ਨੂੰ ਵਪਾਰ ਕਰਨ ਅਤੇ ਸਾਹੂਕਾਰਾ ਕਰਨ ਵੱਲ ਵੀ ਪ੍ਰੇਰਿਆ ਗਿਆ ।[8] ਛੇਤੀ ਹੀ ਪਿਰਥੀ ਚੰਦ ਦਾ ਅਸਰ ਰਸੂਖ ਬਿਲਕੁਲ ਘਟ ਗਿਆ ਅਤੇ ਗੁਰੂ ਜੀ ਅੰਮ੍ਰਿਤ ਸ੍ਰੋਵਰ[9] ਦੀ ਸੇਵਾ ਨਿਸ਼ਚਿੰਤ ਹੋ ਕੇ ਕਰਨ ਲੱਗ ਪਏ । ਅਕਤੂਬਰ ੧੫੮੮ ਵਿਚ ਗੁਰੂ ਜੀ ਨੇ ਅੰਮ੍ਰਿਤ ਸ੍ਰੋਵਰ ਵਿਚਕਾਰ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਆਰੰਭ ਕਰ ਦਿੱਤੀ ।[10] ਸ਼ਹਿਰ ਵਧ ਰਿਹਾ ਸੀ ਜਿਸ ਲਈ ਪਾਣੀ ਦੀ ਬਹੁਤ ਕਿਲੱਤ ਪਰਤੀਤ ਹੋ ਰਹੀ ਸੀ ਜਿਸ ਨੂੰ ਪੂਰਾ ਕਰਨ ਲਈ ਹੋਰ ਸ੍ਰੋਵਰ ਤਿਆਰ ਕਰਵਾਏ ਜਾਣ ਲੱਗ ਪਏ ।

---

[7] ਇਹ ਸੇਵਾ ੧੫੮੮ ਤੱਕ ਚਲਦੀ ਰਹੀ ।

[8] To increase the common wealth Arjan also sent his disciples to foreign countries for the purpose of trade, dealing principally in Turkish horses. (Muhammed Latif Page 21). "It is probable that his transactions as a merchant were extensive although confined to the purchase of horses in Turkistan" (I.B. Bannerjee page 209) See also Dabistan-e-Mazahab Vol.II page 272). ਵਪਾਰ ਦਾ ਇਹ ਕੰਮ ਗੁਰੂ ਹਰਿਗੋਬਿੰਦ ਜੀ ਵੇਲੇ ਵੀ ਚਾਲੂ ਰਿਹਾ । ਸੱਦਾ ਨਾਂ ਦਾ ਇੱਕ ਸਿੱਖ ਗੁਰੂ ਹਰਿਗੋਬਿੰਦ ਜੀ ਲਈ ਤਿੰਨ ਵਧੀਆ ਨਸਲ ਦੇ ਇਰਾਕੀ ਘੋੜੇ ਲਿਅਇਆ ਸੀ ਜਿਨ੍ਹਾਂ ਨੂੰ ਲਾਹੌਰ ਦੇ ਇੱਕ ਅਹਿਲਕਾਰ ਖ਼ਲੀਲ ਬੇਗ ਨੇ ਖੋਹ ਲਿਆ ਸੀ (ਦੇਖੋ Dabistan-e-Mazahab Vol.II page 284). ਗੁਰੂ ਜੀ ਦਾ ਅਨਿਨ ਸੇਵਕ ਭਾਈ ਬਿਧੀ ਚੰਦ ਘੋੜਿਆਂ ਦਾ ਵਡਾ ਪਾਰਖੂ ਅਤੇ ਵਪਾਰੀ ਸੀ ।

[9] ਇਹ ਸ੍ਰੋਵਰ ੫੦੦ ਫੁਟ ਲੰਮਾ ੪੯੦ ਫੁੱਟ ਚੌੜਾ ਅਤੇ ੧੭ ਫੁੱਟ ਡੂੰਘਾ ਹੈ ।

[10] ਕੁਝ ਲੋਕਾਂ ਦਾ ਖਿਆਂਲ ਹੈ ਕਿ ਦਰਬਾਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ (ਸ਼ੇਖ ਮੁਹੰਮਦ ਮੁਈਨ-ਉਲ-ਇਸਲਾਮ) ਤੋਂ ਰਖਵਾਈ ਗਈ । ਅਧੁਨਿਕ ਖੋਜ ਦਸਦੀ ਹੈ ਕਿ ਅਸਲ ਵਿਚ ਨੀਂਹ ਗੁਰੂ ਅਰਜਨ ਦੇਵ ਜੀ ਨੇ ਆਪ ਹੀ ਰੱਖੀ ਸੀ ।(ਪੜ੍ਹੋ ਬੀਬੀ ਮਦਨ ਜੀਤ ਕੌਰ ਦੀ ਪੁਸਤਕ)।ਇਹ ਜ਼ਰੂਰ ਮੰਨਿਆ ਜਾਂਦਾ ਹੈ ਕਿ ਮਿਸਤਰੀ ਨੇ ਗੁਰੂ ਜੀ ਹਥੀਂ ਰੱਖੀ ਹੋਈ ਇੱਟ ਚੁੱਕ ਕੇ ਦੋਬਾਰਾ ਰੱਖੀ ਤਾਂ ਸਾਈਂ ਮੀਆਂ ਮੀਰ ਜੀ

੧੫੮੯ ਵਿੱਚ ਗੁਰੂ ਜੀ ਦੀ ਸ਼ਾਦੀ ਮਉ ਸਾਹਿਬ ਵਿੱਚ ਹੋ ਗਈ । ਇਸ ਵੇਲੇ ਆਪ ਦੀ ਉਮਰ ੨੬ ਸਾਲ ਸੀ । ਅਗਲੇ ਹੀ ਸਾਲ ਆਪ ਜੀ ਨੇ ਤਰਨ ਤਾਰਨ ਦੀ ਉਸਾਰੀ ਆਰੰਭ ਕਰ ਦਿੱਤੀ । ਪਿਰਥੀਏ ਤੇ ਸਰਵਰੀਏ ਮੁਸਲਮਾਨਾਂ ਦੀ ਚੁੱਕ ਤੇ ਨੂਰ ਦੀਨ ਦਾ ਪੁੱਤਰ ਅਮਾਨਤ ਖਾਨ ਗੁਰੂ ਜੀ ਦੇ ਭੱਠਿਆਂ ਤੋਂ ਚੋਰੀ ਇੱਟਾਂ ਚੁਕਵਾ ਕੇ ਲੈ ਗਿਆ[11] ਜਿਸ ਕਰਕੇ ਕੰਮ ਵਿੱਚ ਕਾਫੀ ਸਮਾਂ ਰੁਕਵਟ ਪਈ ਰਹੀ ।

ਇਸ ਵੇਲੇ ਗੁਰੂ ਜੀ ਨੂੰ ਇਹ ਵੀ ਪਤਾ ਚਲਿਆ ਕਿ ਪ੍ਰਿਥੀ ਚੰਦ ਅਤੇ ਉਸ ਦੇ ਸਾਥੀ ਗੁਰਬਾਣੀ ਨੂੰ ਵਿਗਾੜ ਰਹੇ ਹਨ ਅਤੇ ਗੁਰੂ ਨਾਨਕ ਦਾ ਨਾਮ ਵਰਤ ਕੇ ਕੱਚੀ ਬਾਣੀ ਰਚ ਰਹੇ ਹਨ ।[12]

"ਇਕ ਸਿੱਖ ਬੋਲਿਯੋ ਜੋਰਿ ਕਰ ਗੁਰ ਜੀ ਸੁਨ ਲੀਜੈ, ਪ੍ਰਿਥੀਆ ਆਦਿਕ ਅਪਰ ਬਹੁ ਅਨਿਤ ਕਰਮ ਲਖੀਜੈ ॥
ਆਪ ਬਨਾਵਤ ਸ਼ਬਦ ਕੋ ਨਿਜ ਬੁਧ ਅਨੁਸਾਰੀ, ਸ੍ਰੀ ਨਾਨਕ ਕੋ ਨਾਮ ਸ਼ੁਭ ਧਰਿ ਦੇਤ ਮਝਾਰੀ ॥੭॥
ਕੋਈ ਸਕਿਹ ਪਛਾਨਿ ਕਰਿ ਕੋ ਸਕਹਿ ਨਾ ਜਾਨੀ , ਅਲਪ-ਮਤੀ ਆਸ਼ੈ ਗੁਰੂ ਕਿਮ ਸਕਹਿ ਬਖਾਨੀ ॥
ਰਲਿ ਜੇ ਹੈਂ ਇਮ ਸਕਲ ਹੀ ਗੁਰਮਤਿ ਬਿਗਰੈ ਹੈਂ,ਕੋ ਕਿਸ ਬਿਧ ਕੋ ਕਿਸੂ ਬਿਧ ਬਾਣੀ ਉਚਰੈ ਹੈਂ ॥੮॥
ਕਰਹੁ ਯਤਨ ਅਸ ਮਿਲੈ ਨਹਿ ਸੁੰਦਰ ਗੁਰਬਾਨੀ, ਸੁਣਿ ਇਕ ਸਿਖ ਬੋਲਿਯੋ ਬਹੁਰ ਦਿਹੁ ਸੰਸੈ ਹਾਨੀ ॥
ਬਾਣੀ ਕੱਚੀ ਗੁਰ ਬਿਨਾ ਗੁਰ ਅਮਰ ਬਖਾਨੀ, ਕਿਮ ਸਮਝਹਿ ਸਿਖ ਤਿਸਹਿ ਕੋ ਸੁਨਿ ਪਠਹਿ ਸੁਜਾਨੀ॥ ੯॥
(ਗੁਰ ਪਰਤਾਪ ਸੂਰਜ ਭਾਈ ਸੰਤੋਖ ਸਿਘ)

ਇਸ ਹਮਲੇ ਦੇ ਇਲਾਜ ਲਈ ਗੁਰੂ ਜੀ ਨੇ ਬਾਣੀ ਨੂੰ ਇਕੱਤਰ ਕਰਨਾ ਆਰੰਭ ਕਰ ਦੱਤਾ।[13]

"ਬਚਨ ਕੀਤਾ ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ, ਮੀਣੇ ਲਗੇ ਨੀ ਰਲਾ ਪਾਵਣ ਸੋ ਨਿਆਰੀ ਕਰ ਧਰੀਏ" ॥

੧੫੯੦ ਵਿੱਚ ਇਕੱਤਰ ਹੋਈ ਸਾਰੀ ਬਾਣੀ ਨੂੰ ਤਰਤੀਬ ਦੇ ਕੇ ਇੱਕ ਗ੍ਰੰਥ ਬਨਾਉਣਾ ਆਰੰਭ ਕਰ ਦਿੱਤਾ ਗਿਆ[14] । ਇਸ ਕਾਰਜ ਵਿਚ ਭਾਈ ਗੁਰਦਾਸ ਜੀ ਨੇ ਬੇ ਹੱਦ ਮਿਹਨਤ ਕੀਤੀ ਅਤੇ ਆਪਣੇ ਹਥੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਲਿਖਾਈ ਦਾ ਕੰਮ ਸਾਂਭ ਲਿਆ ।

---

ਨੇ ਕਹਿ ਦਿੱਤਾ ਕਿ ਹੁਣ ਇਹ ਮੰਦਰ ਇਕ ਵਾਰ ਢਹਿ ਕੇ ਹੀ ਬਣੇਗਾ । ੧੦੦ ਕੁ ਸਾਲ ਬਾਦ ਅਹਿਮਦ ਸ਼ਾਹ ਅਬਦਾਲੀ ਨੇ ਮੰਦਰ ਢਾਹਿਆ ਤੇ ਸਿੰਘਾਂ ਨੇ ਦੋਬਾਰਾ ਉਸਾਰਿਆ। ਸ਼ਹਿਰ ਦੀ ਨੀਂਹ ਗੁਰੂ ਰਾਮ ਦਾਸ ਜੀ ਨੇ ੧੫੭੦ ਵਿਚ ਰੱਖੀ ਸੀ ਅਤੇ ਇਸ ਨੂੰ ਲੋਕ 'ਚੱਕ ਗੁਰੂ ਰਾਮ ਦਾਸ 'ਆਖਦੇ ਸਨ । ਦਰਬਾਰ ਸਾਹਿਬ ਦੀ ਨੀਂਹ ਰੱਖਣ ਵੇਲੇ ਹੀ ਗਰੂ ਅਰਜਨ ਦੇਵ ਜੀ ਨੇ ਸ਼ਹਿਰ ਦਾ ਨਾਮ ਵੀ ਸ਼ਰੋਵਰ ਦੇ ਨਾਮ ਤੇ ਅੰਮ੍ਰਿਤਸਰ ਰੱਖ ਦਿੱਤਾ । ਦਰਬਾਰ ਸਾਹਿਬ ਦੀ ਉਸਾਰੀ ਦੇ ਪੂਰਨ ਹੋਣ ਵੇਲੇ (੧੫੯੦) ਤੱਕ ਇਹ ਨਾਂਮ ਵੀ ਆਮ ਪ੍ਰਚਲਿਤ ਹੋ ਗਿਆ ।

11 ਕਿਹਾ ਜਾਂਦਾ ਹੈ ਕਿ ਇਸ ਵੇਲੇ ਗੁਰੂ ਜੀ ਨੇ ਕਿਹਾ, " ਜਹਾਂ ਈਂਟਕਾ ਲੱਗੇ ਹਮਾਰੀ । ਤਾਂ ਕੀ ਲਿਆਵੇ ਜੜਾਂ ਉਖਾੜੀ"॥ ਗੁਰੂ ਜੀ ਦੀ ਇਹ ਭਵਿਖ ਬਾਣੀ ਸੌ ਫੀ ਸਦੀ ਠੀਕ ਸਿੱਧ ਹੋਈ । ਸਰਦਾਰ ਜਸਾ ਸਿੰਘ ਰਾਮ ਗੜ੍ਹੀਏ ਨੇ ੧੭੭੧ ਵਿੱਚ ਅਮਾਨਤ ਖਾਂ ਦੀਆਂ ਇਮਾਰਤਾਂ ਨਸ਼ਟ ਕਰਕੇ ਸਾਰੀਆਂ ਇੱਟਾਂ ਲਿਆ ਕੇ ਤਰਨ ਤਾਰਨ ਤਲਾ ਦੇ ਫ਼ਰਸ਼ ਵਿੱਚ ਲਗਵਾਈਆਂ ।ਤਰਨ ਤਾਰਨ ਦਾ ਬਨਣਾ ਸਰਵਰੀਆ ਦੇ ਪਰਚਾਰ ਉੱਪਰ ਅਸਰ ਪਾ ਰਿਹਾ ਸੀ ਇਸ ਲਈ ਉਹ ਵਿਰੋਧ ਉੱਪਰ ਉੱਤਰ ਆਏ ਅਤੇ ਉਨ੍ਹਾਂ ਨੂੰ ਸਰਕਾਰੀ ਸ਼ਹਿ ਵੀ ਪ੍ਰਾਪਤ ਸੀ ।

12 ਗੁਰਬਾਣੀ ਨੂੰ ਵਿਗਾੜਨ ਅਤੇ ਕੱਚੀ ਪਿੱਲੀ ਬਾਣੀ ਰਚਣ ਦਾ ਕੰਮ ਪਹਿਲਾਂ ਹੀ ਗੁਰੂ ਅਮਰ ਦਾਸ ਜੀ ਵੇਲੇ ਸ਼ੁਰੂ ਹੋ ਚੁੱਕਾ ਸੀ ਇਸੇ ਲਈ ਉਨ੍ਹਾਂ ਨੇ ਲਿਖਿਆ ਸੀ , "ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥ (ਪੰਨਾ ੩੦੪) ਹੁਣ ਇਹ ਕੰਮ ਪ੍ਰਿਥੀਏ ਦਾ ਪੁੱਤਰ ਮਿਹਰਵਾਨ ਕਰਨ ਲੱਗਾ, ਮਿਹਰਵਾਨ ਪੁੱਤ ਪਿਰਥੀਏ ਦਾ ਕਬੀਸ਼ਰੀ ਕਰੇ॥ ਪਾਰਸੀ,ਹਿੰਦਵੀ,ਸੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ॥ ਤਿਨ ਭੀ ਬਾਣੀ ਬਹੁਤ ਬਣਾਈ॥ ਭੋਗ ਗੁਰੂ ਨਾਨਕ ਜੀ ਕਾ ਹੀ ਪਾਈ ॥੮੭॥ ਡੂਮ ਲੱਗੇ ਸ਼ਬਦ ਮੀਣਿਆਂ ਦੇ ਗਾਵਣ॥ ਦੂਆ ਦਰਬਾਰ ਗੁਰਿਆਈ ਦਾ ਲੱਗੇ ਬਨਾਵਣ ॥ ਮੀਣਿਆਂ ਨੇ ਪੁਸਤਕ ਇਕ ਗ੍ਰੰਥ ਬਣਾਇਆ॥ ਚਹੁੰ ਪਾਤਸ਼ਾਹੀਆਂ ਦੇ ਸ਼ਬਦ ਬਾਣੀ ਲਿਖ ਵਿੱਚ ਪਾਇਆ ॥ ੮੮॥ (ਬੰਸਾਵਲ਼ੀ ਨਾਮਾ ਕੇਸਰ ਸਿੰਘ ਛਿੱਬਰ)

13 ਉਦੋਂ ਤੱਕ ਸਾਰੇ ਗੁਰੂਆਂ ਅਤੇ ਭਗਤਾਂ ਦੀ ਬਾਣੀ ਅੱਡੋ ਅੱਡ ਲਿਖਤਾਂ ਅਤੇ ਪੋਥੀਆਂ ਵਿਚ ਹੀ ਸੀ ਅਤੇ ਰਾਗਾਂ ਅਨੁਸਾਰ ਵੰਡ ਕੇ ਨਹੀਂ ਲਿਖੀ ਗਈ ਸੀ । ਇਨ੍ਹਾਂ ਦੀ ਤਰਤੀਬ ਵੀ ਅਪਣੀ ਆਪਣੀ ਸੀ ਤੇ ਲਿਖਾਈ ਵੀ ਵੱਖਰੀ ਵੱਖਰੀ ।

14 ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰਦਵਾਰਾ ਸ੍ਰੀ ਰਾਮਸਰ ਵਾਲੇ ਥਾਂ ੧੫੯੦ ਤੋਂ ੧੬੦੧ ਤੱਕ ਹੁੰਦੀ ਰਹੀ। ਇਸ ਕੰਮ ਲਈ ਭਾਈ ਗੁਰਦਾਸ, ਭਾਈ ਹਰੀਆ, ਭਾਈ ਸੰਤ ਦਾਸ, ਭਾਈ ਸੁਖਾ ਅਤੇ ਭਾਈ ਮਨਸਾ ਰਾਮ ਦੀ ਡਿਊਟੀ ਲਾਈ ਗਈ ਸੀ । ੧੬੦੪ ਵਿਚ ਇਸ ਦਾ

ਇਹ ਰਚਨਾ ਬਗੈਰ ਕਿਸੇ ਵਿਤਕਰੇ ਦੇ ਭਾਰਤ ਭਰ ਦੇ ਸੁਧਾਰਕ ਮਹਾਂਪੁਰਸ਼ਾ ਦੀ ਬਾਣੀ ਤੇ ਆਧਾਰਤ ਸੀ ਇਸ ਲਈ ਭਗਤੀ ਲਹਿਰ ਦਾ ਨਿਚੋੜ ਅਤੇ ਭਾਰਤੀ ਭਾਵੁਕ ਏਕਤਾ ਦਾ ਖ਼ਜ਼ਾਨਾ ਹੋ ਨਿਬੜੀ । ਅਜਿਹੀ ਸਰਬ ਸਾਂਝੀ ਬਾਣੀ ਦੇ ਕਥਾ ਕੀਰਤਨ ਦੇ ਪ੍ਰਵਾਹ ਵਿੱਚ ਸਭ ਕੋਈ ਭਾਗ ਲੈਣ ਲੱਗ ਪਿਆ ਅਤੇ ਰੌਣਕਾਂ ਵਧਦੀਆਂ ਗਈਆਂ।

> "ਗੁਰਬਾਣੀ ਭੰਡਾਰ ਭਰ, ਕੀਰਤਨ ਕਥਾ ਰਹੈ ਰੰਗ ਰਾਤਾ॥ (ਭਾਈ ਗੁਰਦਾਸ)[੧੫]

> "ਸੰਗਤਿ ਦੇਸ ਬਦੇਸਨ ਕੀ,ਸੁਨਿ ਕੈ ਮਨਿ ਆਨੰਦ ਦੀਰਘ ਮਾਨੋ,
> ਦੇਖਨ ਆਵਤ ਭਾਉ ਬਧਾਵਤ ਕੋ ਲਿਖਵਾਵਨ ਕੋ ਹਿਤ ਵਾਨੋ॥ ੩॥੫੦॥"
>
> (ਸੂਰਜ ਪਰਕਾਸ਼)

## ੧.੪ ਪ੍ਰਚਾਰ ਦੌਰਾ

ਮਾਝੇ ਦੇ ਇਲਾਕੇ ਵਿੱਚ ਸਰਵਰੀਏ ਮੁਸਲਮਾਨਾਂ[੧੬] ਦਾ ਬਹੁਤ ਜ਼ੋਰ ਸੀ । ਸਿੱਖੀ ਦਾ ਪ੍ਰਚਾਰ ਕਰਨ ਲਈ ਆਪ ਨੇ ਆਲੇ ਦੁਆਲੇ ਦੇ ਪਿੰਡਾਂ ਪਾਸੋਂ ਜ਼ਮੀਨ ਖਰੀਦ ਕੇ ਤਰਨ ਤਾਰਨ ਨਗਰ ਦੀ ਨੀਂਹ ਰਖੀ ਅਤੇ ੧੫੯੦ ਵਿੱਚ ਇੱਥੇ ਇੱਕ ਵੱਡਾ ਸ੍ਰੋਵਰ ਬਨਵਾਉਣਾ ਆਰੰਭ ਕਰ ਦਿੱਤਾ । ਤਰਨ ਤਾਰਨ ਸੈਂਟਰ ਤੋਂ ਗੁਰੂ ਜੀ ਪਿੰਡਾਂ ਵਿਚ ਪ੍ਰਚਾਰ ਲਈ ਜਾਣ ਲੱਗ ਪਏ । ਇੱਥੇ ਹੀ ਗੁਰੂ ਜੀ ਨੇ ਬੇਸਹਾਰਾ ਕੋੜ੍ਹੀਆਂ ਲਈ ਇਕ ਕੋੜ੍ਹਖਾਨਾ ਬਣਵਾ ਦਿੱਤਾ ਅਤੇ ਉਨ੍ਹਾਂ ਦੀ ਰਹਾਇਸ਼ ਦਾ ਪ੍ਰਬੰਧ ਕਰ ਦਿੱਤਾ।[੧੭] ਗੁਰੂ ਜੀ ਦੇ ਦੌਰੇ ਮਾਝੇ ਤੇ ਦੁਆਬੇ ਦੇ ਅਨੇਕਾਂ ਪਿੰਡਾਂ ਵਿਚ ਸਿੱਖੀ ਦੇ ਝੰਡੇ ਗੱਡਣ ਵਿੱਚ ਸਫਲ ਹੋਏ,[੧੮] ਲੋਕਾਂ ਵਿਚ ਨਸ਼ਿਆਂ ਦੀ ਵਰਤੋਂ ਘਟੀ ਅਤੇ ਸਤੀ ਦੀ ਰਸਮ ਦਾ ਭੋਗ ਪੈ ਗਿਆ । ਗੁਰੂ ਜੀ ਨੇ ਵਿਧਵਾ ਵਿਆਹ ਦੀ ਖੂਬ ਪ੍ਰੋੜ੍ਹਤਾ ਕੀਤੀ ਅਤੇ ਕਈ ਵਿਧਵਾਵਾਂ ਦੇ ਮੁੜ ਵਿਆਹ ਕਰਵਾਏ ।[੧੯]ਇਨ੍ਹਾਂ ਦੌਰਿਆਂ ਦੌਰਾਨ ਹੀ ੧੯ ਜੂਨ ੧੫੯੫ ਨੂੰ ਵਡਾਲੀ ਵਿਖੇ (ਗੁਰੂ) ਹਰਿਗੋਬਿੰਦ ਜੀ ਦਾ ਜਨਮ ਹੋਇਆ ।

---

ਤਤਕਰਾ ਲਿਖਿਆ ਗਿਆ ਅਤੇ ਜਿਲਦ ਬਨ੍ਹਾਈ ਗਈ । ਇਸੇ ਸਾਲ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪ ਕੇ ਦਰਬਾਰ ਸਾਹਿਬ ਵਿਚ ਭਾਦਰੋਂ ਸੁਦੀ ੧ ਵਾਲੇ ਦਿਨ ਇਸ ਦਾ ਪ੍ਰਕਾਸ਼ ਕੀਤਾ ਗਿਆ । ਇਸ ਬੀੜ ਦੇ ੯੭੪ ਪੱਤਰੇ ਸਨ । ਇਹ ਗ੍ਰੰਥ ਅਜ ਕਲ੍ਹ ਕਰਤਾਰਪੁਰ (ਜ਼ਿਲਾ ਜਲੰਧਰ ) ਵਿੱਚ ਹੈ ।

ਯਾਦ ਰਹੇ ਕਿ ਗੁਰੂ ਗ੍ਰੰਥ ਸਾਹਿਬ ਹੀ ਸੰਸਾਰ ਦਾ ਇਕੋ ਇੱਕ ਅਜਿਹਾ ਗ੍ਰੰਥ ਹੈ ਜਿਸ ਨੂੰ ਸਿਖ ਧਰਮ ਦੇ ਧਾਰਮਿਕ ਆਗੂਆਂ ਨੇ ਆਪ ਲਿਖਿਆ ਤੇ ਆਪ ਆਪਣੇ ਜੀਵਨ ਕਾਲ ਵਿਚ ਤਿਆਰ ਕਰਵਾ ਕੇ ਪ੍ਰਕਾਸ਼ ਕਰਵਾਇਆ । ਦੁਨੀਆਂ ਦਾ ਹੋਰ ਕੋਈ ਧਾਰਮਿਕ ਗ੍ਰੰਥ ਅਜਿਹਾ ਨਹੀਂ ਹੈ ।

15 "The greatest book of synthesis, worthy of reverence (Ishwari Prasad). "The Sikh religion and its scripture, the Adi Granth will have something of special value to say to the rest of the world."(Arnold Toynbee). "The barriers of seas and mountains will give way before the call of eternal truth which is set forth with freshness of feeling and fervour of devotion in Adi Granth" (Dr. Radha Krishnan)

16 ਸਰਵਰੀਆਂ ਦਾ ਡੇਰਾ ਤਰਨ ਤਾਰਨ ਤੋਂ ੪ ਕੁ ਮੀਲ ਦੀ ਵਿੱਥ ਉੱਪਰ ਸੀ । ਇਨ੍ਹਾਂ ਦਾ ਧਾਰਮਿਕ ਪ੍ਰਭਾਵ ਸਾਰੇ ਪੰਜਾਬ ਉੱਪਰ ਸੀ ਅਤੇ ਲੋਕ ਧੜਾ ਧੜ ਹਿੰਦੂ ਧਰਮ ਛੱਡ ਕੇ ਸਰਵਰੀਏ ਬਣ ਰਹੇ ਸਨ । ਸਰਵਰੀਏ ਨਵੀਂ ਸੂਈ ਗਾਂ ਦਾ ਦੁੱਧ ਪਹਿਲਾਂ ਸ਼ੇਖ ਫਤੇ (ਸਰਵਰੀਏ ਆਗੂ) ਦੇ ਚੜ੍ਹਾਉਂਦੇ, ਵੀਰਵਾਰ ਨੂੰ ਸਰਵਰੀਏ ਦੀ ਚੌਂਕੀ ਭਰਦੇ (ਜ਼ਮੀਨ ਤੇ ਸੌਂਦੇ) ਅਤੇ ਡਾਂਗ ਤੇ ਰੰਗਦਾਰ ਲੀਰਾਂ ਬਨ੍ਹ ਕੇ ਪਿੰਡੋ ਪਿੰਡ ਸਰਵਰੀਏ ਦੇ ਗੀਤ ਗਾਉਂਦੇ ਸਨ । ਸਰਵਰੀਏ ਦਾ ਹੁਸ਼ਿਆਰਪੁਰ ਨਿਵਾਸੀ ਇਕ ਚੇਲਾ ਜਿਸ ਨੇ ਸਿੱਖ ਸਜ ਕੇ ਗੁਰੂ ਘਰ ਦੀ ਬੇਹਦ ਸੇਵਾ ਕੀਤੀ ਉਹ ਭਾਈ ਮੰਝ ਸੀ । ਜਿਨ੍ਹਾਂ ਪਿੰਡਾਂ ਵਿਚ ਭਾਈ ਮੰਝ ਦਾ ਪ੍ਰਭਾਵ ਸੀ ਉਨ੍ਹਾਂ ਨੂੰ ਅਜ ਵੀ "ਮੰਝਕੀ" ਕਿਹਾ ਜਾਂਦਾ ਹੈ ।ਅਜਿਹਾ ਹੀ ਇਕ ਹੋਰ ਚੇਲਾ ਮਾਲਵੇ ਦਾ ਜੱਟ ਭਾਈ ਬਹਿਲੋ ਸੀ ਜਿਸ ਨੇ ਸਿਖ ਸਜ ਕੇ ਦਰਬਾਰ ਸਾਹਿਬ ਦੀ ਉਸਾਰੀ ਵਿਚ ਵਿਸ਼ੇਸ਼ ਭਾਗ ਲਿਆ ਤੇ ਪ੍ਰਸਿੱਧ ਹੋਇਆ ।

17 ਕਹਿੰਦੇ ਹਨ ਕਿ ਕਿਸੇ ਸਾਧੂ ਨੇ ਗੁਰੂ ਜੀ ਨੂੰ ਕੋਈ ਰਸਾਇਣਕ ਪਦਾਰਥ ਲਿਆ ਕੇ ਦਿੱਤਾ ਜਿਸ ਨਾਲ ਲੋਹੇ ਤੋਂ ਸੋਨਾ ਬਣਾਇਆ ਜਾ ਸਕਦਾ ਸੀ ਪਰ ਜੇ ਇਹੋ ਰਸਾਇਣ ਪਾਣੀ ਵਿਚ ਪਾ ਦਿੱਤੀ ਜਾਂਦੀ ਸੀ ਤਾਂ ਨਹਾਉਣ ਵਾਲੇ ਦਾ ਕੋੜ੍ਹ ਦੂਰ ਕਰਦੀ ਸੀ । ਗੁਰੂ ਜੀ ਨੇ ਤੁਰਤ ਸਾਰੀ ਰਸਾਇਣ ਖ੍ਰੀਦ ਕੇ ਤਰਨ ਤਾਰਨ ਸ੍ਰੋਵਰ ਵਿੱਚ ਸੁਟ ਦਿੱਤੀ ।

18 "It cannot be denied that many Muhammadans had come under the influence of Sikhism." I.B.Banerjee Evolution of the Khalsa Vol.1 Page 275)

19 ਇਕ ਵਿਧਵਾ ਦਾ ਵਿਆਹ ਗੁਰੂ ਜੀ ਨੇ ਆਪ ਹੇਮੇ ਚੌਧਰੀ ਨਾਲ ਕਰਵਾਇਆ ।

ਇਸ ਸਾਲ ਬਾਰਸ਼ਾਂ ਨਾ ਹੋਈਆਂ ਅਤੇ ਪੰਜਾਬ ਵਿਚ ਕਾਲ ਪੈ ਗਿਆ । ਜੋ ਤਿੰਨ ਸਾਲ ਤਕ ਰਿਹਾ। ਗੁਰੂ ਜੀ ਪਿੰਡ ਪਿੰਡ ਖੂਹ ਪੁਟਵਾ ਰਹੇ ਸਨ ਅਤੇ ਲੋਕਾਂ ਦੇ ਹੌਸਲੇ ਬੰਧਵਾ ਰਹੇ ਸਨ । ਨਾਲ ਹੀ ਹਰ ਥਾਂ ਲ਼ੰਗਰ ਚਾਲੂ ਕਰਵਾਏ ਗਏ । ਹਰਿਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿਚ ਛੇਹਰਟਾ ਵਿੱਚ ਛੇ ਹਰਟਾਂ ਵਾਲਾ ਖੂਹ ਲਗਵਾਇਆ । ਇਸ ਵੇਲੇ ਲਾਹੌਰ ਵਿਚ ਭਿਆਨਕ ਬੀਮਾਰੀ ਫੈਲ ਗਈ ।[੨੦] ਇਸ ਬੀਮਾਰੀ ਬਾਰੇ ਇੱਕ ਇਤਿਹਾਸਕਾਰ ਨੂਰ ਉਲ ਹੱਕ ਲਿਖਦਾ ਹੈ ਕਿ ਬਜ਼ਾਰ ਮੁਰਦਿਆਂ ਨਾਲ ਭਰ ਗਏ ਅਤੇ ਮੁਰਦਿਆਂ ਨੂੰ ਬਾਹਰ ਲੈ ਜਾਣ ਦਾ ਵੀ ਕੋਈ ਪ੍ਰਬੰਧ ਨਹੀਂ ਸੀ । ਗੁਰੂ ਜੀ ਤੁਰੰਤ ਸੇਵਾ ਕਰਨ ਲਈ ਲਾਹੌਰ ਪੁੱਜ ਗਏ । ੮ ਮਹੀਨੇਂ ਲਗਾਤਾਰ ਮੁਰਦਿਆਂ ਨੂੰ ਸਾੜਨ, ਲੰਗਰ ਵਰਤਾਉਣ, ਦਵਾਖਾਨੇ ਖੋਲ੍ਹਣ ਅਤੇ ਅਨਾਥ ਬੱਚਿਆਂ ਦੀ ਸੰਭਾਲ ਵਿਚ ਗੁਰੂ ਜੀ ਨੇ ਕਮਾਲ ਕਰ ਵਿਖਾਈ । ਬਾਦਸ਼ਾਹ ਅਕਬਰ ਵੀ ਲਾਹੌਰ ਦੀ ਸਥਿੱਤੀ ਵੇਖਣ ਲਈ ਲਾਹੌਰ ਆਇਆ । ਅਕਬਰ ਨੂੰ ਲੋਕਾਂ ਤੋਂ ਸੁਣ ਕੇ ਗੁਰੂ ਜੀ ਦੀਆਂ ਸੇਵਾਵਾਂ ਬਾਰੇ ਪਤਾ ਲੱਗ ਗਿਆ ਸੀ ਇਸ ਲਈ ਉਹ ਲਾਹੌਰੋਂ ਵਾਪਸ ਆਗਰੇ ਜਾਂਦਾ ਹੋਇਆ (੨੪ ਨਵੰਬਰ ੧੫੯੮ ਨੂੰ ) ਗੁਰੂ ਜੀ ਨੂੰ ਗੋਇੰਦਵਾਲ ਮਿਲਿਆ ।[੨੧] ਗੁਰੂ ਜੀ ਵਲੋਂ ਬਾਦਸ਼ਾਹ ਨੂੰ ਕਹਿ ਕੇ ਉਸ ਸਾਲ ਪੰਜਾਬ ਦਾ ਮਾਮਲਾ ਮੁਆਫ ਕਰਵਾ ਲਿਆ ਗਿਆ ।[੨੨] । ਇਸ ਮਿਲਣੀ ਬਾਰੇ ਅਬੁਲ ਫਜ਼ਲ (੧੫੫੧-੧੬੦੨) ਅਕਬਰ ਨਾਮੇ ਵਿਚ ਲਿਖਦਾ ਹੈ , "Guru Arjan was 35 in the prime of his life. His bewitching and handsome appearance, sweet and melodious voice and fascinating and charming manners, his princely style of living, his warm reception of the Emperor and his singing of hymns of Nanak deeply impressed Akbar." ਪੰਜਾਬ ਦੇ ਅਨੇਕਾਂ ਪਿੰਡਾਂ ਤੇ ਸ਼ਹਿਰਾਂ ਦਾ ਦੌਰਾ ਕਰਕੇ ਗੁਰੂ ਜੀ ੧੬੦੧ ਵਿਚ ਵਾਪਸ ਅੰਮ੍ਰਿਤਸਰ ਪਹੁੰਚੇ

## ੧.੫ ਵਿਰੋਧੀਆਂ ਵਲੋਂ ਮੁਖ਼ਾਲਫਤ

ਗੁਰੂ ਜੀ ਦਾ ਸਭ ਤੋਂ ਵੱਡਾ ਵਿਰੋਧੀ ਉਨ੍ਹਾਂ ਦਾ ਆਪਣਾ ਭਰਾ ਪ੍ਰਿਥੀ ਚੰਦ ਸੀ ਜਿਸ ਨੇ ਗੁਰੂ ਜੀ ਦੇ ਪੁੱਤਰ ਹਰਿਗੋਬਿੰਦ ਨੂੰ ਮਰਵਾਉਣ ਦੇ ਵੀ ਯਤਨ ਕੀਤੇ । ਉਨ੍ਹਾਂ ਨੇ ਹਰ ਗੱਲ ਵਿੱਚ ਗੁਰੂ ਜੀ ਦੀ ਵਿਰੋਧਤਾ ਕੀਤੀ । ਗੁਰੂ ਜੀ ਨੇ ਤਰਨਤਾਰਨ ਗੁਰਦਵਾਰਾ ਅਤੇ ਤਲਾ ਬਣਵਾਏ ਤਾਂ ਪ੍ਰਿਥੀ ਚੰਦ ਨੇ ਤਰਨ ਤਾਰਨ ਦਰਬਾਰ ਦੀ ਮੁਖ਼ਾਲਫਿਤ ਕਰਨ ਲਈ ੧੪ ਮੀਲ ਦੂਰ ਆਪਣੇ ਸਹੁਰੇ ਪਿੰਡ ਹੇਰ੍ਹ ਵਿੱਚ ਇੱਕ ਖੂਹ ਲਗਵਾਇਆ ਅਤੇ ਸਰੋਵਰ ਬਣਵਾਕੇ ਦਰਬਾਰ ਸਾਹਿਬ ਵਰਗਾ ਮੰਦਰ ਉਸਰਵਾ ਲਿਆ ਜਿਸ ਦਾ ਨਾਮ ਦੂਖ ਨਿਵਾਰਨ ਰਖਿਆ ਗਿਆ।[੨੩] ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ ਤਾਂ ਪ੍ਰਿਥੀ ਛੰਦ ਨੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਵਰਤ ਕੇ ਇਕ ਹੋਰ ਗ੍ਰੰਥ ਬਣਾ ਲਿਆ । ਪ੍ਰਿਥੀ

---

[20] ਦੋ ਬੀਮਾਰੀਆਂ ਆਮ ਸਨ। ਮਲੇਰੀਆ ਅਤੇ ਮਾਤਾ । ਇਸੇ ਸਾਲ ਬਾਲ ਹਰਿਗੋਬਿੰਦ ਜੀ ਨੂੰ ਵੀ ਸੀਤਲਾ (ਛੋਟੀ ਮਾਤਾ) ਨਿੱਕਲ ਆਈ ਜਿਸ ਦਾ ਜ਼ਿਕਰ ਗੁਰੂ ਜੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਕਰਦੇ ਹਨ । "ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ"॥ (ਪੰਨਾ ੨੦੦)

[21] ਇਸ ਮਿਲਣੀ ਬਾਰੇ ਮੈਕਾਲਿਫ ਲਿਖਦਾ ਹੈ , "He (Akbar) called himself the Guru's slave and asked for instructions to render him happy and secure a place for his soul".Macauliffe also quotes Badaoni and writes, "Badaoni states that on another occasion namely,the thirteenth of the month of Azur (Jamadi ul sani) ,Akbar, with a gorgeous military retinue ,crossed the Bias and went to Goindwal to visit Guru Arjan whose teaching and character he appreciated" (VoI.II Page 84) Similarly Sujan Rai Bhandari too confirms this visit of Akabr to the Guru. He writes, "He crossed the Bias and visited the home of Guru Arjan, a disciple of Baba Nanak, and he was very much pleased when he recited some of the poems of Baba Nanak about the unity of Godhead."(Khulasat-ul-Twarikh page 425)

[22] "The Emperor accepted his request and issued orders to his officers to reduce the revenue by one tenth or one twelfth" (I.B.Baneerjee page 214)

[23] ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ, "ਪੁਰਖ ਨ ਗਣੇ ਪੁਰਖਤ ਬਿਨ ਕਾਮਣ ਕੇ ਕਰੇਸੁ ॥ ਬਿਣ ਗੁਣ ਗੁਰੂ ਸਦਾਇੰਦੇ ਕਉਣ ਕਰੇ ਆਦੇਸ ॥ (ਵਾਰ ੩੬)। ਪ੍ਰਿਥੀ ਚੰਦ ਦਾ ਇਹ ਯਤਨ ਸਿੱਖਾਂ ਨੂੰ ਆਕ੍ਰਸ਼ਤ ਕਰਨ ਵਿੱਚ ਕਾਮਯਾਬ ਨਾ ਹੋਇਆ ।

ਚੰਦ ਦਾ ਪੁੱਤਰ ਮਿਹਰਵਾਨ ਕਵੀ ਸੀ ਇਸ ਲਈ ਉਸ ਨੇ ਕੁੱਝ ਕੱਚੇ ਪਿੱਲੇ ਸ਼ਬਦ ਆਪ ਲਿਖ ਲਏ ਅਤੇ ਕੁੱਝ ਸ਼ਬਦ ਗੁਰੂਆਂ ਦੇ ਨਾਂ ਥੱਲੇ ਆਪ ਲਿਖ ਕੇ ਗ੍ਰੰਥ ਵਿੱਚ ਪਾ ਦਿੱਤੇ ।[੨੪]

ਗੁਰੂ ਜੀ ਦੇ ਪ੍ਰਚਾਰ ਤੋਂ ਨਾ ਕੇਵਲ ਪ੍ਰਿਥੀਆ ਬਲਕਿ ਅੰਮ੍ਰਿਤਸਰ ਦੇ ਚੌਧਰੀ, ਸਰਵਰੀਏ ਮੁਸਲਮਾਨ, ਉੱਚ ਜ਼ਾਤੀਏ ਬ੍ਰਾਹਮਣ, ਖੋਜੇ, ਬੀਰਬਲ,[੨੫]ਸੁਲਹੀ ਖਾਨ, ਤੇ ਸੁਲਬੀ ਖਾਨ[੨੬] ਵਰਗੇ ਸਰਕਾਰੀ ਰਸੂਖ ਵਾਲੇ ਅਫਸਰ ਵੀ ਚਿੜਦੇ ਸਨ । ਇਨ੍ਹਾਂ ਵਿਰੋਧੀਆਂ ਵਲੋਂ ਗੁਰੂ ਗ੍ਰੰਥ ਸਾਹਿਬ ਬਾਰੇ ਵੀ ਊਟ ਪਟਾਂਗ ਪ੍ਰਚਾਰ ਕੀਤਾ ਗਿਆ ਅਤੇ ਸਰਕਾਰੇ ਦਰਬਾਰੇ ਸ਼ਕਾਇਤਾਂ ਪਹੁੰਚਾਈਆਂ ਗਈਆਂ[੨੭] ਜੋ ਝੂਠੀਆਂ ਸਾਬਤ ਹੋਈਆਂ। ਇਸ ਸ਼ਕਾਇਤ ਬਾਰੇ ਗੁਰੂ ਜੀ ਲਿਖਦੇ ਹਨ,

"ਗਉੜੀ ਮਹਲਾ ੫ ॥ ਮਹਜਰੁ ਝੂਠਾ ਕੀਤੋਨੁ ਆਪਿ ॥ ਪਾਪੀ ਕਉ ਲਾਗਾ ਸੰਤਾਪੁ ॥ ੧ ॥ ਜਿਸਹਿ ਸਹਾਈ ਗੋਬਿਦੁ ਮੇਰਾ ॥ ਤਿਸੁ ਕਉ ਜਮੁ ਨਹੀ ਆਵੈ ਨੇਰਾ ॥ ੧ ॥ ਰਹਾਉ ॥ ਸਾਚੀ ਦਰਗਹ ਬੋਲੈ ਕੂੜੁ ॥ ਸਿਰੁ ਹਾਥ ਪਛੋੜੈ ਅੰਧਾ ਮੂੜੁ ॥ ੨ ॥ ਰੋਗ ਬਿਆਪੇ ਕਰਦੇ ਪਾਪ ॥ ਅਦਲੀ ਹੋਇ ਬੈਠਾ ਪ੍ਰਭੁ ਆਪਿ ॥ ੩ ॥ ਅਪਨ ਕਮਾਇਐ ਆਪੇ ਬਾਧੇ ॥ ਦਰਬੁ ਗਇਆ ਸਭੁ ਜੀਅ ਕੈ ਸਾਥੈ ॥ ੪ ॥ ਨਾਨਕ ਸਰਨਿ ਪਰੇ ਦਰਬਾਰਿ ॥ ਰਾਖੀ ਪੈਜ ਮੇਰੈ ਕਰਤਾਰਿ ॥(ਪੰਨਾ ੧੯੯)

## ੧.੬ ਸ਼ਹਾਦਤ

੧੭ ਅਕਤੂਬਰ ੧੬੦੫ ਨੂੰ ਬਾਦਸ਼ਾਹ ਅਕਬਰ ਚਲਾਣਾ ਕਰ ਗਿਆ ਅਤੇ ਉਸ ਦੀ ਥਾਂ ਉਸ ਦਾ ਪੁੱਤਰ ਜਹਾਂਗੀਰ ਬਾਦਸ਼ਾਹ ਬਣਿਆ ਜੋ ਕਿ ਗੁਰੂ ਜੀ ਦਾ ਜਾਨੀ ਦੁਸ਼ਮਨ ਸਿੱਧ ਹੋਇਆ । ਜਹਾਂਗੀਰ ਕੱਟੜ ਮੁਸਲਮਾਨ ਮੁਲਾਣਿਆਂ ਦੇ

---

[24] ਪ੍ਰਿਥੀ ਚੰਦ ਜੀ ਟਿੱਕਾ ਲਵੌਣ ਅਤੇ ਦੇਵੀ ਦੇਵਤਿਆਂ ਦੀ ਪੂਜਾ ਕਰਨ ਦੀ ਪ੍ਰੇਰਨਾ ਦਿੰਦੇ ਸਨ । ਇਨ੍ਹਾਂ ਦੇ ਪੁੱਤਰ ਮਿਹਰਵਾਨ ਨੇ ਇੱਕ ਜਨਮ ਸਾਖੀ ਤਿਆਰ ਕਰਵਾਈ ਜਿਸ ਵਿੱਚ ਗੁਰੂ ਨਾਨਕ ਜੀ ਪ੍ਰਤੀ ਅਪਸ਼ਬਦ ਵੀ ਲਿਖੇ । ਇਸ ਨੇ ਗੁਰੂ ਅਰਜਨ ਦੇਵ ਜੀ ਦੀ ਨਕਲ ਤੇ ਸੁਖਮਨੀ ਦੀ ਬਾਣੀ ਵੀ ਲਿਖਵਾ ਕੇ ਤਿਆਰ ਕਰਵਾਈ ।

[25] ਇਹ ਅਕਬਰ ਦੇ ਨੌ ਰਤਨਾਂ ਵਿੱਚੋਂ ਇੱਕ ਸੀ । ਇਸ ਦਾ ਅਸਲੀ ਨਾਮ ਮਹੇਸ਼ ਦਾਸ ਸੀ ਜੋ ਪਹਿਲਾਂ ਜੈਪੁਰ ਦੇ ਰਾਜੇ ਭਗਵਾਨ ਦਾਸ ਪਾਸ ਨੌਕਰ ਰਿਹਾ । ਜਦ ਭਗਵਾਨ ਦਾਸ ਨੇ ਅਪਣੀ ਭੈਣ ਅਕਬਰ ਨਾਲ ਵਿਆਹੀ ਤਾਂ ਬੀਰਬਲ ਨੂੰ ਅਕਬਰ ਪਾਸ ਭੇਜ ਦਿੱਤਾ ਗਿਆ। ਹਾਜ਼ਰ ਜਵਾਬ, ਦੂਰ ਅੰਦੇਸ਼ ਅਤੇ ਮਸਖਰਾ ਹੋਣ ਕਰਕੇ ਅਕਬਰ ਦੇ ਬਹੁਤ ਨੇੜੇ ਹੋ ਗਿਆ ਅਤੇ ਦਸ ਹਜ਼ਾਰੀ ਦਾ ਖਿਤਾਬ ਪਾਇਆ । ਫਰਵਰੀ ੧੫੮੬ ਵਿੱਚ ਪਠਾਣਾ ਨਾਲ ਲੜਦਾ ਹੋਇਆ ਮਾਰਿਆ ਗਿਆ । ਕੱਟੜ ਹਿੰਦੂ ਹੋਣ ਕਰਕੇ ਇਹ ਗੁਰੂ ਜੀ ਦੇ ਧਰਮ ਪ੍ਰਚਾਰ ਤੋਂ ਚਿੜਦਾ ਸੀ ।

[26] ਸੁਲਹੀ ਖਾਨ ਚੜ੍ਹਾਈ ਕਰਕੇ ਗੁਰੂ ਜੀ ਨੂੰ ਫੜਨ ਲਈ ਆਇਆ ਪਰ ਇਸ ਦਾ ਘੋੜਾ ਡਰ ਕੇ ਦਗਦੇ ਭੱਠੇ ਵਿਚ ਜਾ ਵੜਿਆ ਅਤੇ ਇਹ ਭੱਠੇ ਵਿਚ ਹੀ ਦਗਧ ਹੋ ਗਿਆ । ਗੁਰੂ ਜੀ ਇਸ ਘਟਨਾ ਬਾਰੇ ਗਰੂ ਗ੍ਰੰਥ ਸਾਹਿਬ ਵਿੱਚ ਲਿਖਦੇ ਹਨ, "ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ੧ ॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ (ਪੰਨਾ ੮੨੫)। ਇਸ ਦੇ ਚਾਚੇ ਦਾ ਪੁੱਤਰ ਸੁਲਬੀ ਖਾਨ ਵੀ ਗੁਰੂ ਜੀ ਤੇ ਚੜ੍ਹਾਈ ਕਰਕੇ ਆਇਆ ਪਰ ਅੰਮ੍ਰਿਤਸਰ ਦੇ ਨੇੜੇ ਆਪਣੇ ਹੀ ਸਪਾਹੀਆਂ ਦੇ ਹਥੋਂ ਮਾਰਿਆ ਗਿਆ ।

[27] ਤਹਿਕੀਕਾਤਿ ਚਿਸ਼ਤੀ (ਪੰਨਾ ੪੪੧-੪੪੨) ਅਨੁਸਾਰ ਇਹ ਸ਼ਕਾਇਤਾਂ ਪ੍ਰਿਥੀ ਚੰਦ ਨੇ ਹੀ ਤਿਆਰ ਕਰਵਾਈਆਂ ਸਨ ।"Prithia succeeded in persuading the Kazis and Brahmans to lay a complaint against the Guru on the ground that the *Granth* compiled by him blasphemed both the Hindus and the Muhammedans and through the influence of Chandu the memorial was duly placed before the Emperor. (I.B.Bannerjee page 212)

ਅਕਬਰ ਦੇ ਦਰਬਾਰੀਆਂ ਵਿੱਚ ਇਕ ਦਰਬਾਰੀ ਵਜ਼ੀਰ ਖਾਨ ਸੀ ਜਿਸ ਦਾ ਜਲੋਧਰ ਰੋਗ ਗੁਰੂ ਜੀ ਦੀ ਭੇਜੀ ਦਵਾਈ ਨਾਲ ਠੀਕ ਹੋ ਗਿਆ ਸੀ । ਉਹ ਗੁਰੂ ਜੀ ਦਾ ਮਿੱਤਰ ਸੀ । ਕਿਹਾ ਜਾਂਦਾ ਹੈ ਕਿ ਵਜ਼ੀਰ ਖਾਂਨ ਨੇ ਅਕਬਰ ਨੂੰ ਅਸਲੀਅਤ ਦੱਸ ਕੇ ਸ਼ਕਾਇਤਨਾਮਾ ਖਾਰਜ ਕਰਵਾ ਦਿੱਤਾ । ਨਾਲ ਹੀ ਅਕਬਰ ਨੂੰ ਪ੍ਰੇਰਿਆ ਕਿ ਗੁਰੂ ਜੀ ਦੇ ਦਰਸ਼ਨ ਜ਼ਰੂਰ ਕਰੇ । "The Emperor was satisfied. He made an offering of 51 gold coins to the *Granth* and awarded robes of honour for the Guru and to both the custodians of the *Granth (Baba Budha sahib by Mangal Singh page 202)* "To express his satisfaction he made a gift of gold to the book and of clothing to Bhai Buddha and Gurdas who had brought it to the Guru" (The Sikhs by Cole & Sambhi page 26)

ਮਗਰ ਲਗਦਾ ਸੀ ਜੋ ਗੁਰੂ ਜੀ ਦੇ ਪਰਚਾਰ ਤੋਂ ਖੁਣਸ ਖਾਂਦੇ ਸਨ ।[੨੮]ਅੰਤ ਮੁਲਾਣਿਆ ਦੀ ਸਲਾਹ ਤੇ ਗੁਰੂ ਜੀ ਨੂੰ ੩੦ ਮਈ ੧੬੦੬ ਨੂੰ ਤਸੀਹੇ ਦੇ ਕੇ ਸ਼ਹੀਦ ਕਰਵਾ ਦਿੱਤਾ ਗਿਆ । ਗੁਰੂ ਜੀ ਦੀ ਸ਼ਹੀਦੀ ਤੋਂ ਕੁਝ ਸਮਾਂ ਬਾਅਦ ਜਹਾਂਗੀਰ ਜਦ ਸਾਈਂ ਮੀਆਂ ਮੀਰ ਨੂੰ ਮਿਲਿਆ ਤਾਂ ਉਸਨੂੰ ਪੁੱਛਿਆ, "ਸਾਂਈਂ ਜੀ, ਕੀ ਇਸ ਵੇਲੇ ਦੁਨੀਆਂ ਵਿਚ ਕੋਈ ਰੱਬ ਨੂੰ ਪੁੱਜਿਆ ਹੋਇਆ ਵਿਅਕਤੀ ਹੈ ?" ਸਾਂਈਂ ਜੀ ਨੇ ਉਤੱਰ ਦਿੱਤਾ, " ਹੈ ਤਾਂ ਸੀ ਪਰ ਤੂੰ ਉਸ ਨੂੰ ਮਰਵਾ ਦਿੱਤਾ ਹੈ। ਉਹ (ਗੁਰੂ) ਅਰਜਨ ਦੇਵ ਸੀ"। ਇਹ ਸੁਣ ਕੇ ਜਹਾਂਗੀਰ ਕੁੱਝ ਨਾ ਬੋਲ ਸਕਿਆ।

**" ਨਹੀਂ ਪੀਰ ਢਿਗ ਬੋਲਿਯੋ ਗਯੋ । ਕਰ ਬੰਦਨ ਘਰ ਆਵਤ ਭਯੋ"** (ਪੰਥ ਪ੍ਰਕਾਸ਼)

ਸ਼ਹਾਦਤ ਵੇਲੇ ਗੁਰੂ ਜੀ ਦੀ ਉਮਰ ਕੇਵਲ ੪੩ ਸਾਲ ਦੀ ਸੀ । ਇਨੇ ਥੋੜੇ ਸਮੇਂ ਵਿੱਚ ਏਨਾਂ ਕੁਝ ਕਰ ਜਾਣਾ ਅਤੇ ਸੰਸਾਰ ਦੇ ਇਤਿਹਾਸ ਵਿੱਚ ਅਮਿਟ ਛਾਪ ਛੱਡ ਜਾਣਾ ਸ਼ਾਇਦ ਹੋਰ ਕਿਸੇ ਧਾਰਮਿਕ ਆਗੂ ਦੇ ਹਿੱਸੇ ਨਹੀਂ ਆਇਆ । ਅਗਲੇ ਪੰਨਿਆਂ ਵਿੱਚ ਗੁਰੂ ਜੀ ਸ਼ਹੀਦੀ ਬਾਰੇ ਵਿਸਤਾਰ ਨਾਲ ਜ਼ਿਕਰ ਕੀਤਾ ਜਾਵੇਗਾ ।

## ੧.੭ ਹੋਰ ਸੇਵਾਵਾਂ

ਗੁਰੂ ਜੀ ਭਵਨ ਨਿਰਮਾਣ ਕਲਾ ਵਿਚ ਨਿਪੁੰਨ ਸਨ । ਇਨ੍ਹਾਂ ਨੇ ਪਿੰਡਾਂ ਅਤੇ ਸ਼ਹਿਰਾਂ ਵਿਚ ਥਾਂ ਥਾਂ ਖੂਹ ਲਗਵਾਏ ਅਤੇ ਸ਼ਹਿਰ ਵਸਾਏ । ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਇਲਾਵਾ ਇਨ੍ਹਾਂ ਨੇ ਹੇਠ ਲਿਖੇ ਸ਼ਹਿਰ ਵਸਾਏ ਤੇ ਖੂਹ ਲਗਵਾਏ।

੧੫੮੭ ਹਰਿਗੋਬਿੰਦ ਪੁਰ (ਜ਼ਿਲਾ ਗੁਰਦਾਸ ਪੁਰ) [੨੯]

੧੫੮੮ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਨੀਂਹ ਰਖੀ[੩੦] ਅਤੇ ਅੰਮ੍ਰਿਤਸਰ ਵਿੱਚ ਤਾਲ ਖੁਦਵਾਏ ।[੩੧]

੧੫੯੦ ਵਿਚ ਤਰਨ ਤਾਰਨ ਨਗਰ ਵਸਾਇਆ ਅਤੇ ਸ੍ਰੋਵਰ ਰਚਿਆ । "ਗੁਰੂ ਕਾ ਖੂਹ" ਅਤੇ "ਬੀਬੀ ਭਾਨੀ ਦਾ ਖੂਹ" ਲਗਵਾਏ

੧੫੯੩ ਵਿਚ ਕਰਤਾਰਪੁਰ (ਜਲੰਧਰ) ਦੀ ਨੀਂਹ ਰਖੀ ਤੇ ਗੰਗਸਰ ਨਾਮ ਦਾ ਖੂਹ ਲਗਵਾਇਆ

੧੯੯੫ ਵਿਚ ਵਡਾਲੀ ਨੇੜੇ ਛੇਹਰਟਾ ਖੂਹ ਲਗਵਾਇਆ

੧੫੯੭-੮ ਵਿਚ ਡੱਬੀ ਬਜ਼ਾਰ ਲਾਹੌਰ ਦੀ ਬਾਉਲੀ ਤਿਆਰ ਕਰਵਾਈ

# ਅਧਿਆਏ ੨
# ਗੁਰੂ ਜੀ ਦੇ ਸਮੇਂ ਦੀ ਰਾਜਸੀ ਹਾਲਤ

## ੨.੧ ਬਾਦਸ਼ਾਹ ਅਕਬਰ ਵੇਲੇ:

---

[28] ਪਹਿਲਾਂ ਪਹਿਲ ਜਹਾਂਗੀਰ ਇਸਲਾਮ ਨੂੰ ਨਫਰਤ ਕਰਦਾ ਹੁੰਦਾ ਸੀ । "The easy going Jehangir in order to aggravate the Mullahs ordered the casting of several pigs of solid gold which he kept in the palace.When he awoke,he would rather see them than the face of a Muhammedan. Later it was Shah Jahan who had the pigs buried in front of the royal seat in the fortress of Lahore" (Nicol Manucci). Also read J.Ph Vogel's 'Historical notes on Lahore) Publised by Sange-meel-Publishers Lahore (pkistan) 1982.

[੨੯] ਕਿਹਾ ਜਾਂਦਾ ਹੈ ਕਿ ਇਸ ਨਗਰ ਨੂੰ ਵਸਾਉਣ ਲਈ ਜ਼ਮੀਨ ਗੁਰੂ ਜੀ ਦੇ ਅਨਿਨ ਗੁਰਸਿਖ ਕਲਾਨੌਰੀਏ ਭਾਈ ਕਰੋੜੀ ਮੱਲ ਨੇ ਦਿੱਤੀ ਸੀ। ਨਗਰ ਦਾ ਨਾਉਂ ਬਾਅਦ ਵਿੱਚ ਛੇਵੇਂ ਪਾਤਸ਼ਾਹ ਦੇ ਨਾਂ ਤੇ ਹਰਿਗੋਬਿੰਦ ਪੁਰ ਹੋ ਗਿਆ । ਇਸ ਉੱਪਰ ਧੱਕੇ ਨਾਲ ਭਗਵਾਨ ਦਾਸ ਘੇਰੜ ਨੇ ਕਬਜ਼ਾ ਕਰ ਲਿਆ ਸੀ ਜਿਸ ਨੂੰ ਗੁਰੂ ਹਰਿਗੋਬਿੰਦ ਜੀ ਨੇ ਜੰਗ ਵਿਚ ਹਰਾ ਕੇ ਕੱਢ ਦਿੱਤਾ ਸੀ ।

[30] Macauliffe ਨੀਂਹ ਰਖਣ ਦਾ ਸਾਲ ੧੫੮੯ ਮੰਨਦਾ ਹੈ

[31] ਕਨ੍ਹਈਆ ਲਾਲ ਕਪੂਰ ਅਨੁਸਾਰ ਸੰਤੋਖਸਰ ਦੇ ਤਲਾ ਲਈ ਮੰਡੀ ਦੇ ਰਾਜੇ ਨੇ ੪੦੦੦ ਰੁਪਏ ਭੇਟਾ ਕੀਤੇ ਸਨ ।

ਬਾਦਸ਼ਾਹ ਅਕਬਰ (੧੫੫੬-੧੬੦੫)[32]੧੫੫੬ ਵਿੱਚ ਦਿੱਲੀ ਦੇ ਤਖਤ ਤੇ ਬਿਰਾਜਮਾਨ ਹੋਇਆ । ਭਾਰਤ ਦੇ ਇਤਿਹਾਸ ਵਿਚ ਜੋ ਪ੍ਰਸਿੱਧੀ ਅਕਬਰ ਨੂੰ ਨਸੀਬ ਹੋਈ ਉਹ ਹੋਰ ਕਿਸੇ ਮੁਗ਼ਲ ਬਾਦਸ਼ਾਹ ਨੂੰ ਨਸੀਬ ਨਹੀਂ ਹੋਈ । ਉਹ ਇੱਕ ਨੇਕ ਦਿਲ ਅਤੇ ਧਰਮ ਨਿਰਪੱਖ ਬਾਦਸ਼ਾਹ ਸੀ ਜਿਸ ਦੇ ਰਾਜ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਸਮਾਜਕ ਸਾਂਝ ਵਧ ਰਹੀ ਸੀ । ਅਜਿਹੀ ਸਾਂਝ ਪੈਦਾ ਕਰਨ ਵਿੱਚ ਆਪਣੇ ਥਾਂ ਤੇ ਗੁਰੂ ਅਰਜਨ ਦੇਵ ਜੀ ਵੀ ਯਤਨਸ਼ੀਲ ਸਨ । ਗੁਰੂ ਜੀ ਦੀ ਆਤਮਿਕ ਉੱਚਤਾ ਅਤੇ ਗੁਣਾਂ ਦੇ ਕਦਰਦਾਨ ਭਾਰਤ ਤੋਂ ਬਾਹਰ ਅਫ਼ਗਾਨਿਸਤਾਨ ਅਦਿ ਦੇਸ਼ਾਂ ਵਿਚ ਵੀ ਸਨ ਅਤੇ ਸੰਗਤਾਂ ਦੇ ਵਹੀਰਾਂ ਘੱਤ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਦਾ ਜ਼ਿਕਰ ਇਤਿਹਾਸ ਵਿਚ ਆਮ ਮਿਲਦਾ ਹੈ। ਆਪ ਜੀ ਦੇ ਸ਼ਰਧਾਲੂਆਂ ਵਿੱਚ ਹਿੰਦੂ, ਮੁਸਲਮਾਨ, ਅਮੀਰ ਗਰੀਬ ਅਤੇ ਇਸਤ੍ਰੀ ਪੁਰਸ਼ ਹਰ ਵਰਗ ਅਤੇ ਧਰਮ ਦੇ ਲੋਕ ਸ਼ਾਮਲ ਹੁੰਦੇ ਸਨ ।

ਮੁਸਲਮਾਨ ਸਰਕਾਰੀ ਅਫ਼ਸਰ ਵੀ ਆਪ ਜੀ ਦਾ ਪੂਰਨ ਮਾਣ ਸਤਿਕਾਰ ਕਰਦੇ ਸਨ ।ਲਾਹੌਰ ਦਾ ਮੁਸਲਮਾਨ ਨਵਾਬ ਹਸਨ ਖਾਂ ਆਪ ਜੀ ਦਾ ਇਨਾਂ ਸ਼ਰਧਾਲੂ ਸੀ ਕਿ ਜਦ ਗੁਰੂ ਜੀ ਨੇ ਡੱਬੀ ਬਜ਼ਾਰ ਲਾਹੌਰ ਵਾਲੀ ਬਾਉਲੀ ਬਨਾਉਣੀ ਆਰੰਭ ਕੀਤੀ (੧੫੯੪) ਤਾਂ ਹਸਨ ਖਾਂ ਆਪ ਹੱਥੀਂ ਸੇਵਾ ਲਰਨ ਲਈ ਹਾਜ਼ਰ ਹੋਇਆ । ਲਾਹੌਰ ਵਿੱਚ ਕਾਦਰੀ ਫਿਰਕੇ ਦੇ ਫ਼ਕੀਰ ਸਾਈਂ ਮੀਆਂ ਮੀਰ ਜੀ ਆਪ ਜੀ ਦੇ ਪਿਆਰੇ ਮਿੱਤਰ ਸਨ । ਸਾਈਂ ਜੀ ਨੂੰ ਆਪ ਜੀ ਦੀ ਰਚਨਾ 'ਸੁਖਮਨੀ ਸਾਹਿਬ' ਇਨੀ ਚੰਗੀ ਲੱਗੀ ਕਿ ਉਹ ਆਪ ਇਸ ਨੂੰ ਅਜਮੇਰ ਸ਼੍ਰੀਫ ਦੇ ਸਜਾਦਾ ਨਸ਼ੀਨ ਪਾਸ ਲੈ ਕੇ ਗਏ ਅਤੇ ਸਤਿਕਾਰ ਵਜੋਂ ਇੱਕ ਦਸਤਾਰ ਅਤੇ ਕਾਫ਼ੀ ਸਾਰਾ ਧਨ ਲੈ ਕੇ ਵਾਪਸ ਆਏ । ਕਿਹਾ ਜਾਂਦਾ ਹੈ ਕਿ ਅਕਬਰ ਦਾ ਪੁਤੱਰ ਸ਼ਹਿਜ਼ਾਦਾ ਸਲੀਮ (ਜੋ ਬਾਅਦ ਵਿੱਚ ਜਹਾਂਗੀਰ ਦੇ ਨਾਂ ਥੱਲੇ ਬਾਸ਼ਾਹ ਬਣਿਆ)[33] ਜਦ ਆਪ ਜੀ ਨੂੰ ਮਿਲਣ ਆਇਆ ਤਾਂ ਸਤਿਕਾਰ ਵਜੋਂ ਕੁੱਝ ਜ਼ਮੀਨ ਗੁਰੂ ਜੀ ਦੀ ਭੇਟਾ ਕਰ ਕੇ ਗਿਆ । ਅਕਬਰ ਆਪ ਵੀ ਗੁਰੂ ਜੀ ਦੇ ਵਿਚਾਰਾਂ ਦੀ ਬਹੁਤ ਕਦਰ ਕਰਦਾ ਸੀ ।ਅਬੁਲ ਫਜ਼ਲ ਦੇ 'ਅਕਬਰ ਨਾਮੇਂ' ਵਿਚ ਲਿਖਿਆ ਹੈ ਕਿ ੨੪ ਨਵੰਬਰ ੧੫੯੮ ਨੂੰ ਅਕਬਰ ਖ਼ੁਦ ਗੁਰੂ ਜੀ ਨੂੰ ਮਿਲਣ ਅਇਆ। ਉਹ ਲਿਖਦਾ ਹੈ:

**" ੧੩ ਆਜ਼ਰ ਨੂੰ ਹਜ਼ੂਰ ਨੇ ਹਾਥੀ ਤੇ ਸਵਾਰ ਹੋ ਕੇ ਗੋਇੰਦਵਾਲ ਦਾ ਰੁਖ ਕੀਤਾ । ਫੌਜਾਂ ਸਮੇਤ ਬਿਆਸ ਦਰਿਆ ਨੂੰ ਪਾਰ ਕਰ ਕੇ ਆਪ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਡੇਰੇ ਵਿੱਚ ਜਾ ਕੇ ਉਤਾਰਾ ਕੀਤਾ । ਗੁਰੂ ਅਰਜਨ ਦੇਵ ਜੀ ਹਿੰਦੂਆਂ ਦੇ ਪ੍ਰਸਿੱਧ ਧਾਰਮਿਕ ਆਗੂ ਹਨ ਅਤੇ ਅੱਜ ਉਨ੍ਹਾਂ ਨੂੰ ਮਿਲਣ ਦੀ ਇੱਛਾ ਪੂਰਣ ਹੋਣ ਤੇ ਬਾਦਸ਼ਾਹ ਸਲਾਮਤ ਨੂੰ ਬਹੁਤ ਪ੍ਰਸੰਨਤਾ ਹੋਈ ।" (ਅੱਕਬਰ ਨਾਮਾ ਪੰਨਾ ੫੧੪)**

ਸ਼ਹਿਨਸ਼ਾਹ ਅਕਬਰ ਸਤਿਗੁਰੂ ਜੀ ਦਾ ਸਤਿਕਾਰ ਕੇਵਲ ਧਾਰਮਿਕ ਪ੍ਰਵਿਰਤੀ ਕਾਰਨ ਹੀ ਨਹੀਂ ਸੀ ਕਰਦੇ ਉਹ ਗੁਰੂ ਜੀ ਦੇ ਵਿਅਕਤਿਤਵ ਤੋਂ ਇੰਨੇ ਪ੍ਰਭਾਵਿਤ ਸਨ ਕਿ ਸ੍ਰੀ ਏ.ਸੀ ਬੈਨਰਜੀ ਦੇ ਲਿਖਣ ਅਨੁਸਾਰ ਆਪ ਨੇ ਗੁਰੂ ਜੀ ਨਾਲ ਮਿਲ ਕੇ ਬਾਬਾ ਨਾਨਕ ਜੀ ਦੇ ਸ਼ਬਦਾਂ ਦਾ ਕੀਰਤਨ ਕੀਤਾ ਅਤੇ ਰਾਜਸੀ ਮਾਮਲਿਆ ਬਾਰੇ ਸਲਾਹ ਲਈ ।ਇਹੋ ਗਲ ਮੈਕਾਲਿਫ਼ ਸਾਹਿਬ ਆਪਣੀ ਪੁਸਤਕ "The Sikh Religion (1909)" ਦੇ ਪੰਨਾ ੮੩ ਤੇ ਲਿਖਦੇ ਹਨ । ਗੁਰੂ ਜੀ ਦੇ ਕਹਿਣ ਤੇ ਅਕਬਰ ਨੇ ਉਸ ਸਾਲ ਪੰਜਾਬ ਦਾ ੧੨% ਮਾਮਲਾ ਮੁਆਫ ਕਰ ਦਿੱਤਾ । ਇਸ ਗਲ ਦੀ ਸ਼ਾਹਦੀ 'ਖੁਲਾਸਾਤ-ਉਲ-ਤਵਾਰੀਖ' ਦਾ ਕਰਤਾ ਭੀ ਭਰਦਾ ਹੈ ।[34]ਅਜੇ ਅਕਬਰ ਪੰਜਾਬ ਵਿਚ ਹੀ ਸੀ ਕਿ ਬਟਾਲੇ ਹਿੰਦੂ

---

[32] ਅਕਬਰ ਦਾ ਪਿਤਾ ਹਮਾਯੂੰ ੨੪ ਜਨਵਰੀ ੧੫੫੬ ਨੂੰ ਆਪਣੀ ਲਾਇਬ੍ਰੇਰੀ ਵਿਚੋਂ ਨਿੱਕਲਦਾ ਹੋਇਆ ਡਿੱਗ ਕੇ ਮਰ ਗਿਆ ਸੀ ।ਅਕਬਰ ਦੀ ਤਾਜਪੋਸ਼ੀ ਕਲਾਨੌਰ ਪਿੰਡ (ਗੁਰਦਾਸਪੁਰ) ਵਿੱਚ ਅਤੇ ਉੱਸੇ ਸਮੇਂ ਦਿੱਲੀ ਵਿੱਚ ਦੋਹੀਂ ਥਾਈਂ ਹੋਈ ।

[33] ਇਸ ਦਾ ਅਸਲੀ ਨਾਮ ਨੂਰ-ਉ-ਦੀਨ ਸੀ । ਇਹ ਹਿੰਦੂ ਮਾਂ ਦੇ ਪੇਟੋਂ ਜੰਮਿਆ ਸੀ । ੨੪ ਅਕਤੂਬਰ ੧੬੦੫ ਨੂੰ ਬਾਦਸ਼ਾਹ ਬਣਿਆ। ੨੮ ਅਕਤੂਬਰ ੧੬੨੭ ਨੂੰ ਦਮੇ ਦੇ ਰੋਗ ਨਾਲ ਚਲਾਣਾ ਕਰ ਗਿਆ । ਇਸੇ ਨੇ ਕੱਟੜ ਮੁਲਾਣਿਆਂ ਦੀ ਸ਼ਹਿ ਤੇ ਗੁਰੂ ਜੀ ਨੂੰ ਸ਼ਹੀਦ ਕਰਵਾਇਆ ਸੀ।

[34] "ਬਾਦਸ਼ਾਹੀ ਫੋਜਾਂ ਦੇ ਇਥੇ ਆ ਕੇ ਟਿਕਣ ਕਾਰਨ ਪੰਜਾਬ ਵਿਚ ਅਨਾਜ ਦਾ ਭਾਅ ਮਹਿੰਗਾ ਸੀ ਜਿਸ ਕਰਕੇ ਇਲਾਕਿਆਂ ਦਾ ਮਾਮਲਾ ਵਧ ਚੁੱਕਾ ਸੀ । ਫੌਜ ਦੇ ਇਕ ਦਮ ਪੰਜਾਬੋਂ ਚਲੇ ਜਾਣ ਕਾਰਨ ਅਨਾਜ ਦਾ ਭਾਅ ਸਸਤਾ ਹੋ ਗਿਆ ਹੈ ਅਤੇ ਪਰਜਾ ਮਾਲੀਆ ਦੇਣ ਤੋਂ ਅਸਮ੍ਰਥ ਹੈ । ਗੁਰੂ ਜੀ ਦੇ ਕਹਿਣ ਤੇ ਵੱਡੇ ਦੀਵਾਨੀ ਹਾਕਮ ਨੂੰ ਹੁਕਮ ਕਰ ਦਿੱਤਾ ਗਿਆ ਹੈ ਕਿ ੧੦ ਤੋਂ ੧੨% ਤੱਕ ਮਾਲੀਆ ਮੁਆਫ ਕਰ ਦਿੱਤਾ ਜਾਵੇ । ਮਾਲੀਆ ਵਸੂਲ ਕਰਨ ਵਾਲਿਆਂ ਨੂੰ ਤਾਕੀਦ ਕੀਤੀ ਜਾਵੇ ਕਿ ਇਸ ਹੁਕਮ ਅਨੁਸਾਰ ਰਿਆਇਆ ਨੂੰ ਰਿਆਇਤ ਕਰ ਦੇਣ ਤੇ ਵਧੀਕ ਮਾਲੀਆ

ਸੰਨਿਆਸੀਆਂ ਅਤੇ ਮੁਸਲਮਾਨ ਫ਼ਕੀਰਾਂ ਦਰਮਿਆਨ ਕਿਸੇ ਗੱਲ ਤੋਂ ਝਗੜਾ ਹੋ ਗਿਆ । ਮੁਸਲਮਾਨਾਂ ਨੇ ਹਿੰਦੂਆਂ ਦੇ ਮੰਦਰ ਢਾਹ ਦਿੱਤੇ ਜਿਸ ਕਾਰਨ ਬੜੇ ਭਿਆਨਕ ਫ਼ਸਾਦ ਹੋਏ । ਅਕਬਰ ਨੇ ਇਸ ਝਗੜੇ ਨੂੰ ਨਜਿੱਠਣ ਲਈ ਗੁਰੂ ਜੀ ਦੀ ਸਹਾਇਤਾ ਲਈ । ਸੁਜਾਨ ਰਾਏ ਭੰਡਾਰੀ ਦੀ ਲਿਖਤ ਅਨੁਸਾਰ ਗੁਰੂ ਜੀ ਦੇ ਕਹਿਣ ਤੇ ਮੁਸਲਮਾਨਾਂ ਨੇ ਨਾ ਕੇਵਲ ਸਖ਼ਤ ਸਜ਼ਾਵਾਂ ਹੀ ਸਹਿਣੀਆਂ ਪ੍ਰਵਾਣ ਕਰ ਲਈਆਂ ਸਗੋਂ ਮੰਦਰਾਂ ਨੂੰ ਆਪਣੇ ਹੱਥਾਂ ਨਾਲ ਦੁਬਾਰਾ ਉਸਾਰਿਆ ।[੩੫] ਇੰਝ ਅਸੀਂ ਦੇਖਦੇ ਹਾਂ ਕਿ ਸਤਿਗੁਰੂ ਜੀ ਆਪਣੇ ਸਮੇਂ ਦੇ ਇੱਕ ਪ੍ਰਸਿੱਧ,ਹਰਮਨ ਪਿਆਰੇ ਅਤੇ ਪ੍ਰਭਾਵਸ਼ਾਲੀ ਵਿਅਕਤੀ ਸਨ ਤੇ ਇਹੋ ਗੱਲ ਪਿਛੋਂ ਜਾ ਕੇ ਉਨ੍ਹਾਂ ਦੀ ਸ਼ਹੀਦੀ ਦਾ ਕਾਰਨ ਬਣੀ ।

## ੨.੨ ਅਕਬਰ ਤੋਂ ਪਹਿਲਾਂ ਦੀ ਹਾਲਤ

ਅਕਬਰ ਦੇ ਬਾਦਸ਼ਾਹ ਬਨਣ ਤੋਂ ਪਹਿਲਾਂ ਮੁਸਲਮਾਨ ਬਾਦਸ਼ਾਹਾਂ ਅਤੇ ਸ਼ਾਸਕਾਂ ਦਾ ਰਵਈਆ ਗ਼ੈਰ-ਮੁਸਲਿਮ ਪਰਜਾ ਪ੍ਰਤੀ ਸੁਲਾਹ-ਕੁਨ ਜਾਂ ਸਹਿਨਸ਼ੀਲਤਾ ਵਾਲਾ ਨਹੀਂ ਸੀ ਸਗੋਂ ਈਰਖਾ ਅਤੇ ਜਨੂੰਨ ਭਰਿਆ ਸੀ । ਮਿਸਾਲ ਦੇ ਤੌਰ ਤੇ ਅਲਾਉਦੀਨ ਖ਼ਿਲਜੀ ਨੂੰ ਹੀ ਲਵੋ । ਉਸ ਨੇ ਦਾਅਵਾ ਕੀਤਾ ਸੀ ਕਿ ਉਹ ਹਜ਼ਰਤ ਮੁਹੰਮਦ ਸਾਹਿਬ ਦਾ ਅਵਤਾਰ ਹੈ । ਮੁਹਮੰਦ ਸਾਹਿਬ ਵਾਂਗ ਹੀ ਉਸ ਨੇ ਚਾਰ ਯਾਰ(ਉਲਘ ਖਾਨ, ਨੁਸਰਤ ਖਾਨ, ਜ਼ਫਰ ਖਾਨ ਅਤੇ ਅਲਫ ਖਾਨ) ਨਿਯੁਕਤ ਕੀਤੇ ਹੋਏ ਸਨ । ਜਿਨ੍ਹਾਂ ਦੀ ਸਹਾਇਤਾ ਨਾਲ ਹਿੰਦੂਆਂ ਦਾ ਕਤਲ-ਏ-ਆਮ ਕਰ ਕੇ ਇਸਲਾਮ ਫੈਲਾਉਣ ਦਾ ਯਤਨ ਕਰਦਿਆਂ ਉਸਨੇ ਸਹਿਨਸ਼ੀਲਤਾ ਤੇ ਸਾਂਝੀਵਾਲਤਾ ਦਾ ਗ਼ਲਾ ਘੁੱਟ ਛੱਡਿਆ ਸੀ ।[੩੬] ਚਾਰ ਯਾਰਾਂ ਵਿਚੋਂ ਇਕ ਦਾ ਭਾਸ਼ਨ ਮੁਹੰਮਦ ਲਤੀਫ਼ ਨੇ ਆਪਣੀ ਪੁਸਤਕ "History of the Punjab (1891)" ਦੇ ਪੰਨਾ ੨੪੦ ਉਤੇ ਇਸ ਤਰਾਂ ਦਰਜ ਕੀਤਾ ਹੈ: :

**" ਰੱਬ ਦੇ ਨਾਂ ਤੇ ਡੋਲ੍ਹਿਆ ਖੂਨ ਤੇ ਕਤਲ ਕਰਨ ਵਿੱਚ ਗੁਜ਼ਾਰੀ ਇੱਕ ਰਾਤ ਦਾ ਸਵਾਬ (ਪੁੰਨ) ਮੋਮਨ (ਮੁਸਲਮਾਨ) ਲਈ ਦੋ ਮਹੀਨੇ ਦੇ ਰੋਜ਼ਿਆਂ ਤੇ ਨਮਾਜ਼ਾਂ ਨਾਲੋਂ ਕਿਤੇ ਵਧੇਰੇ ਹੈ । ਜੋ ਵੀ ਇਸ ਜਹਾਦ ਵਿੱਚ ਸ਼ਹੀਦ ਹੁੰਦਾ ਹੈ ਉਹ ਸਿੱਧਾ ਬਹਿਸ਼ਤਾਂ (ਸਵਰਗ) ਨੂੰ ਜਾਂਦਾ ਹੈ"।**[੩੭]

---

ਵਸੂਲ ਨਾ ਕਰਨ ।"ਖੁਲਾਸਾਤੁਲ-ਤਵਾਰੀਖ (੧੬੯੫-੯੬ ਈਸਵੀ) ਪੰਨਾ ੪੫੨"। ਅਸਲ ਲਿਖਤ ਇਸ ਤਰ੍ਹਾਂ ਹੈ, " ਅਜ਼ ਨਜ਼ੂਲਿ ਆਸ਼ਕਾਰੇ ਮਨਸੂਰ ਦਰ ਪੰਜਾਬ ਨਿਰਖੇ ਗ਼ਲਾ ਗਿਰਾ ਬੂਦ,ਅਜੀ ਜ਼ਿਹਤ ਜ਼ਮਾਮ ਪਰਗਨਾਤ ਜ਼ਿਆਦਾ ਸ਼ੁਦ,ਅਲਹਾਲ ਅਜ਼ ਇਤਹਾਜਿ ਅਫ਼ਵਾਜੇ ਕਾਹਿਰੇ ਗੱਲਾਤ ਰੂਬ ਅਰਜਾਨੀ ਆਵੁਰਦਾ। ਰਿਆਇਆ ਅਜ਼ ਉਹਦਾ ਅਦਾਏ ਜਮਾਅ ਨਮੇਂ ਤਵਾਨਦ ਬ੍ਰਾਮਦ। ਹਸਬ ਇਲਤਿਮਾਸਿ ਓ ਦੀਵਾਨੀਆਨੇ ਉਜਾਮ ਹੁਕਮ ਸ਼ੁਦ ਕਿ ਬ-ਹਿਸਾਬ ਦਰ ਦਰਵਾਜ਼ਦਹ ਅਜ਼ ਜਮਾਅ ਵਾ ਰਿਆਇਆ ਤਖ਼ਫੀਫ ਦਿਹੰਦਾ ਵ ਤਾਕੀਦ ਹ ਅਮਾਲ ਕੁਨਦ ਕਿ ਮੁਤਾਬਕਿ ਆ ਬ-ਰਿਆਯਾ ਰਿਆਇਤ ਨਮਦ ਜ਼ਿਆਦਾ ਤਲਬੀ ਨ ਨੁਮਾਇਅੰਦ"(ਖ਼ਲਾਸਾਤੁਲਤਵਾਰੀਖ ੧੬੯੫-ਪੰਨਾ ੪੫੨)

[35] "When his majesty left Lahore and reached the neighbourhood of Batala, he came to know that a fight had taken place in the house of Achal between Musalman fakirs and a group of Hindu sanyasis. The Muslim fakirs prevailed and by way of retaliation they demolished the temples of the place." Khulasat-ul-Twarikh Sujan Rai Bhandari)

[36] ਅਲਾਉਦੀਨ ਨੇ ਆਪਣੇ ਵਿਸ਼ਵਾਸਪਾਤਰ ਸੇਵਕ ਉਲਘ ਖਾਂ ਨੂੰ ਦਖਣੀ ਭਾਰਤ ਦੇ ਹਿੰਦੂ ਵਪਾਰੀਆਂ ਨੂੰ ਮਾਰਨ ਤੇ ਲੁੱਟਣ ਲਈ ਭੇਜਿਆ। ਉਲਘ ਖਾਂ ਅਚਾਨਕ ਮਰ ਗਿਆ ਤਾਂ ਉਸ ਦੀ ਥਾਂ ਕਾਫ਼ੂਰ ਦੀਨਾਰੀ ਨੂੰ ਭੇਜਿਆ ਗਿਆ । ਦੀਨਾਰੀ ਨੇ ਅਨੇਕਾਂ ਹਿੰਦੂ ਮੰਦਰਾਂ ਨੂ ਲੁੱਟਿਆ ਤੇ ਢਵਾਇਆ,ਪਿੰਡਾਂ ਨੂ ਅੱਗਾਂ ਲਗਵਾਈਆਂ ਅਤੇ ਹਜ਼ਾਰਾਂ ਲੋਕਾਂ ਨੂੰ ਜੋ ਮੁਸਲਮਾਨ ਬਨਣ ਤੋਂ ਇਨਕਾਰੀ ਹੋਏ ਕਤਲ ਕਰਵਾਇਆ । ਅਮੀਰ ਖ਼ੁਸਰੋ ਲਿਖਦਾ ਹੈ ਕਿ ਦੀਨਾਰੀ ਛੇ ਸੌ ਹਾਥੀ, ਛਿਆਂਨਵੇਂ ਮਣ ਸੋਨਾ, ਤਿੰਨ ਮਣ ਹੀਰੇ ਮੋਤੀ, ਢਾਈ ਹਜ਼ਾਰ ਘੋੜੇ ਅਤੇ ਇੱਕ ਹਜ਼ਾਰ ਸੁੰਦਰ ਇਸਤ੍ਰੀਆਂ ਲੈ ਕੇ ਮੁੜਿਆ । ਅਲਾਉਦੀਨ ਤੋਂ ਬਾਅਦ ਮੁਬਾਰਕ ਸ਼ਾਹ ਦਿੱਲੀ ਦਾ ਬਾਦਸ਼ਾਹ ਬਣਿਆ । ਉਸ ਨੇ ਖ਼ੁਸਰੋ ਖ਼ਾਨ ਨੂੰ ਮਾਲਾਬਾਰ ਨੂੰ ਲੁੱਟਣ ਅਤੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਭੇਜਿਆ । ਇਸ ਵਾਰ ਹਿੰਦੂ ਪਹਿਲਾਂ ਹੀ ਭੱਜ ਗਏ ਪਰ ਫੇਰ ਵੀ ਲਹੂ ਦੇ ਦਰਿਆ ਵਗ ਤੁਰੇ ਅਤੇ ਕਿਸੇ ਦੇ ਘਰ ਕੌਡੀ ਤੱਕ ਨਾ ਛੱਡੀ ਗਈ ਅਤੇ ਨਾਂ ਹੀ ਕੋਈ ਜਵਾਨ ਕੁੜੀ ।

[37] ਇਹੋ ਕੰਮ ਅਮੀਰ ਤੈਮੂਰ ਨੇ ੧੩੯੮ ਵਿੱਚ ਦਿੱਲੀ ਦਾ ਕਤਲਿ-ਆਮ ਕਰਕੇ ਕੀਤਾ ਸੀ ।ਤੁਜ਼ਕ-ਏ-ਤੈਮੂਰੀ ਦੇ ਪੰਨਾ ੧੧੭ ਪੈਰਾ ੨ ਵਿੱਚ ਲਿਖਿਆ ਹੈ , "ਹਿੰਦੋਸਤਾਨ ਮੇਂ ਵਹਾਂ ਕੇ ਹੁਕਾਮ (ਸ਼ਾਸ਼ਕ) ਸੁਲਤਾਨ ਮਹਿਮੂਦ, ਮੱਲੂ ਖਾਂ ਔਰ ਸਾਰੰਗ ਕੇ ਹਾਥੋਂ ਬੁਤ-ਖਾਨੇ (ਮੰਦਰ) ਆਮ ਹੋ ਚੁਕੇ ਥੇ । ਕੁਫਰ-ਓ-ਸ਼ਰਕ ਕਾ ਦੌਰ ਦੌਰਾ ਥਾ ਔਰ ਸ਼ਰਈਅਤ ਮੁਹੰਮਦੀ ਬਿਲਕੁਲ ਕਮਜ਼ੋਰ ਹੋ ਚੁਕੀ ਥੀ । …………ਮੈਂ ਨੇ ਕੁਫਰ-ਓ-ਸ਼ਰਕ-ਓ ਬਿੱਦਤ ਕਾ ਕੁਲ੍ਹਾ ਕੰਮਾ ਕਰ ਕੇ ਸ਼ਰਈਅਤ ਮੁਹੰਮਦੀ ਕੋ ਫ਼ਰੋਗ਼ ਦੀਆ। Tuzk-i-Timuri (translation) reads:

"I proclaimed throughout the camp that every man who had infidel prisoners should put them to death, and whoever neglected to do so should himself be executed and his property given to the informer. When this

ਬਾਦਸ਼ਾਹ ਅਲਾਉਦੀਨ ਦੇ ਇੱਕ ਹੁਕਮ ਨੂੰ ਤਜ਼ਜ਼ਿਆਤ-ਉਲ-ਅਸਾਰ ਵਿੱਚ ਹੇਠ ਲਿਖੇ ਅਨੁਸਾਰ ਦਰਜ ਕੀਤਾ ਗਿਆ ਹੈ :

**“ਹਿੰਦੂਆਂ ਨੂੰ ਧਰਤੀ ਵਾਂਗ ਤੇਜਹੀਣ ਹੋਣਾ ਪਵੇਗਾ । ਇਨ੍ਹਾਂ ਕੋਲੋਂ ਚਾਂਦੀ ਮੰਗੀ ਜਾਵੇ ਤਾਂ ਇਨ੍ਹਾਂ ਨੂੰ ਅਤੀ ਅਧੀਨਗੀ ਨਾਲ ਸੋਨਾ ਭੇਟਾ ਕਰਨਾ ਚਾਹੀਦਾ ਹੈ । ਜੇ ਕੋਈ ਮੁਸਲਮਾਨ ਕਿਸੇ ਹਿੰਦੂ ਦੇ ਮੂੰਹ ਵਿੱਚ ਥੁੱਕਣ ਦੀ ਇੱਛਾ ਕਰੇ ਤਾਂ ਹਿੰਦੂ ਨੂੰ ਆਪਣਾ ਮੂੰਹ ਪੂਰੀ ਤਰਾਂ ਖੋਲ੍ਹਣਾ ਚਾਹੀਦਾ ਹੈ । ਅੱਲ੍ਹਾ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੀ ਬਗਾਰ ਲਈ ਪੈਦਾ ਕੀਤਾ ਹੈ । ਹਜ਼ਰਤ ਮੁਹਮੰਦ ਨੇ ਹੁਕਮ ਦਿੱਤਾ ਸੀ ਕਿ ਜੇ ਕਰ ਕੋਈ ਹਿੰਦੂ ਇਸਲਾਮ ਕਬੂਲਣ ਤੋਂ ਇਨਕਾਰ ਕਰੇ ਤਾਂ ਮਾਰ ਦਿਉ ਤੇ ਉਸਦਾ ਮਾਲ ਧਨ ਲੁੱਟ ਲਉ ।**[੩੮]

ਸਕੰਦਰ ਲੋਧੀ (੧੪੪੯-੧੫੧੭) ਗੁਰੂ ਨਾਨਕ ਸਾਹਿਬ ਦਾ ਸਮਕਾਲੀ ਸੀ । ਇਕ ਵਾਰ ਉਸ ਨੇ ਇਹ ਇੱਛਾ ਪਰਗਟਾਈ ਕਿ ਕੁਰੁਕੁਛੇਤਰ ਵਿਚ ਇਕੱਠੇ ਹੋਏ ਸਾਰੇ ਹਿੰਦੂਆਂ ਨੂੰ ਇੱਕੋ ਵੇਲੇ ਕਤਲ ਕਰਵਾ ਦਿੱਤਾ ਜਾਵੇ । ਮਲਕ-ਉਲ-ਉਮਰਾ ਮੀਆਂ ਅਬਦੁਲਾ ਨੇ ਕਿਹਾ ਕਿ ਐਸਾ ਕਰਨਾ ਰਸੂਲ ਦਾ ਹੁਕਮ ਨਹੀਂ ਹੈ । ਸਕੰਦਰ ਨੇ ਕ੍ਰੋਧ ਵਿਚ ਆ ਕੇ ਕਿਹਾ, “You side with the infidels. I will first put an end to you and then massacre the Hindus at Kurkhet”(Tarikh-e-Daudi by Abdulla Vol. IV page 439-40)[੩੯]

---

order became known to the ghazis of Islam, they drew their swords and put their prisoners to death. One hundred thousand infidels, impious idolators, were on that day slain. Maulana Nasiruddin Umar, a counselor and man of learning, who, in all his life, had never killed a sparrow, now, in execution of my order, slew with his sword fifteen idolatrous Hindus, who were his captives."……………………………"Many of them (Hindus) drew their swords and resisted...The flames of strife were thus lighted and spread through the whole city from Jahanpanah and Siri to Old Delhi, burning up all it reached. The Hindus set fire to their houses with their own hands, burned their wives and children in them and rushed into the fight and were killed. On that day, Thursday, and all the night of Friday, nearly 15,000 Turks were engaged in slaying, plundering and destroying. When morning broke on Friday, all my army went off to the city and thought of nothing but killing, plundering and making prisoners... .The following day, Saturday the 17th, all passed in the same way, and the spoil was so great that each man secured from fifty to a hundred prisoners, men, women, and children. There was no man who took less than twenty. The other booty was immense in rubies, diamonds, garnets, pearls, and other gems and jewels; ashrafis, tankas of gold and silver of the celebrated Alai coinage: vessels of gold and silver; and brocades and silks of great value. Gold and silver ornaments of Hindu women were obtained in such quantities as to exceed all account. Excepting the quarter of the Saiyids, the Ulama and the other Musulmans, the whole city was sacked."
ਇਸੇ ਪੁਸਤਕ ਵਿੱਚ ਅਗੇ ਜ਼ਿਕਰ ਹੈ ਕਿ ਤੈਮੂਰ ਨੇ ੭,੫੨,੦੦੦ ਹਿੰਦੂ ਕਤਲ ਕਰਵਾਏ ਤੇ ੨੯੦੦੦ ਜਿਊਂਦੇ ਜਲਾਏ । ਤਾਰੀਖ-ਏ-ਇਲਾਹੀ ਵਿਚ ਲਿਖਿਆ ਹੈ ਕਿ ਮੁਹੰਦ ਤੁਗਲਕ ਹਰ ਰੋਜ਼ ੨੦੦੦ ਹਿੰਦੂਆਂ ਨੂੰ ਮਰਵਾਉਂਦਾ ਸੀ ਤੇ ਉਨ੍ਹਾਂ ਦੇ ਖੂਨ ਨਾਲ ਮੂਰਤੀਆਂ ਨੂੰ ਲਬੇੜ ਕੇ ਢੇਰ ਲਾਉਂਦਾ ਸੀ ।

[੩੮] “If the officer throws dust into their mouths, they must without reluctance open their mouths wide to receive it……………..To keep the Hindus in abasement is especially a religious duty, because they are the most inveterate enemies of the prophet, and because the prophet has commanded us to slay them, plunder them and make them captive”(Qazi Mughlis-ud-din of Bayana Tarikh-e-Ferozeshai Vol.III page 184) ਕੁਰਾਨ ਵਿੱਚ ਸ਼ਬਦ “ਹਿੰਦੂ” ਕਿਧਰੇ ਵੀ ਨਹੀਂ ਹੈ ਤੇ ਨਾ ਹੀ ਕੋਈ ਅਜਿਹਾ ਹੁਕਮ ਹੈ ।ਕੁਰਾਨ ਵਿੱਚ ਸ਼ਬਦ “ਕਾਫ਼ਰ” ਜਾਂ “ਕਾਫਿਰੂਨ” ਲਗ ਪੱਗ ਹਰ ਸੂਰੇ ਵਿੱਚ ਹੀ ਆ ਜਾਂਦਾ ਹੈ । ਮੁਹੰਮਦ ਵੇਲੇ ਕਾਫ਼ਰ ਸ਼ਬਦ ਯਹੂਦੀਆਂ ਲਈ ਵਰਤਿਆ ਜਾਂਦਾ ਸੀ ਜੋ ਇਸਲਾਮ ਦੇ ਵਿਰੋਧੀ ਸਨ । ਓਰੀਐਂਟਲ ਪਬਲਿਕ ਲਾਇਬ੍ਰੇਰੀ ਪਟਨਾ ਦੇ ਡਾ: ਆਬਿਦ ਰਜ਼ਾ ਬੇਦਰ ਨੇ ਕਹਿ ਦਿੱਤਾ ਸੀ,”ਕਾਫ਼ਰ ਦਾ ਸ਼ਬਦ ਹਿਦੂਆਂ ਲਈ ਨਹੀਂ ਵਰਤਿਆ ਜਾ ਸਕਦਾ”. ਮੁਲਾਣਿਆ ਨੇ ਲਿਖਤੀ ਮੁਆਫ਼ੀ ਮੰਗਵਾ ਕੇ ਉਸ ਦੀ ਜਾਨ ਛੱਡੀ ਸੀ। ਸਕਤੇ ਦਾ ਸਤੀਂ ਵੀਹੀਂ ਸੌ ਵਾਲੀ ਗੱਲ ਹੈ ।੭੩ ਹਿਜਰੀ ਵਿਚ ਖਲੀਫਾ ਵਲੀਦ ਨੇ ਵੀ ਹੱਜਾਜ ਨੂੰ ਲਿਖਿਆ ਸ਼ੀ, “God says give no quarter to the infidels,but cut their throats.This is the command of the great God.You should not be too ready to grant protection,because it will prolong your work (Elliots History of India Vol.I page 173-74

[39] Read the following books about the Muslim atrocities and their long-term effect on Indians.

ਭਾਵੇਂ ਜਨ ਸਾਧਾਰਣ ਵੀ ਦੁਖੀ ਸਨ ਪਰ ਧਾਰਮਿਕ ਆਗੂ ਅਤੇ ਬੁੱਧੀ ਜੀਵੀ ਤਾਂ ਅਤਿ ਕਠਨ ਸਮੇਂ ਵਿਚੋਂ ਲੰਘ ਰਹੇ ਸਨ । ਬਨਾਰਸ ਦੇ ਪ੍ਰਸਿੱਧ ਵਿਦਵਾਨ ਬੋਧਨ ਨੂੰ ਕੇਵਲ ਇਸ ਲਈ ਮਰਵਾ ਦਿੱਤਾ ਗਿਆ ਸੀ ਕਿਉਂਕਿ ਉਸ ਨੇ ਕਹਿ ਦਿੱਤਾ ਸੀ ਕਿ , "ਹਿੰਦੂ ਵੀ ਚੰਗੇ ਹਨ ਤੇ ਮੁਸਲਮਾਨ ਵੀ ਚੰਗੇ ਹਨ'। ੧੪੯੬ ਵਿੱਚ ਸਕੰਦਰ ਲੋਧੀ ਨੇ ਭਗਤ ਕਬੀਰ ਨੂੰ ਜਿਉਂਦਿਆਂ ਗੰਗਾ ਵਿੱਚ ਸੁਟਵਾਇਆ ਸੀ । ਉਸ ਦਾ ਕਸੂਰ ਇਹ ਸੀ ਕਿ ਉਹ ਵਿਦਵਾਨ ਸੀ ਤੇ ਹਿੰਦੂ ਧਰਮ ਨਾਲ ਮੱਸ ਰਖਦਾ ਸੀ ।[੪੦]

ਭਾਵੇਂ ਅਕਬਰ ਦੇ ਬਾਦਸ਼ਾਹ ਬਨਣ ਤੱਕ ਇਤਿਹਾਸ ਨੇ ਕਈ ਪਲਟੇ ਖਾ ਲਏ ਸਨ ਪ੍ਰੰਤੂ ਸਾਲਾਂ ਬੱਧੀ ਪਰਚਾਰੀ ਗਈ ਨਫ਼ਰਤ ਲੋਕਾਂ ਦੇ ਦਿਲਾਂ ਵਿੱਚ ਵਸ ਗਈ ਸੀ । ਹਰ ਕੱਟੜ ਮੁਸਲਮਾਨ ਹਿੰਦੂ ਦੇ ਲਹੂ ਦਾ ਤਿਹਾਇਆ ਸੀ

## ੨.੩ ਅਕਬਰ ਦੀ ਨੀਤੀ ਤੇ ਉਸ ਦੇ ਪ੍ਰਭਾਵ

ਅਕਬਰ ਨੇ ਇਹ ਗੱਲ ਚੰਗੀ ਤਰਾਂ ਸਮਝ ਲਈ ਸੀ ਕਿ ਜੇ ਕਰ ਸਥਾਈ ਰਾਜ ਦੀ ਨੀਂਹ ਰਖਣੀ ਹੈ ਤਾਂ ਧਾਰਮਿਕ ਕੱਟੜਤਾ ਦੀ ਜ਼ਹਿਰ ਨੂੰ ਖ਼ਤਮ ਕਰਨਾ ਜ਼ਰੂਰੀ ਹੈ । ਉਹ ਚਾਹੁੰਦਾ ਸੀ ਕਿ ਭਾਰਤਵਾਸੀ ਹਿੰਦੂਆਂ ਤੇ ਮੁਸਲਮਾਨਾਂ ਨੂੰ ਅਜਿਹਾ ਸਾਂਝਾ ਤੇ ਸੁਖਾਵਾਂ ਰਾਜ-ਸੰਕਲਪ ਦਿੱਤਾ ਜਾਵੇ ਕਿ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਸੁਖੀ ਵਸਣ ਤੇ ਆਪਣੇ ਆਪਣੇ ਧਰਮ, ਸੰਸਕ੍ਰਿਤੀ, ਰਹੁ ਰੀਤੀ ਤੇ ਵੀਚਾਰ-ਪ੍ਰੰਪਰਾ ਨੂੰ ਬਿਨਾ ਰੋਕ ਟੋਕ ਪ੍ਰਫੁਲਤ ਕਰ ਸਕਣ । ਆਪਣੀ ਬਾਦਸ਼ਾਹਤ ਦਾ ਸਾਰਾ ਸਮਾਂ ਉਹ ਇਸ ਪਾਲਸੀ ਤੇ ਡੱਟਿਆ ਰਿਹਾ । ਉਸ ਨੇ ਐਲਾਨ ਕੀਤਾ

**"ਮੇਰੀ ਦਿਲੀ ਇੱਛਾ ਹੈ ਕਿ ਜਿਸ ਤਰਾਂ ਸ਼ਿਵਜੀ ਨੇ ਆਸਮਾਨ ਤੋਂ ਗੰਗਾ ਹੇਠ ਲਿਆਂਦੀ ਸੀ ਮੈਂ ਬਹਿਸ਼ਤ (ਸੁਰਗ) ਵਿਚੋਂ ਹੌਦਿ-ਏ-ਕੌਸਰ ਦਾ ਆਬ-ਏ-ਹਿਆਤ (ਅੰਮ੍ਰਿਤ ਜਲ) ਹੇਠਾਂ ਉਤਾਰਾਂ ਅਤੇ ਉਸ ਰਵਸ਼ ਨੂੰ ਗੰਗਾ ਧਾਰਾ ਵਿੱਚ ਮਿਲਾ ਦੇਵਾਂ । ਫੇਰ ਸਾਰਾ ਹਿੰਦੁਸਤਾਨ ਹੀ ਜੰਨਤ (ਸਵਰਗ) ਹੋ ਜਾਵੇ । ਗੰਗਾ ਦੇ ਕਿਨਾਰੇ ਦਰਖ਼ਤ ਤੂਬਾ ਦੇ ਜੰਗਲ ਉੱਗ ਪੈਣ । ਸਾਰੇ ਮੁਲਕ ਵਿਚ ਅੰਮ੍ਰਿਤ ਦੀਆਂ ਰਵਸ਼ਾਂ ਵਗ ਟੁਰਨ । ਦੀਨ-ਏ-ਇਲਾਹੀ ਨਾਲ ਇਸ ਦੇਸ਼ ਦੇ ਬੰਜਰ ਸੈਰਾਬ ਹੋ ਜਾਣ । ਮੁੜ ਅਦਨ ਦੇ ਬਾਗ ਦਾ ਨਮੂਨਾ ਪੈਦਾ ਹੋ ਜਾਵੇ"।** (ਕਲਮ ਦੀ ਕਰਾਮਾਤ ਪੰਨਾ ੨੨੫)

ਆਪਸੀ ਘਿਰਣਾ ਅਤੇ ਵਿਤਕਰੇ ਦੀ ਨਵਿਰਤੀ ਲਈ ਉਸ ਨੇ ਹਿੰਦੂਆ ਅਤੇ ਮੁਸਲਮਾਨਾਂ ਵਿਚਕਾਰ ਵਿਅਹ ਸ਼ਾਦੀ ਦਾ ਰਵਾਜ ਵੀ ਪਾਇਆ ।ਉਸ ਨੇ ਆਪ ਰਾਜਾ ਭਗਵਾਨ ਦਾਸ ਦੀ ਭੈਣ ਨਾਲ ਸ਼ਾਦੀ ਕਰਵਾ ਕੇ ਅੰਤ੍ਰਜ਼ਾਤੀ ਵਿਆਹਾਂ ਦਾ ਰਿਵਾਜ ਪਾਇਆ । ਅਕਬਰ ਨੇ ਹੋਰਨਾਂ ਦਰਬਾਰੀਆਂ ਨੂੰ ਵੀ ਅੰਤ੍ਰਜ਼ਾਤੀ ਵਿਆਹਾਂ ਲਈ ਪ੍ਰੇਰਿਆ । ਹਿੰਦੂਆਂ ਵਿਰੁੱਧ ਬਣੇ ਹੋਏ ਸਖ਼ਤ ਕਾਨੂਨ ਮਨਸੂਖ ਕਰ ਦਿੱਤੇ ਗਏ । ਗੁਰੂ ਅਰਜਨ ਦੇਵ ਜੀ ਵਰਗੇ ਮਹਾਂ ਪਰੁਖਾਂ ਨਾਲ ਨੇੜਤਾ ਵਧਾਈ ਗਈ । ਬਗੈਰ ਧਾਰਮਿਕ ਦੁਰਾਂਡੇ ਦੇ ਹਿੰਦੂਆਂ ਨੂੰ ਉੱਚੀਆਂ ਸਰਕਾਰੀ ਨੌਕਰੀਆਂ ਉੱਪਰ ਲਾਇਆ ਗਿਆ । ਪਦਵੀਆਂ

---

1.History of India told by its own historians Kitab Mahal Allahbad. 2. Taj-ul-Masir by Hasan Nizami 3. Twarikh-e-Ilahi by Amir Khusro 4. Tarikh-e-Ferozeshai by Zia-ud-din barni 5. Malfuzat-e-Timuri and Tuzak-e-Timuri

[40] ਮੀਆਂ ਬੁਆ ਸੰਸਕ੍ਰਿਤ ਦੇ ਵਿਦਵਾਨ ਸਨ । ਉਨ੍ਹਾਂ ਨੇ ਸੰਸਕ੍ਰਿਤ ਦੇ ਗ੍ਰੰਥ 'ਮਹਾਂ ਵੈਦਕ' ਨੂੰ ਫਾਰਸੀ ਵਿੱਚ ਉਲੱਥਾ ਕੇ ਉਸ ਦਾ ਨਾਂ 'ਤਿਬ-ਏ-ਸਕੰਦਰੀ' ਰੱਖਿਆ । ਇਬਰਾਹੀਮ ਨੇ ਉਸ ਨੂੰ ਇਸੇ ਜੁਰਮ ਵਿੱਚ ਕਤਲ ਕਰਵਾਇਆ । ਇਹ ਉਹੀ ਇਬਰਾਹੀਮ ਸੀ ਜੋ ਹਰ ਚੜ੍ਹਦੇ ਸੂਰਜ ਜਮਨਾ ਦੇ ਕਿਨਾਰੇ ਹਿੰਦੂਆਂ ਦੀਆਂ ਲਾਸ਼ਾਂ ਦੇ ਢੇਰ ਲਵਾਇਆ ਕਰਦਾ ਸੀ । ਫੀਰੋਜ਼ ਤੁਗਲਕ ਨੇ ਭਗਤ ਨਾਮਦੇਵ ਜੀ ਨੂੰ ਹਾਥੀ ਹੇਠ ਲਿਤਾੜ ਕੇ ਮਾਰਨ ਦਾ ਹੁਕਮ ਦੇ ਦਿੱਤਾ ਸੀ । In his autobiography Feroze Tughlak writes, " I encouraged my infidel subjects to embrace the religion of the prophet,and I proclaimed that everyone who repeated the creed and became a Musalaman should be exempt from *jazia, a poll tax.*Information of this came to the ears of the people at large and great numbers of Hindus presented themselves and were admitted to the honour of Islam."

(Fatuhat-Ferozeshahi Vol.III page 380)

ਦੀ ਚੋਣ ਧਰਮ ਦੀ ਥਾਂ ਗੁਣਾਂ ਦੇ ਆਧਾਰ ਤੇ ਹੋਣ ਲੱਗੀ । " ਹਿੰਦੂ ਰਾਜੇ ਜਿਨ੍ਹਾਂ ਦੀ ਸੈਨਿਕ ਸ਼ਕਤੀ ਸਦਾ ਅਸਾਡੇ ਵਿਰੁੱਧ ਲੜਦੀ ਤੇ ਆਕੀ ਰਹਿੰਦੀ ਸੀ ਹੁਣ ਮੇਰੀਆਂ ਆਪਣੀਆਂ ਫੋਜਾਂ ਦਾ ਅੰਗ ਬਣ ਚੁੱਕੀ ਹੈ ਅਤੇ **ਇਸਲਾਮੀ ਰਾਜ** ਨੂੰ ਹਿੰਦੋਸਾਤਾਨ ਦੇ ਕੋਨੇ ਕੋਨੇ ਵਿੱਚ ਸਥਾਪਤ ਕਰਨ ਲਈ ਸਦਾ ਤਤਪਰ ਹੈ"।(ਅਕਬਰ ਦੀ ਇੱਕ ਚਿੱਠੀ ਵਿਚੋਂ )

ਕਦੀ ਕਦੀ ਅਕਬਰ ਜਾਣ ਬੁੱਝ ਕੇ ਡਰਾਮਾਬਾਜ਼ੀ ਵੀ ਕਰਦਾ ਸੀ । ਇੱਕ ਵਾਰ ਭੇਰੇ ਵਿਖੇ ਉਸ ਨੇ ਸਿਰ ਘੋਨ ਮੋਨ ਕਰਵਾ ਦਿੱਤਾ ਤੇ ਰਾਜ ਭਾਗ ਤਿਆਗ ਕੇ ਸੰਨਿਆਸੀ ਹੋਣ ਦਾ ਸੰਕਲਪ ਧਾਰਨ ਦਾ ਪਖੰਡ ਵੀ ਕੀਤਾ । ਉਹ ਕਈ ਦਿਨ ਸਮਾਧੀ ਸਥਿੱਤ ਰਿਹਾ । ਉਸਦੀ ਮਾਂ ਦਿਲਿਉਂ ਜਾ ਕੇ ਉਸ ਨੂੰ ਐਸਾ ਕਰਨ ਤੋਂ ਹਟਾ ਕੇ ਲਿਆਈ ਸੀ ।[੪੧]ਗਊ ਹੱਤਿਆ ਕਾਨੂੰਨਨ ਬੰਦ ਕਰਵਾ ਦਿੱਤੀ ਗਈ ਤੇ ਗਊ ਮਾਰਨ ਵਾਲੇ ਨੂੰ ਮੌਤ ਦੀ ਸਜ਼ਾ ਦਾ ਹੁਕਮ ਦੇ ਦਿੱਤਾ ਗਿਆ ।

ਅਕਬਰ ਬੜੀ ਵਧੀਆ ਹਿੰਦੀ ਕਵਿਤਾ ਲਿਖ ਲੈਂਦਾ ਸੀ ਅਤੇ ਸਭ ਦਰਬਾਰੀਆਂ ਨੂੰ ਹਿੰਦੀ ਵਿੱਚ ਕਵਿਤਾ ਲਿਖਣ ਲਈ ਪ੍ਰੇਰਦਾ ਰਹਿੰਦਾ ਸੀ । ਉਹ ਅਰਬੀ ਜਾਂ ਫਾਰਸੀ ਸ਼ਬਦ ਵਰਤਣ ਤੋਂ ਸੰਕੋਚ ਕਰਦਾ ਸੀ । ਨਮੂਨੇ ਲਈ ਉਸ ਦੀ ਹੇਠ ਲਿਖੀ ਹਿੰਦੀ ਕਵਿਤਾ ਪੜ੍ਹੋ:

**"ਸ਼ਾਹ ਅਕਬਰ ਏਕ ਸਮੇਂ ਚਲੇ, ਕਾਨ੍ਹ ਬਿਨੋਦ ਬਿਲੋਕਿਤ ਬਾਲਿੰਹ॥**
**ਆਹਟ ਤੇ ਅਬਲਾ ਨਿਰਖੈ, ਚੱਕ ਚੋਰ ਚਲੀ ਕਰ ਆਤੁਰ ਚਾਲਿੰਹ॥**
**ਜਿਉਂ ਬਲ ਬੀਨੀ ਸੁਧਾਰ ਧਰੀ ਸੁ, ਭਈ ਛਬਿ ਸੋ ਲਲਨਾ ਅਰ ਲਾਲਿੰਹ॥**
**ਚੰਪਕ ਚਾਰੁ ਕਮਾਨ ਚੜ੍ਹਾਵਤ, ਕਾਮ ਜਯੋਂ ਹਾਥ ਲੀਏ ਅਰ ਬਾਲਿੰਹ**

ਭਾਵੇਂ ਅੱਕਬਰ ਆਪਣੇ ਨਿਸ਼ਾਨੇ ਵਿੱਚ ਕਾਫੀ ਸਫਲ ਰਿਹਾ ਪ੍ਰੰਤੂ ਅੱਗੇ ਚੱਲ ਕੇ ਅਸੀਂ ਦੇਖਾਂਗੇ ਕਿ ਇਹ ਨੀਤੀ ਭਵਿਖਤ ਦੀ ਰਾਜ-ਪ੍ਰਨਾਲੀ ਦੀ ਆਧਾਰ-ਸ਼ਿਲਾ ਨਾ ਬਣ ਸਕੀ ।

## ੨.੪ ਦੀਨ-ਏ-ਲਿਾਹੀ

ਉਸ ਵੇਲੇ ਦੇ ਧੱਕੜ ਅਤੇ ਤੁਅੱਸਬੀ ਨਿਜ਼ਾਮ ਵਿੱਚ ਧਾਰਮਿਕ ਸਹਿਨਸ਼ੀਲਤਾ ਲਿਆਉਣੀ ਸੌਖੀ ਨਹੀਂ ਸੀ ਪਰ ਅਕਬਰ ਦਾ ਇਰਾਦਾ ਦ੍ਰਿੜ੍ਹ ਸੀ ਅਤੇ ਸੰਕਲਪ ਸਪਸ਼ਟ ਸੀ । ਸਮਾਜਕ ਬ੍ਰਾਬਰੀ ਦੀ ਉਸਾਰੀ, ਧਾਰਮਿਕ ਸਹਿਨਸ਼ੀਲਤਾ ਦੀ ਸਥਾਪਤੀ ਅਤੇ ਭਿੰਨ ਭੇਦਾਂ ਦੇ ਖ਼ਾਤਮੇ ਲਈ ਉਸ ਨੇ ਇੱਕ ਨਵਾਂ ਧਰਮ ਪ੍ਰਚਲਤ ਕੀਤਾ ਜਿਸ ਦਾ ਨਾਂ ਦੀਨ-ਏ-ਇਲਾਹੀ ਰੱਖਿਆ ਗਿਆ । ਦੀਨ-ਏ-ਇਲਾਹੀ ਨੂੰ ਪਰਚਲੱਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਗਿਆ । ਇਹ ਧਰਮ ਪਾਰਸੀ ,ਜੈਨੀ, ਹਿੰਦੂ ਤੇ ਸਿੱਖ ਅਕੀਦਿਆ ਦੀ ਖਿਚੜੀ ਜਿਹੀ ਸੀ ਜਿਸ ਵਿਚ ਕੁੱਝ ਵਾਧੇ ਘਾਟੇ ਅਕਬਰ ਨੇ ਆਪ ਕਰ ਲਏ ਸਨ । ਸੂਰਜ ਦੇਵਤੇ ਦੀ ਪੂਜਾ ਤੇ ਅਗਨੀ ਦੀ ਉਪਾਸ਼ਨਾ ਇਸ ਧਰਮ ਦੇ ਜ਼ਰੂਰੀ ਅੰਗ ਸਨ । ਪਿਆਜ਼, ਥੋਮ ਤੇ ਗਊ ਮਾਸ ਖਾਣ ਦੀ ਮਨਾਹੀ ਸੀ । ਵਰ੍ਹੇ ਵਿੱਚ ਤਿੰਨ ਮਹੀਨੇ ਸਭ ਲੋਕਾਂ ਲਈ ਕੋਈ ਵੀ ਮਾਸ ਖਾਣ ਦੀ ਮਨਾਹੀ ਸੀ । ਜਨਮ ਦਿਨਾਂ ਅਤੇ ਵਿਆਹ ਸ਼ਾਦੀਆਂ ਉੱਪਰ ਪ੍ਰਸ਼ਾਦਿ ਛਕਾਉਣ ਤੇ ਪੁੰਨ ਦਾਨ ਕਰਨ ਦੀ ਰਸਮ ਦਾ ਪ੍ਰਚਾਰ ਕੀਤਾ ਗਿਆ । ਮੁਰਦੇ ਦਾ ਸਿਰ ਮੱਕੇ ਵੱਲ ਕਰ ਕੇ ਦਫ਼ਨਾਉਣ ਦੀ ਥਾਂ ਪੈਰ ਮੱਕੇ ਵੱਲ ਕਰ ਕੇ ਦਫ਼ਨਾਉਣ ਦਾ ਹੁਕਮ ਦਿੱਤਾ ਗਿਆ (ਅਕਬਰ ਆਪ ਵੀ ਇਸੇ ਤਰਾਂ ਦਫ਼ਨਾਇਆ ਗਿਆ ਸੀ ) । ਅਕਬਰ ਹਰ ਰੋਜ਼ ਮੱਕੇ ਵੱਲ ਪੈਰ ਕਰ ਕੇ ਸੌਂਦਾ ਸੀ ਜੋ ਕਿ ਇਸਲਾਮ ਵਿੱਚ ਮਹਾਂ ਪਾਪ ਮੰਨਿਆ ਜਾਂਦਾ ਹੈ ।

[41] ਇਸ ਤੋਂ ਇਹ ਸਮਝ ਲੈਣਾ ਠੀਕ ਨਹੀਂ ਹੋਵੇਗਾ ਕਿ ਅਕਬਰ ਹਿੰਦੂਆਂ ਦਾ ਪੱਖੀ ਸੀ ਜਾਂ ਹਿੰਦੂ ਹੋ ਗਿਆ ਸੀ । ਉਹ ਮੁਸਲਮਾਨ ਤ੍ਰੀਕੇ ਨਾਲ ਹੀ ਨਮਾਜ਼ ਪੜ੍ਹਦਾ ਸੀ ਅਤੇ ਦਨਿ-ਏ-ਇਲਾਹੀ ਮੰਨਣ ਵਾਲੇ ਇੱਕ ਦੂਜੇ ਨੂੰ ਅਸਲਾਮੁਲੈਕਮ ਕਹਿ ਕੇ ਹੀ ਸੰਬੋਧਨ ਕਰਦੇ ਸਨ । ਬਾਂਗ ਵੀ "ਅੱਲ੍ਹਾ ਹੂ ਅਕਬਰ" ਕਹਿ ਕੇ ਹੀ ਦਿੰਦੇ ਸਨ । ਅਕਬਰ ਨਾ ਕੱਟੜ ਹਿੰਦੂਆਂ ਅਤੇ ਨਾ ਕੱਟੜ ਮੁਸਲਮਾਨਾਂ ਨੂ ਪਸੰਦ ਕਰਦਾ ਸੀ ।

ਦੀਨ-ਏ-ਇਲਾਹੀ ਵਿੱਚ ਤਨ, ਮਨ ਤੇ ਧਨ ਨਾਲ ਬਾਦਸ਼ਾਹ ਦੀ ਸੇਵਾ ਕਰਨ ਦਾ ਵਚਨ ਲਿਆ ਜਾਂਦਾ ਸੀ । ਪੁਰਾਣਾ ਧਰਮ ਤਿਆਗ ਕੇ ਦੀਨ-ਏ-ਇਲਾਹੀ ਧਰਮ ਧਾਰਨ ਕਰਨ ਵਾਲੇ ਸਰਕਾਰੀ ਅਫਸਰ ਨੂੰ ਬਾਦਸ਼ਾਹ ਸਿੰਘਾਸਣ ਉੱਪਰ ਬੈਠ ਕੇ ਪੂਰਨ ਜਲਾਲ ਵਿਚ ਦਰਸ਼ਨ ਦਿੰਦਾ ਸੀ । ਐਸੇ ਜਗਿਆਸੂ ਨੂੰ ਦਰਸ਼ਣੀ ਕਿਹਾ ਜਾਂਦਾ ਸੀ ।

ਅਕਬਰ ਨੇ ਹਿਜਰੀ ਸਨ ਅਤੇ ਅਰਬੀ ਮਹੀਨਿਆ ਦਾ ਵਰਤਣਾ ਬੰਦ ਕਰਵਾ ਦਿੱਤਾ ।ਅਰਬੀ ਭਾਸ਼ਾ ਦੀ ਪੜ੍ਹਾਈ ਲਈ ਦਿੱਤੀ ਜਾਂਦੀ ਵਿਸ਼ੇਸ਼ ਰਕਮ ਘਟਾ ਦਿੱਤੀ ਅਤੇ ਇਸ ਪੈਸੇ ਨਾਲ ਦੇਸੀ ਬੋਲੀਆਂ ਦੀ ਪੜ੍ਹਾਈ ਆਰੰਭ ਕਰਵਾ ਦਿੱਤੀ । ਮੌਲਵੀਆਂ ਵਾਂਗ ਦਾੜ੍ਹੀ ਰੱਖਣ ਤੇ ਅਕਬਰ ਸਖ਼ਤ ਇਤਰਾਜ਼ ਕਰਦਾ ਸੀ । History of the World (1908) ਦੇ ਪੰਨਾ ੨੨ ਤੇ ਲਿਖਿਆ ਹੈ ਕਿ ਅਕਬਰ ਨੇ ਦਾੜ੍ਹੀ ਵਾਲੇ ਮੌਲਵੀਆਂ ਨੂੰ ਹਜ਼ੂਰੀ ਵਿੱਚ ਆਉਣ ਤੋਂ ਰੋਕ ਦਿੱਤਾ ਸੀ । Vivent Smith ਆਪਣੀ ਪੁਸਤਕ Akbar the Great ਦੇ ਪੰਨਾ ੨੨੦ ਤੇ ਲਿਖਦੇ ਹਨ ਕਿ ਅਕਬਰ ਨੇ ਨਵੀਂਆਂ ਮਸਜਿਦਾਂ ਨੂੰ ਬਨਾਉਣ ਦੀ ਮਨਾਹੀ ਕਰ ਦਿੱਤੀ, ਪੁਰਾਣੀਆਂ ਮਸਜਦਾਂ ਦੀ ਮੁਰੰਮਤ ਰੋਕ ਦਿੱਤੀ ਅਤੇ ਥੋੜ੍ਹੇ ਸਮੇਂ ਮਗਰੋਂ ਮਸਜਿਦਾਂ ਨੂੰ ਢਵਾਉਣਾ ਸ਼ੁਰੂ ਕਰਵਾ ਦਿੱਤਾ ।[42]

ਅਬਦੁਲ ਕਾਦਰ ਬਦਾਯੂਨੀ ਆਪਣੀ ਕਿਤਾਬ ' ਮੁੰਤਖ਼ਿਬ-ਉਲ-ਤਵਾਰੀਖ' ਦੀ ਦੂਜੀ ਜਿਲਦ ਦੇ ਪੰਨਾਂ ੨੬੮ ਤੇ ਲਿਖਦੇ ਹਨ ਕਿ ਅਕਬਰ ਨੇ ਮਸਜਿਦ ਵਿੱਚ ਪੜ੍ਹਿਆ ਜਾਂਦਾ ਖ਼ੁਤਬਾ ਬਦਲ ਕੇ ਹੇਠਾਂ ਲਿਖਿਆ ਖ਼ੁਤਬਾ ਪੜ੍ਹਣਾ ਪ੍ਰਚਲਤ ਕਰਵਾ ਦਿੱਤਾ ।

**"ਖ਼ੁਦਾਬੰਦੇ ਕਿ ਮਾ ਰਾ ਖ਼ੁਸਰਵੀ ਦਾਦ ॥ ਦਿਲ ਦਾਨਾ ਓ ਬਾਜ਼ੂਏ ਕਵੀ ਦਾਦ ॥**
**ਬ ਅਦਲ ਓ ਦਾਦ ਰਾ ਹਮੂ ਕਰਦ ॥ ਬਜ਼ੁਜ਼ ਅਦਲ ਅਜ਼ ਖ਼ਿਆਲ ਮਾਂ ਬਰੂੰ ਕਰਦ॥**
**ਬੂਦੋ ਸਨਫ਼ਸ਼ ਜ਼ ਹਦਿ ਫ਼ਹਿਮ ਬਰਤਰ ॥ ਤੁਆਲਾ ਸ਼ਾਨਾ ਅਲ੍ਹਾ ਅਕਬਰ ॥**

ਮੁੰਤਖ਼ਿਬ-ਉਲ-ਤਵਾਰੀਖ ਅਬਦੁਲ ਕਾਦਰ ਬਦਾਯੂਨੀ ਭਾਗ ੨ ਪੰਨਾ ੨੬੮)

**ਅਨੁਵਾਦ**: ਜਿਸ ਅਲ੍ਹਾ ਨੇ ਰਾਜਸੀ ਉੱਚਤਾ ਬਖ਼ਸ਼ੀ, ਬੁੱਧੀ ਨੂੰ ਪ੍ਰਕਾਸ਼ ਕੀਤਾ, ਬਾਹੂ ਬਲ ਦਿੱਤਾ, ਇਨਸਾਫ਼ ਕਰਨ ਵੱਲ ਪ੍ਰੇਰਿਆ ਅਤੇ ਮੇਰੇ ਮਨ ਵਿਚੋਂ ਇਨਸਾਫ਼ ਵਿਰੋਧੀ ਚੇਸ਼ਟਾ ਨੂੰ ਨਸ਼ਟ ਕਰ ਦਿੱਤਾ ਮੈਂ ਉਸ ਅਲ੍ਹਾ ਦਾ ਵਰਨਣ ਕਰਨ ਤੋਂ ਅਸਮਰਥ ਹਾਂ । ਉਹ ਸਰਬ ਸ਼ਕਤੀਮਾਨ, ਜਯੋਤੀ ਸਰੂਪ ਤੇ ਸਰਵੋਤਮ ਹੈ ।

ਉਨ੍ਹੀ ਦਿਨੀ ਪਾਰਸੀਆਂ ਦਾ ਵੀ ਬੜਾ ਜ਼ੋਰ ਸੀ ਜੋ ਕਿ ਅੱਗ ਦੀ ਪੂਜਾ ਕਰਦੇ ਹਨ । ਅਕਬਰ ਨੇ ਪਾਰਸੀਆਂ ਨੂੰ ਖ਼ੁਸ਼ ਕਰਨ ਲਈ ਆਪਣੇ ਮਹਿਲ ਦੀ ਉਪਰਲੀ ਛੱਤ ਉੱਪਰ ਹਰ ਵੇਲੇ ਅਗਨੀ ਪ੍ਰਚੰਡ ਰੱਖਣ ਦਾ ਹੁਕਮ ਦਿੱਤਾ ਹੋਇਆ ਸੀ। ਇੱਥੇ ਹੀ ਬ੍ਰਾਹਮਣਾਂ ਵਲੋਂ ਰਿਗ ਵੇਦ ਦੇ ਮੰਤਰ ਅਗਨੀਮੀਲ਼ੇ ਪ੍ਰੋਹਿਤੰਗ............(ਹੇ ਅਗਨੀ ਮੈਂ ਤੈਨੂੰ ਪ੍ਰਨਾਮ ਕਰਦਾ ਹਾਂ) ਦੀਆਂ ਧੁਨਾਂ ਉੱਚੀਆਂ ਹੁੰਦੀਆਂ ਰਹਿੰਦੀਆਂ ਸਨ । ਅਕਬਰ ਨੇ ਅਗਨੀ ਪੂਜਾ ਇਸ ਕਠਨਾਈ ਨਾਲ ਕਰਵਾਈ ਕਿ ਜਦ ਇੱਕ ਰਾਤ ਅਗਨੀਕੁੰਡ ਦੇ ਪਹਿਰੇਦਾਰ ਦੇ ਅਵੇਸਲਾ ਹੋਣ ਕਾਰਨ ਅੱਗ ਬੁੱਝ ਗਈ ਤਾਂ ਅਕਬਰ ਨੇ ਪਹਿਰੇਦਾਰ ਨੂੰ ਮਹਿਲ ਦੀ ਛੱਤ ਤੋਂ ਹੇਠਾਂ ਸੁਟਵਾ ਕੇ ਮਰਵਾ ਦਿੱਤਾ ਸੀ ।[43]

੧੫੭੫ ਵਿਚ ਅਕਬਰ ਨੇ ਸਭ ਧਰਮਾਂ ਲਈ ਇੱਕ ਸਾਂਝਾ ਇਬਾਦਤਖਾਨਾ ਬਣਵਾਇਆ । ਇਸ ਬਾਰੇ ਲਿਖਦੇ ਹੋਏ 'ਕਲਾਮ ਸਾਹ ਹੁਸੈਨ' ਦੇ ਤੁਆਰਫ ਵਿੱਚ ਸਈਦ ਨਜ਼ੀਰ ਅਹਿਮਦ ਲਿਖਦੇ ਹਨ:-

---

[42] ਅਕਬਰ ਨੇ ਕੇਵਲ ਉਹ ਮਸਜਿਦਾਂ ਹੀ ਢਵਾਈਆਂ ਜਿਹੜੀਆਂ ਹਿੰਦੂ ਮੰਦਰਾਂ ਨੂੰ ਢਾਹ ਕੇ ਉਨ੍ਹਾਂ ਦੀ ਥਾਂ ਉਸਾਰੀਆਂ ਗਈਆਂ ਸਨ ।"Akbar did not curtail the legitimate power of the *Ulema* but only stopped their indiscrete use of authority………. It sought to obviate the possibility of playing with the life of the people in the name of orthodoxy of Islam." (*Religious and Intellectual History of the Muslims in Akbar's reign by S.A,.Rizvi Page 49-50)*

[43] ਯਾਦ ਰਹੇ ਕਿ ਅਕਬਰ ਨੇ ਸਾਰੀ ਉਮਰ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਸੀ ਦਿੱਤੀ । ਇਹ ਧਾਰਮਿਕ ਅਵੱਗਿਆ ਬਖਸ਼ੀ ਨਾ ਗਈ ।

**"ਅਕਬਰ ਕਾ ਇਬਾਦਤਖ਼ਾਨਾ (ਸੰਨਿ ਬੁਨਿਆਦ ੧੫੭੫) ਹਰ ਮਜ਼ਹਬ-ਓ-ਮਿਲੱਤ, ਸੁੰਨੀ, ਸ਼ਈਆ, ਸੂਫੀ, ਹਿੰਦੂ ਗੀਰ ਔਰ ਈਸਾਈ ਫਿਰਕੇ ਕੇ ਅਲਮ-ਬਰਦਾਰੋਂ ਕੇ ਲੀਏ ਖੁਲ੍ਹਾ ਥਾ ਜਹਾਂ ਉਨ ਕੀ ਆਜ਼ਾਦਾਨਾ ਬਹਿਸੇਂ ਹੋਤੀ ਥੀਂ। ਅਕਬਰ ਤਹਿਕੀਕਿ-ਏ-ਹੱਕ ਪਰ ਉਨਕੀ ਬਹਿਸੇ ਸੁਨਤਾ ਔਰ ਉਨ ਮੇਂ ਹਿੱਸਾ ਲੇਤਾ" ।**

ਇਸ ਇਬਾਦਤਖ਼ਾਨੇ ਵਿੱਚ ਵੱਖੋ ਵੱਖੋ ਧਰਮਾਂ ਬਾਰੇ ਲੈਕਚਰ ਹੁੰਦੇ ਰਹਿੰਦੇ ਸਨ । ਕੁੱਝ ਇਤਿਹਾਸਕਾਰਾਂ ਨੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੇ ਇੱਥੇ ਜਾ ਕੇ ਸਿੱਖ ਧਰਮ ਉੱਪਰ ਵਿਚਾਰ ਪੇਸ਼ ਕਰਨ ਬਾਰੇ ਵੀ ਜ਼ਿਕਰ ਕੀਤਾ ਹੈ।

ਅਕਬਰ ਦੇ ਪਰਚਾਰ ਨਾਲ ਗ਼ੈਰ-ਮੁਸਲਮਾਨ ਬਹੁਤ ਖੁਸ਼ ਸਨ ਅਤੇ ਕੁੱਝ ਨੇਕ ਦਿਲ ਸਹਿਨਸ਼ੀਲ ਮੁਸਲਮਾਨ ਵੀ ਗ਼ੈਰ ਧਰਮਾਂ ਵਿਚ ਰੁਚੀ ਰੱਖਣ ਲੱਗ ਪਏ ਸਨ । ਮੁਸਲਮਾਨ ਕਵੀ ਕੇਵਲ ਅਰਬੀ ਵਿੱਚ ਲਿਖਣ ਦੀ ਥਾਂ ਭਾਰਤੀ ਬੋਲੀਆਂ ਵਿਚ ਵੀ ਖੁਲ੍ਹ ਕੇ ਸਾਹਿਤ ਲਿਖਣ ਲੱਗ ਪਏ ਸਨ । ਮੁਸਲਮਾਨ ਲਿਖਾਰੀ ਹਿੰਦੂ ਧਰਮ ਵਿੱਚ ਵੀ ਰੁਚੀ ਦਿਖਾਉਣ ਲੱਗ ਪਏ ਸਨ ਅਤੇ ਇਹ ਪ੍ਰਵਿਰਤੀ ਉਨ੍ਹਾਂ ਦੀਆਂ ਲਿਖਤਾਂ ਵਿਚ ਆਮ ਹੋ ਗਈ ਸੀ । ਉਦਾਹਰਣ ਲਈ ਤਾਜ ਬੀਬੀ ਦੀ ਕਵਿਤਾ ਦੇਖੋ । ਉਹ ਲਿਖਦੀ ਹੈ:

ਸੁਣੋ ਦਿਲ ਜਾਨੀ ਮੇਰੇ ਦਿਲ ਕੀ ਕਹਾਨੀ ਤੁਮ । ਦਸਤ ਹੀ ਬਿਕਾਨੀ ਬਦਨਾਮੀ ਭੀ ਸਹੂੰਗੀ ਮੈਂ ॥
**ਦੇਵ ਪੂਜਾ ਠਾਨੀ ਔ ਨਿਮਾਜ ਹੂ ਭੁਲਾਨੀ । ਤਜੇ ਕਲਮਾ ਕੁਰਾਨ ਸਾਰੇ ਗੁਨਨ ਗਹੂੰਗੀ ਮੈਂ ॥**
ਸ਼ਯਾਮਲਾ ਸਲੋਨਾ ਸਿਰਤਾਜ ਸਿਰ ਕੁਲੇ ਦੀਏ । ਤੇਰੇ ਨੇਹੁੰ ਦਾਗ਼ ਮੇਂ ਨਿਦਾਗ ਹੋ ਰੂੰਗੀ ਮੈਂ ॥
**ਨੰਦ ਕੇ ਕੁਮਾਰ ਕੁਰਬਾਨ ਤੇਰੀ ਸੂਰਤ ਪੈ । ਹੂੰ ਤੋ ਤੁਰਕਾਨੀ ਹਿੰਦੂਆਨੀ ਹੋ ਰਹੂੰਗੀ ਮੈਂ ॥**

ਕਾਰੇ ਨਾਂ ਦਾ ਇਕ ਮੁਸਲਮਾਨ ਫਕੀਰ ਤਾਂ ਸਰਬ-ਸਾਂਝ ਦਾ ਇਨਾਂ ਸ਼ੈਦਾਈ ਹੋ ਗਿਆ ਸੀ ਕਿ ਉਹ ਹਿੰਦੂਆਂ ਦੇ ਰੋਕਦਿਆਂ ਵੀ ਨਹੀਂ ਸੀ ਰੁਕਦਾ ਤੇ ਮੰਦਰਾਂ ਵਿਚ ਜਾ ਵੜਦਾ ਸੀ । ਜਗਨ ਨਾਥ ਪੁਰੀ ਦੇ ਪ੍ਰਸਿੱਧ ਮੰਦਰ ਵਿੱਚ ਚਲਾ ਗਿਆ ਤੇ ਜਾ ਅਲਖ ਜਗਾਈ:

**ਮਿਹਰਵਾਨ ਕਦਰਦਾਨ ਅੱਲ੍ਹਾ ਤੂੰ ਜਹਾਨ ਵਿੱਚ । ਮੁੱਝ ਸੇ ਗਰੀਬ ਕਾ ਗੁਨਾਹ ਮੁਆਫ਼ ਕੀਜੀਏ ॥**
**ਕਾਰੇ ਹੈ ਕਰਾਰ ਪੜਾ ਤੇਰੇ ਦਰਬਾਰ ਪੜਾ । ਅਟਕੀ ਹੈ ਨਾਵ ਅਬ ਜ਼ਰਾ ਗ਼ੌਰ ਕੀਜੀਏ ॥**
**ਹਿੰਦੂ ਕਾ ਨਾਥ ਤੋ ਹਮਾਰਾ ਕੁੱਛ ਦਾਅਵਾ ਨਾਹੀਂ । ਜਗਤ ਕਾ ਨਾਥ ਤੋ ਹਮਾਰੀ ਸੁੱਧ ਲੀਜੀਏ ॥**

ਅਕਬਰ ਦੀ ਇਸ ਨੀਤੀ ਨੂੰ ਮੁਸਲਮਾਨ ਉਲੇਮਾ ਕਾਇਰਤਾ, ਕੁਰੀਤ, ਕੁਧਰਮ ਅਤੇ ਕੁਫ਼ਰ ਆਖਦੇ ਸਨ ਅਤੇ ਮੌਕਾ ਤਾੜ ਰਹੇ ਸਨ ਕਿ ਕਿਸੇ ਤਰ੍ਹਾਂ ਅਕਬਰ ਦੇ ਰਾਜ ਦਾ ਖ਼ਾਤਮਾ ਕੀਤਾ ਜਾਵੇ ।

## ੨.੫ ਵਿਰੋਧੀਆਂ ਦਾ ਪ੍ਰਤੀਕਰਮ

ਅਕਬਰ ਦੀਆਂ ਹਿੰਦੂ-ਨਵਾਜ਼ ਨੀਤੀਆਂ ਤੋਂ ਕਟੜ ਮੁਲਾਣੇ ਤੇ ਸ਼ਰਈ ਲੋਕ ਬਹੁਤ ਸੜਦੇ ਸਨ । ਉਨ੍ਹਾਂ ਨੂੰ ਅਕਬਰ ਦਾ ਹਿੰਦੂਆਂ ਵਲ ਰੁਝਾਨ ਅਤੇ ਹਿੰਦੂਆਂ ਪ੍ਰਤੀ ਸਹਾਨਭੂਤੀ ਵਾਲਾ ਰਵਈਆ ਚੁਭਦਾ ਸੀ । ਉਨ੍ਹਾਂ ਲਈ ਧਰਮਾਂ ਅਤੇ ਇਨਸਾਨਾਂ ਦਾ ਵਧਦਾ ਪ੍ਰੇਮ ਪਿਆਰ ਸਹਿਨ ਕਰਨਾ ਕੁਫ਼ਰ ਦੇ ਬਰਾਬਰ ਸੀ । ਉਹ ਤਾਂ ਇੱਕ ਵਾਰ ਫੇਰ ਅਲਾਉਦੀਨ ਵਾਲੀ ਨੀਤੀ ਚਾਲੂ ਕਰ ਕੇ ਇਸਲਾਮ ਨੂੰ ਢਹਿੰਦੀਆਂ ਕਲਾਂ ਵਿਚ ਜਾਣੋ ਰੋਕਣ ਤੇ ਭਾਰਤੀ ਪਿੰਡੇ ਤੇ ਇਸਲਾਮੀ ਪਿਉਂਦ ਚੜ੍ਹਾਉਣ ਦੇ ਸੁਪਨੇ ਲੈ ਰਹੇ ਸਨ । ਉਹ ਇਹ ਗੱਲ ਕਿਸ ਤਰਾਂ ਬਰਦਾਸ਼ਤ ਕਰ ਸਕਦੇ ਸਨ ਕਿ ਮੁਸਲਮਾਨ ਬਾਦਸ਼ਾਹ ਦੇ ਦਰਬਾਰ ਵਿੱਚ ਹਿੰਦੂ, ਜੈਨੀ, ਬੋਧੀ, ਪਾਰਸੀ, ਅਤੇ ਈਸਾਈ ਅਦਿਕ ਹੁਕਮ ਚਲਾ ਸਕਣ । ਉਨ੍ਹਾਂ ਨੇ ਅੰਦਰੋ ਅੰਦਰੀ ਇਕ ਗੁਪਤ ਲਹਿਰ ਚਾਲੂ ਕਰ ਲਈ ਜਿਸ ਦਾ ਨਿਸ਼ਾਨਾ ਕੱਟੜ ਸੁੰਨੀ ਇਸਲਾਮ ਨੂੰ ਪ੍ਰਚਾਰਨਾ ਅਤੇ ਇਸ ਨੂੰ ਦੇਸ਼-

ਵਿਆਪੀ ਧਰਮ ਬਨਾਉਣਾ ਮਿਥਿਆ ਗਿਆ । ਇਸ ਲਹਿਰ ਦਾ ਨਾਮ ਨਕਸ਼ਬੰਦੀ ਸੀ । ਇਸ ਦੇ ਮੋਢੀਆਂ ਵਿੱਚ ਇੱਕ ਖੁਆਜਾ ਬਕੀ ਬਿੱਲਾ ਸਨ ਜੋ ਕਾਬਲ ਤੋਂ ਆ ਕੇ ਦਿੱਲੀ ਵਸ ਗਏ ਸਨ ।[44]ਖੁਆਜਾ ਨੇ ਛੇਤੀ ਹੀ ਹਜ਼ਾਰਾਂ ਮੁਸਲਮਾਨਾਂ ਨੂੰ ਆਪਣੇ ਵਿਚਾਰਾਂ ਦਾ ਧਾਰਣੀ ਬਣਾ ਲਿਆ ਅਤੇ ਸ਼ੁੱਧ ਇਸਲਾਮ ਨੂੰ ਮੁੜ ਸੁਰਜੀਤ ਕਰਨ ਦਾ ਬੀੜਾ ਚੁੱਕਿਆ । ਉਸ ਨੇ ਇੱਕ ਵਾਰ ਕਿਹਾ: "**ਜੇ ਅਸਾਂ ਪੀਰੀ ਹੀ ਕਰਨੀ ਹੁੰਦੀ ਤਾਂ ਦੁਨੀਆਂ ਵਿੱਚ ਕਿਸੇ ਵੀ ਧਾਰਮਿਕ ਆਗੂ ਨੂੰ ਮੇਰੇ ਬਿਨਾ ਚੇਲੇ ਲੱਭਣੇ ਔਖੇ ਹੋ ਜਾਂਦੇ । ਮੇਰੇ ਜ਼ਿੰਮੇ ਅਲ੍ਹਾ ਵਲੋਂ ਫਰਜ਼ ਹੀ ਇਹ ਲਾਇਆ ਗਿਆ ਹੈ ਕਿ ਮੈਂ ਕਾਫਰਾਂ ਹੱਥੋਂ ਮੁਸਲਮਾਨਾਂ ਦੀ ਖ਼ਲਾਸੀ ਕਰਵਾਵਾਂ । ਇਹ ਕੰਮ ਬਾਦਸ਼ਾਹਾਂ ਦੀ ਸਹਾਇਤਾ ਨਾਲ ਸੌਖਾ ਸਿਰੇ ਚੜ੍ਹ ਸਕਦਾ ਹੈ । ਸਿਆਸੀ ਲੋਕਾਂ ਨਾਲ ਮੇਲ ਜੋਲ ਵਧਾ ਕੇ ਉਨ੍ਹਾਂ ਨੂੰ ਆਪਣੇ ਅਸਰ ਹੇਠ ਲਿਆਉਣਾ ਤੇ ਇਸਲਾਮ ਦੀ ਤਰੱਕੀ ਲਈ ਵਰਤਣਾ ਇਹੋ ਮੇਰਾ ਮੁੱਖ ਪ੍ਰਯੋਜਨ ਹੈ**"।

ਖੁਆਜਾ ਬਕੀ ਬਿੱਲਾ ਛੇਤੀ ਚਲਾਣਾ ਕਰ ਜਾਣ ਕਾਰਨ ਭਾਵੇਂ ਉਪ੍ਰੋਕਤ ਨਿਸ਼ਾਨਾ ਪਰਾਪਤ ਕਰਨ ਵਿਚ ਬਹੁਤੇ ਸਫਲ ਨਾ ਹੋਏ ਪ੍ਰੰਤੂ ਉਨ੍ਹਾਂ ਨੇ ਥਾਂ ਥਾਂ ਹਜ਼ਾਰਾਂ ਚੇਲੇ ਬਣਾ ਕੇ ਨਫਰਤ ਦੀ ਅਜਿਹੀ ਚੰਗਿਆੜੀ ਭਖਾ ਦਿੱਤੀ ਜਿਸ ਨੂੰ ਜਵਾਲਾ ਬਣ ਕੇ ਭੜਕ ਉੱਠਣ ਲਈ ਕੇਵਲ ਕਿਸੇ ਯੋਗ ਵਾਯੂ ਮੰਡਲ ਦੀ ਹੀ ਉਡੀਕ ਸੀ ।

ਖੁਆਜਾ ਬਕੀ ਬਿੱਲਾ ਦੇ ਹੋਣਹਾਰ ਚੇਲਿਆਂ ਵਿਚੋਂ ਇੱਕ ਸ਼ੇਖ ਅਹਿਮਦ ਵੀ ਸਨ ਜੋ ਬਾਅਦ ਵਿਚ ਪੱਕੇ ਤੌਰ ਤੇ ਸਰਹਿੰਦ ਜਾ ਵਸੇ ਅਤੇ ਮੁਜੱਦਦ (ਧਰਮ ਰਖਸ਼ਕ) ਦੇ ਨਾਂ ਨਾਲ ਪ੍ਰਸਿੱਧ ਹੋਏ । ਖੁਆਜਾ ਬਕੀ ਬਿੱਲਾ ਨੂੰ ਆਪਣੇ ਇਸ ਚੇਲੇ ਉੱਪਰ ਰੱਬ ਜਿੰਨਾ ਭਰੋਸਾ ਸੀ । ਸ਼ੇਖ ਅਹਿਮਦ ਨੇ ਬੜੇ ਜ਼ੋਰ ਸ਼ੋਰ ਨਾਲ ਇਸਲਾਮ ਦਾ ਪਰਚਾਰ ਕੀਤਾ ਤੇ ਥਾਂ ਥਾਂ ਨਕਸ਼ਬੰਦੀਆਂ ਦੇ ਜਿਰਗੇ ਖੜ੍ਹੇ ਕਰ ਦਿੱਤੇ । ਉਸ ਨੇ ਇਸਲਾਮ ਦੇ ਪੁਨਰਨਿਰਮਾਣ ਲਈ ਹੇਠ ਲਿਖੇ ਤਿੰਨ ਤ੍ਰੀਕੇ ਅਪਣਾਏ:

੧. ਬਾਦਸ਼ਾਹ ਅਤੇ ਉਸਦੇ ਨਿਕਟਵਰਤੀ ਦਰਬਾਰੀਆਂ ਉੱਪਰ ਫਿਟਕਾਰਾਂ ਪਾ ਕੇ ਇਸਲਾਮੀ ਜਜ਼ਬਾਤ ਭੜਕਾਉਣੇ
੨. ਹਿੰਦੂਆਂ ਦੀਆਂ ਰਸਮਾਂ ਰੀਤਾਂ ਨੂੰ ਭੰਡਣਾ ਤੇ ਹਿੰਦੂਆਂ ਨੂੰ ਮੁਸਲਮਾਨ ਬਨਾਉਣਾ ।
੩. ਮੁਸਲਮਾਨਾਂ ਨੂੰ ਨਕਸ਼ਬੰਦੀ ਫਿਰਕੇ ਥੱਲੇ ਲਾਮਬੰਦ ਕਰਨਾ

ਨਮੂਨੇ ਵਜੋਂ ਉਸ ਦੀ ਆਪਣੇ ਇੱਕ ਕਿਟਵਰਤੀ ਚੇਲੇ ਪੀਰ ਨਾਅਮਾਨ ਨੂੰ ਲਿਖੀ ਚਿੱਠੀ ਪੜ੍ਹੋ। ਲਿਖਿਆ ਹੈ:- "**ਅਲਸ਼ਰ੍ਹਾ ਤਹਿਤ-ਉਲ-ਸੈਫ (ਸ਼ਰ੍ਹਾ ਕੇਵਲ ਤਲਵਾਰ ਨਾਲ ਹੀ ਫੈਲ ਸਕਦੀ ਹੈ ) ਕੇ ਮੁਤਾਬਕ ਸ਼ਰਈਅਤ ਗੁੱਰਾ ਕਾ ਰਵਾਜ ਸਲਾਤੀਨਿ ਗੁੱਤਾਮ ਕੇ ਅੱਛੇ ਅਹਿਤਮਾਮ ਸੇ ਵਾਵਸਤਾ ਹੈ । ਕੁੱਛ ਮੁੱਦਤ ਗੁਜ਼ਰੀ ਹੈ ਕਿ ਇਸ ਬਾਤ ਮੇਂ ਜ਼ੁਆਫ ਪੈਦਾ ਹੋ ਚੁਕਾ ਹੈ । ਹਿੰਦੋਸਤਾਨ ਕੇ ਕਾਫ਼ਰ ਮਸਜਿਦੇਂ ਗਿਰਾ ਰਹੇ ਹੈ ਔਰ ਉਨ ਕੀ ਜਗ੍ਹਾ ਆਪਣੀ ਇਬਾਦਤਗਾਹੇਂ ਬਨਾਂ ਰਹੇ ਹੈਂ । ਥਾਨੇਸਰ ਕੁਰਖੇਤ ਹੌਜ਼ ਕੇ ਅੰਦਰ ਏਕ ਮਸਜਿਦ ਥੀ ਔਰ ਕਿਸੀ ਬਜ਼ੁਰਗ ਕਾ ਮਕਬਰਾ ਥਾ । ਇਸ ਕੋ ਗਿਰਾ ਕਰ ਇਸ ਕੀ ਜਗ੍ਹਾ ਇੱਕ ਬਹੁਤ ਬੜਾ ਗੁਰਦਵਾਰਾ ਤਾਮੀਰ ਕੀਆ ਗਿਆ ਹੈ .........ਅਫ਼ਸੋਸ, ਸਦ ਅਫ਼ਸੋਸ ਕਿ ਵਕਤ ਕਾ ਬਾਦਸ਼ਾਹ ਮੁਸਲਮਾਨ ਹੈ ਔਰ ਹਮ ਫਕੀਰ ਕਮਜ਼ੋਰੀ ਔਰ ਖਰਾਬੀ ਮੇਂ ਹੈਂ (ਭਾਵ ਇਹ ਕਿ ਮੇਰੇ ਵਰਗੇ ਫ਼ਕੀਰ ਦੀ ਕੋਈ ਵਾਹ ਨਹੀਂ ਚਲਦੀ) । ਇਨ ਬਾਦਸ਼ਾਹੋਂ ਕੇ ਇਕਰਾਮ-ਇਆਜ਼ਾਜ਼ ਸੇ ਇਸਲਾਮ ਰੌਨਕ ਰਖਤਾ ਥਾ ਔਰ ਉਲਮਾ-ਓ-ਸੂਫੀਆ ਮੁਅਜ਼ਜ਼-ਓ-ਮੁਹਤਰਮ ਥੇ ਔਰ ਇਨ ਕੀ ਇਮਦਾਦ ਸੇ ਸ਼ਰਈਅਤ ਕੇ ਨਾਫ਼ਜ਼ ਕਰਨੇ ਮੇਂ ਕੋਸ਼ਿਸ਼ ਕਰਤੇ ਥੇ**"। (ਮਕਤੂਬਾਤ ਇਮਾਮ ਰੱਬਾਨੀ ਮਦੀਨਾ ਪਬਲਿਸ਼ੰਗ ਕੰਪਨੀ ਕਰਾਚੀ ਭਾਗ ੨ ਪੰਨਾ ੧੧੮)

ਮੁਜੱਦਦ ਦੀ ਉਪ੍ਰੋਕਤ ਲਿਖਤ ਤੋਂ ਸਪਸ਼ਟ ਹੈ ਕਿ ਉਹ ਅਲਾਉਦੀਨ ਖ਼ਿਲਜੀ ਵਾਲੀ ਨੀਤੀ ਫੇਰ ਸੁਰਜੀਤ ਕਰਨਾ ਚਾਹੁੰਦਾ ਸੀ ਤਾਂ ਜੋ ਬਾਦਸ਼ਾਹਾਂ ਦੀ ਸ਼ਹਿ ਨਾਲ ਤਲਵਾਰ ਦੇ ਜ਼ੋਰ ਤੇ ਇਸਲਾਮ ਫੈਲਾਇਆ ਜਾਵੇ । ਉਪ੍ਰੋਕਤ ਚਿੱਠੀ

[44] ਖੁਆਜਾ ਬਕੀ ਬਿਲਾ (੧੨ ਜੁਲਾਈ ੧੫੬੪- ੩੦ ਨਵੰਬਰ ੧੬੦੩) । ਇਸ ਦੀ ਕਬਰ ਦਿੱਲੀ ਵਿੱਚ ਹੈ ।

ਵਰਗੀਆਂ ਹੋਰ ਅਨੇਕਾਂ ਚਿੱਠੀਆਂ ਮੁਜੱਦਦ ਵਲੋਂ ਉੱਚ ਅਧਿਕਾਰੀਆਂ, ਸਰਕਾਰੀ ਅਫਸਰਾਂ ਅਤੇ ਬਾਦਸ਼ਾਹ ਦੇ ਨਿਕਟਵਰਤੀਆਂ ਨੂੰ ਗੁਪਤ ਲਿਖੀਆਂ ਗਈਆਂ ਕੁੱਝ ਕੁ ਦਾ ਜ਼ਿਕਰ ਅਸੀਂ ਅੱਗੇ ਚੱਲ ਕੇ ਕਰਾਂਗੇ ।[੪੫]

ਹਜ਼ਰਤ ਮੁਜੱਦਦ ਨੂੰ ਹਿੰਦੂਆਂ ਨਾਲ ਮੁਸਲਮਾਨਾਂ ਦੀ ਮਿੱਤ੍ਰਤਾ ਅਤੇ ਲੈਣ ਦੇਣ ਵਿਚੋਂ ਵੀ ਕੁਫ਼ਰ ਦੀ ਬੋ ਆਉਂਦੀ ਸੀ । ਹਿੰਦੂਆਂ ਨਾਲ ਮੁਸਲਮਾਨਾਂ ਦਾ ਕਿਸੇ ਪ੍ਰਕਾਰ ਦਾ ਵੀ ਸੰਪਰਕ ਉਸ ਨੂੰ ਪ੍ਰਵਾਣ ਨਹੀਂ ਸੀ । ਉਹ ਲਿਖਦਾ ਹੈ, "**ਹਿੰਦੂਓਂ ਕੇ ਮੁਅਜ਼ਮ ਦਿਨੋਂ ਕੀ ਤਾਅਜ਼ੀਮ ਕਰਨਾ ਔਰ ਇਨ ਦਿਨੋਂ ਮੇਂ ਹਿੰਦੂਓਂ ਕੇ ਰਸੂਮ ਕਾ ਬਜਾ ਲਾਨਾ ਕੁਫ਼ਰ ਕਾ ਮਸਤੂਜਬ ਹੈ । ਜੈਸਾ ਕਿ ਕਾਫ਼ਰੋਂ ਕੀ ਤਰਾ ਦੀਵਾਲੀ ਕੇ ਦਿਨੋਂ ਮੇਂ ਜਾਹਲ ਮੁਸਲਮਾਨ ਖਸੂਸਨ ਇਨ ਕੀ ਔਰਤੇਂ ਕਾਫ਼ਰੋਂ ਕੀ ਰਸੂਮ ਬਜਾ ਲਾਤੇ ਹੈਂ ਔਰ ਅਪਨੀ ਈਦ ਮਨਾਤੇ ਹੈਂ । ਕਾਫ਼ਰੋਂ ਕੇ ਹਦੀਓਂ ਕੀ ਤਰ੍ਹਾ ਅਪਨੀ ਬੇਟੀਓਂ ਔਰ ਬਹਿਨੋਂ ਕੇ ਘਰੋਂ ਮੇਂ ਤੁਹਫੇ ਤਹਾਇਫ਼ ਭੇਜਤੇ ਹੇਂ ਔਰ ਅਪਨੇ ਬਰਤਨੋਂ ਪਰ ਕਾਫ਼ਰੋਂ ਕੀ ਤਰ੍ਹਾ ਇਸ ਮੌਸਮ ਮੇਂ ਰੰਗ ਕਰਾਤੇ ਹੈਂ। ਯਿਹ ਸਭ ਸ਼ਰਕ ਹੈ ਔਰ ਦੀਨ-ਇਸਲਾਮ ਸੇ ਕੁਫ਼ਰ ਹੈ ।** (ਮਕਤੂਬਾਤ ਭਾਗ ੩ ਚਿੱਠੀ ਨੰ: ੪੧)

ਮੁਜੱਦਦ ਨੇ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਸੀ ਕਿ ਬਾਦਸ਼ਾਹ, ਵਜ਼ੀਰਾਂ ਅਤੇ ਰਸੂਖ ਵਾਲੇ ਸਰਕਾਰੀ ਅਫਸਰਾਂ ਨੂੰ ਆਪਣੇ ਨਾਲ ਗੰਢਿਆ ਜਾਵੇ । ਉਸ ਦੀ ਖ਼ੁਸ਼ਕਿਸਮਤੀ ਹੀ ਸਮਝੋ ਕਿ ਬਹੁਤੇ ਅਫਸਰ ਮੁਸਲਮਾਨ ਹੀ ਸਨ ਤੇ ਉਨ੍ਹਾਂ ਅੱਗੇ ਇਸਲਾਮ ਦਾ ਵਾਸਤਾ ਪਾ ਕੇ ਆਪਣੇ ਨਾਲ ਗੰਢਣਾ ਕੋਈ ਔਖਾ ਕੰਮ ਨਹੀਂ ਸੀ । ਮੁਹੱਦਦ ਦੀਆਂ ਬਹੁਤੀਆਂ ਚਿੱਠੀਆਂ ਸਰਕਾਰੀ ਅਫਸਰਾਂ ਵੱਲ ਹੀ ਲਿਖੀਆਂ ਗਈਆਂ ਹਨ । ਉਸ ਵਲੋਂ ਖਾਨ ਜਹਾਨ ਨੂੰ ਲਿਖੀ ਚਿੱਠੀ ਪੜ੍ਹੋ:

**" ਯਹੀ ਮੁਲਾਜ਼ਮਤ ਜੋ ਆਪ ਕਰਤੇ ਹੈਂ ਇਸਕੋ ਮੁਹੰਮਦ ਮੁਸਤਫਾ ਸਲੀ ਅਲ੍ਹਾ ਅਲੀਆ ਵਸਲਮ ਕੀ ਸ਼ਰਈਅਤ ਕੇ ਸਾਥ ਜਮਾ ਕਰ ਦੇਂ ਤੋ ਆਪ ਅੰਬੀਆ-ਅਲੈਹੁਮ-ਓਲ-ਸਲਵਾਤੁਲ-ਇਸਲਾਮ ਕਾ ਕਾਮ ਕਰੇਂਗੇ ਔਰ ਦੀਨ ਮੁਤੱਯਨ ਕੋ ਮੁਨੱਵਰ ਕਰੇਂਗੇ । ਹਮ ਲੋਗ ਅਗਰ ਕਈ ਸਾਲ ਤੱਕ ਭੀ ਇਸ ਅਮਲ ਮੇਂ ਅਪਨੀ ਜਾਨ ਲੜਾਏਂ ਤੋ ਭੀ ਆਪ ਜੈਸੇ ਸ਼ਾਹਬਾਜ਼ੋਂ ਕੀ ਗਰਦ ਕੋ ਭੀ ਨਹੀਂ ਪਹੁੰਚ ਸਕਤੇ"।** (ਚਿੱਠੀ ਨੰ: ੫੪ ਜਿਲਦ ੩ ਪੰਨਾ ੧੫੪)

ਕੁੱਝ ਚਿੱਠੀਆਂ ਵਿਚ ਮੁਜੱਦਦ ਨੇ ਇਸ ਗੱਲ ਤੇ ਦੁੱਖ ਪਰਗਟ ਕੀਤਾ ਹੈ ਕਿ ਹਿੰਦੂਆਂ ਤੋਂ ਜਜ਼ੀਆ[੪੬] ਲੈਣਾ ਕਿਉਂ ਬੰਦ ਕੀਤਾ ਗਿਆ ਹੈ । ਗਾਂ ਮਾਰਨ ਤੇ ਲਾਈ ਪਾਬੰਦੀ ਵੀ ਮੁਜੱਦਦ ਨੂੰ ਰੜਕਦੀ ਸੀ । ਉਹ ਲਿਖਦੇ ਹਨ , "**ਹਿੰਦੋਸਤਾਨ ਵਿੱਚ ਗਾਂ ਮਾਰਨ ਨਾਲੋਂ ਉੱਤਮ ਇਸਲਾਮੀ ਸੇਵਾ ਤੇ ਪੁੰਨ ਕੋਈ ਹੋਰ ਨਹੀਂ ਹੈ**"। ਕਿਧਰੇ ਕਿਧਰੇ ਹਿੰਦੂਆਂ ਨਾਲ ਕੇਵਲ ਹਿੰਦੂ ਹੋਣ ਕਾਰਨ ਹੀ ਨਫ਼ਰਤ ਕਰਨ ਦਾ ਮਸ਼ਵਰਾ ਦਿੰਦੇ ਹਨ ਜਿਵੇਂ ਅਕਬਰ ਦੇ ਨੌਂ ਰਤਨਾਂ ਵਿਚੋਂ ਇਕ ਰਤਨ ਅਬਦੁਲ ਰਹੀਮ ਨੂੰ ਲਿਖਦੇ ਹਨ, "**ਮੁਸਲਮਾਨੋਂ ਕੋ ਯਿਹ ਹੁਕਮ ਹੈ ਕਿ ਅਹਿਲ-ਕੁਫ਼ਰ ਸੇ ਅਦਾਵਤ ਰਖੇਂ ਔਰ ਇਨ ਪਰ ਸਖਤੀ ਕਰੇਂ**"।(ਚਿੱਠੀ ਨੰ: ੨੩ ਭਾਗ ੧ ਪੰਨਾ ੧੨੯)। ਅਜਿਹੀ ਹੀ ਇੱਕ ਚਿੱਠੀ ਸ਼ੇਖ ਫਰੀਦ (ਜਿਸ ਦਾ ਜ਼ਿਕਰ ਅੱਗੇ ਆਵੇਗਾ) ਨੂੰ ਬੜੇ ਦੁੱਖ ਨਾਲ ਲਿਖਦੇ ਹਨ, "**ਹਾਏ ਹਲਾਕਤ, ਹਾਏ ਮੁਸੀਬਤ, ਹਾਏ ਅਫਸੋਸ ਔਰ ਗ਼ਮ । ਮੁਹੰਮਦ ਰਸੂਲ ਅੱਲਾ ਸਲੀ ਅੱਲਾ ਤੁਆਲਾ-ਅਲੀਆ-ਵਸਲਮ ਜੋ ਰੱਬ-ਉਲ-ਆਲਮੀਨ ਕੇ ਮਹਿਬੂਬ ਹੈਂ ਇਨ ਕੇ ਮਾਨਨੇ ਵਾਲੇ ਤੋ ਜ਼ਲੀਲ-ਓ-ਖੁਆਰ ਹੋਂ ਲੇਕਿਨ ਆਪ ਕੇ ਮੁਨਕਰੋਂ ਕੀ ਇੱਜ਼ਤ ਔਰ ਇਨਕਾ ਲਿਹਾਜ਼ ਹੋ।............. ਬਾਦਸ਼ਾਹ ਜਹਾਨ ਕੇ ਲੀਏ ਇਸ ਤਰਾ ਹੈ ਜਿਸ ਤਰ੍ਹਾ ਦਿਲ ਬਦਨ ਕੇ ਲੀਏ । ਅਗਰ ਦਿਲ ਠੀਕ ਹੈ ਤੋ ਬਦਨ ਠੀਕ ਹੈ । ਅਗਰ ਦਿਲ ਖ਼ਰਾਬ ਹੈ ਤੋ ਸਾਰਾ ਬਦਨ ਖ਼ਰਾਬੀ ਕਾ ਸ਼ਿਕਾਰ ਹੋਗਾ । ਬਾਦਸ਼ਾਹ ਕੀ ਦਰੁਸਤੀ ਜਹਾਨ ਕੀ ਦਰੁਸਤੀ ਹੈ ਔਰ ਬਾਦਸ਼ਾਹ ਕਾ ਖ਼ਰਾਬ ਹੋਨਾ ਮੁਲਕ ਕੋ ਖ਼ਰਾਬੀ ਮੇਂ ਡਾਲ ਦੇਤਾ ਹੈ ।**

(ਮਕਤੂਬਾਤ ਭਾਗ ੧ ਚਿਠੀ ਨੰ: ੪੭ ਪੰਨਾ ੧੨੯)

---

[45] ਅੱਜ ਕਲ੍ਹ ਇਹ ਸਾਰੀਆਂ ਚਿੱਠੀਆਂ ਤਿੰਨ ਜਿਲਦਾਂ ਵਿੱਚ ਮਦੀਨਾ ਪਬਲਿਸ਼ਿੰਗ ਕੰਪਨੀ ਕਰਾਚੀ ਨੇ ਛਾਪ ਦਿੱਤੀਆਂ ਹਨ । ਪੁਸਤਕ ਦੇ ਆਕਾਰ ਨੂੰ ਮੁਖ ਰਖਦਿਆਂ ਬਹੁਤੀਆਂ ਚਿੱਠੀਆਂ ਦੇਣ ਤੋਂ ਸੰਕੋਚ ਕਰਨਾ ਪੈ ਰਿਹਾ ਹੈ । ਜੋ ਚਿੱਠੀਆਂ ਇਸ ਪੁਸਤਕ ਵਿੱਚ ਦਿੱਤੀਆਂ ਗਈਆਂ ਹਨ ਉਹ ਭੀ ਅਸਲ ਚਿੱਠੀਆਂ ਦੇ ਕੇਵਲ ਕੁੱਝ ਭਾਗ ਹੀ ਹਨ ਪੂਰੀਆਂ ਚਿੱਠੀਆਂ ਨਹੀਂ ਹਨ ।

[46] ਜਜ਼ੀਆ ਇੱਕ ਟੈਕਸ ਸੀ ਜੋ ਹਿੰਦੂਆਂ ਨੂੰ ਕੇਵਲ ਹਿੰਦੂ ਹੋਣ ਕਰ ਕੇ ਦੇਣਾ ਪੈਂਦਾ ਸੀ । ਮੁਸਲਮਾਨ ਹੋ ਜਾਣ ਵਾਲੇ ਹਿੰਦੂ ਨੂੰ ਇਹ ਟੈਕਸ ਮੁਆਫ਼ ਹੋ ਜਾਂਦਾ ਸੀ ।

ਮੁਜੱਦਦ ਦੀਆਂ ਚਿਠੀਆਂ ਦਾ ਮੂਲ ਪ੍ਰਯੋਜਨ ਬਿਆਨ ਕਰਦੇ ਹੋਏ ਮੌਲਾਨਾ ਮੁਹੰਮਦ ਸਈਦ 'ਮੁਕੱਦਮਾ ਮਕਤੂਬਾਤ' ਦੇ ਸਫਾ ੨੧ ਤੇ ਲਿਖਦੇ ਹਨ, " ਅਕਬਰ ਬਾਦਸ਼ਾਹ ਔਰ ਉਨ ਕੇ ਮੁਲਹਿਦ ਉਮਰਾ ਕੇ ਕੁਫ਼ਰੀਆ ਅਕਾਇਦ ਕੀ ਵਜ੍ਹਾ ਸੇ ਦੀਨ ਪਰ ਜੋ ਮੁਸੀਬਤੇਂ ਨਾਜ਼ਲ ਹੋ ਰਹੀਂ ਥੀਂ ਉਨ ਕੇ ਦਫ਼ੀਆ ਕੇ ਲੀਏ ਉਮਰਾ, ਉਲੇਮਾ ਔਰ ਸੂਫ਼ੀਆ ਕੋ ਮੁਤਵੱਜੋ ਕੀਆ ਗਿਆ ਹੈ । ਹਿੰਦੂਓਂ ਕੇ ਮੇਲ ਜੋਲ ਸੇ ਮੁਸਲਮਾਨੋਂ ਮੇਂ ਜੋ ਕਬੀਹ ਰਸੂਮ ਰਾਇਜ ਹੋ ਗਈਂ ਥੀਂ ਉਨ ਸੇ ਇਜਨਤਾਬ ਅਰ ਬਿੱਦਤ ਕੋ ਮਹਵ ਕਰ ਕੇ ਸੁੰਨਤ ਕੋ ਜ਼ਿੰਦਾ ਕਰਨੇ ਕੀ ਤਰਗ਼ੀਬ ਦਿਲਾਈ ਗਈ ਹੈ ।..................ਹਰ ਮਕਤੂਬ ਕਾ ਲੁਬਿ-ਲੁਬਾਬ ਯਹੀ ਹੈ ਕਿ ਇਸਲਾਮ ਕੋ ਜ਼ਿੰਦਗੀ ਕੇ ਹਰ ਸ਼ੌਅਬਾ ਪਰ ਨਾਫ਼ਿਜ਼ ਕੀਆ ਜਾਏ"।

## ੨.੬ ਅਕਬਰ ਦੀ ਮੌਤ

ਅਕਬਰ ਬੁੱਢਾ ਹੋ ਰਿਹਾ ਸੀ ਅਤੇ ਮੁਜੱਦਦ ਦੀ ਗੁਪਤ ਚਾਲ ਅੰਦਰੋਂ ਅੰਦਰ ਜਵਾਨ ਹੋ ਰਹੀ ਸੀ । ਅਕਬਰ ਆਪਣੇ ਪੋਤੇ (ਜਹਾਂਗੀਰ ਦੇ ਪੁੱਤਰ) ਖ਼ੁਸਰੋ ਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਸੀ । ਆਪਣੇ ਨਿਕਟਵਰਤੀ ਅਮੀਰਾਂ ਵਜ਼ੀਰਾਂ ਕੋਲ ਉਸ ਨੇ ਕਈ ਬਾਰੀ ਜਹਾਂਗੀਰ ਦੇ ਸ਼ਰਾਬੀ, ਕਬਾਬੀ ਅਤੇ ਨਾਲਾਇਕ ਹੋਣ ਅਤੇ ਰਾਜ ਭਾਗ ਖ਼ੁਸਰੋ ਨੂੰ ਸੰਭਾਲਣ ਦਾ ਵਿਚਾਰ ਵੀ ਪਰਗਟਾਇਆ ਸੀ । ਇਸ ਵਿਚਾਰ ਦੀ ਹਮਾਇਤ ਖ਼ੁਸਰੋ ਦਾ ਸੌਹਰਾ ਅਜੀਜ਼ ਕੋਕਾ ਅਤੇ ਖ਼ੁਸਰੋ ਦਾ ਮਾਮਾ ਰਾਜਾ ਮਾਨ ਸਿੰਘ ਵੀ ਕਰਦੇ ਸਨ ।ਅਕਬਰ ਉੱਪਰ ਉਨ੍ਹਾਂ ਦੋਹਾਂ ਦੇ ਬੜੇ ਅਹਿਸਾਨ ਸਨ ਅਤੇ ਉਹ ਇਨ੍ਹਾਂ ਦੀ ਗੱਲ ਸਹਿਜੇ ਹੀ ਮੰਨ ਲੈਂਦਾ ਸੀ । ਮੁਜੱਦਦ ਨੂੰ ਕਿਸੇ ਤਰਾਂ ਇਸ ਗੱਲ ਦੀ ਸੂੰਹ ਮਿਲ ਗਈ । ਮੁਜੱਦਦ ਨੇ ਅਪਣੇ ਇੱਕ ਬਹੁਤ ਹੀ ਇਤਬਾਰੀ ਮੁਰੀਦ ਤੇ ਕੱਟੜ ਮੁਸਲਮਾਨ ਸ਼ੇਖ ਫ਼ਰੀਦ (ਜੋ ਫੌਜਾਂ ਦਾ ਜਰਨੈਲ ਸੀ ) ਦੀ ਜ਼ਿਮੇਵਾਰੀ ਲਾਈ ਕਿ ਉਹ ਸ਼ਹਿਜ਼ਾਦਾ ਸਲੀਮ (ਜੋ ਮਗਰੋਂ ਜਹਾਂਗੀਰ ਅਖਵਾਇਆ) ਨੂੰ ਸਾਰੀ ਘਾੜਤ ਦੱਸ ਕੇ ਤੇ ਰਾਜ ਭਾਗ ਦਿਵਾਉਣ ਦਾ ਲਾਲਚ ਦੇ ਕੇ ਆਪਣੇ ਨਾਲ ਗੰਢ ਲਵੇ । ਸ਼ੇਖ ਫ਼ਰੀਦ ਨੇ ਇਹ ਕੰਮ ਬਹੁਤ ਹੀ ਹੋਸ਼ਿਆਰੀ ਨਾਲ ਕੀਤਾ । ਉਸ ਨੇ ਜਹਾਂਗੀਰ ਨੂੰ ਫੌਜੀ ਮਦਦ ਦੇਣ ਤੇ ਤਖਤ ਉਪਰ ਬੈਠਾਉਣ ਦਾ ਵਚਨ ਦਿੱਤਾ ਅਤੇ ਜਹਾਂਗੀਰ ਤੋਂ ਵੀ ਕੁੱਝ ਵਚਨ ਲਏ":

"Accordingly the leading noble (Sheikh Farid) having been sent by others as their representative, came to the prince (Salim –later Jahangir) and promised in their names to place the kingdom in his hands, provided that he would swear to defend the law of Mahomet"(See 'Akbar and the Jesuits' Page 204) [੪੭]

ਇਤਿਹਾਸਕਾਰ ਹੇਠ ਲਿਖੇ ਵਚਨ ਲਏ ਗਏ ਲਿਖਦੇ ਹਨ:-[੪੮]

੧. ਰਾਜ ਭਾਗ ਮਿਲਣ ਪਿੱਛੋਂ ਖ਼ੁਸਰੋ ਦੇ ਹਮਾਇਤੀਆਂ ਨੂੰ ਮਾਰਿਆ ਨਹੀਂ ਜਾਵੇਗਾ ।
੨. ਮੁਜੱਦਦ ਵਲੋਂ ਸ਼ਰ੍ਹਾ ਦੀ ਕੀਤੀ ਹੋਈ ਤਸ਼ਰੀਹ ਅਨੁਸਾਰ ਇਸਲਾਮੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਈ ਜਾਵੇਗੀ ।
੩. ਹਿੰਦੂਆਂ ਨੂੰ ਮੁਸਲਮਾਨ ਬਨਾਉਣ ਲਈ ਪਰਚਾਰ ਤੇ ਤਲਵਾਰ ਦੋਹਾਂ ਦੀ ਵਰਤੋਂ ਕੀਤੀ ਜਾਵੇਗੀ ।

---

[47] ਇਹੋ ਗੱਲ Vincent Smith ਅਪਣੀ ਪੁਸਤਕ 'Akbar the Great ਦੇ ਪੰਨਾ ੩੦੯ ਤੇ ਲਿਖਦੇ ਹਨ ਅਤੇ ਬੇਣੀ ਪ੍ਰਸਾਦ ਅਪਣੀ ਪੁਸਤਕ 'History of Jehangir' ਦੇ ਪੰਨਾ ੫੧ ਤੋਂ ੬੨ ਤੱਕ ਖੋਲ੍ਹ ਕੇ ਬਿਆਨ ਕਰਦੇ ਹਨ ।

[48] ਦੇਖੋ ਮੁਹੰਮਦ ਫੁਰਮਾਨ ਦੀ ਲਿਖੀ ਪੁਸਤਕ "ਹਯਾਤ-ਏ-ਮੁਜੱਦਦ" ਪੰਨਾ ੨੮ "ਜਹਾਂਗੀਰ ਨੇ ਤਖਤ ਤੇ ਬੈਠਦਿਆਂ ਹੀ ਪਰਣ ਕੀਤਾਂ ਸੀ ਕਿ ਮੈਂ ਮਜ਼ਹਬ ਇਸਲਾਮ ਦੀ ਹਮਾਇਤ ਅਤੇ ਰੱਖਿਆ ਕਰਾਂਗਾ । ਇਸ ਦਾ ਭਾਵ ਇਹ ਸੀ ਕਿ ਅੱਕਬਰ ਦੇ ਵੇਲੇ ਜੋ ਖੁਲ੍ਹ ਤੇ ਜੋ ਰਵਾਦਾਰੀ ਵਰਤੀ ਗਈ ਸੀ ਉਸ ਦੀ ਥਾਂ ਇਸਲਾਮ ਨੂੰ ਪੱਕੀ ਤਰਾਂ ਚਲਾਣ ਦਾ ਯਤਨ ਕਰਾਂਗਾ" । ਜਹਾਂਗੀਰ ਨੇ ਕੱਟੜ ਮੁਲਾਣੇ ਪਾਸ ਰੱਖ ਕੇ ਇੱਸ ਵਿੱਚ ਸਫਲਤਾ ਪ੍ਰਾਪਤ ਕੀਤੀ ਅਤੇ ਗ਼ਾਜ਼ੀ ਅਖਵਾਇਆ" । (ਮਹਾਨ ਕੋਸ਼ ਪੰਨਾ ੪੯੭)

ਹੁਣ ਸਵਾਲ ਸਿਰਫ਼ ਅਕਬਰ ਨੂੰ ਰਾਹ ਵਿਚੋਂ ਹਟਾਉਣ ਦਾ ਹੀ ਰਹਿ ਗਿਆ ਸੀ । Mr. Vincent Smith ਲਿਖਦੇ ਹਨ ਕਿ ਉਪ੍ਰੋਕਤ ਸਾਰਾ ਛੜਯੰਤਰ ਰਚਣ ਉਪ੍ਰੰਤ ਸਲੀਮ ਨੇ ੧੫੯੧ ਵਿੱਚ ਅਕਬਰ ਨੂੰ ਜ਼ਹਿਰ ਦਵਾ ਦਿੱਤੀ । [੪੯] ਅਕਬਰ ਖੁਸਕਿਸਮਤੀ ਨਾਲ ਜ਼ਹਿਰ ਦੇ ਅਸਰ ਤੋਂ ਬੱਚ ਗਿਆ । ਜਹਾਂਗੀਰ ਨੇ (1601 AD ਵਿੱਚ) ਇੱਕ ਵਾਰ ਫੇਰ ਕਿਸਮਤ ਅਜ਼ਮਾਉਣ ਲਈ ਬਗ਼ਾਵਤ ਕਰ ਦਿੱਤੀ ਅਤੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ । ਉਸ ਨੇ (੧੬੦੨ ਵਿੱਚ) ਅਕਬਰ ਦੇ ਸਭ ਤੋਂ ਪਿਆਰੇ ਵਿਸ਼ਵਾਸ ਪਾਤਰ ਮਿੱਤਰ ਅਤੇ ਰਤਨ ਸ੍ਰੀ ਅਬੁਲ ਫ਼ਜ਼ਲ ਨੂੰ ਵੀ ਮਰਵਾ ਦਿੱਤਾ । ਅਕਬਰ ਨੂੰ ਬਗ਼ਾਵਤ ਅਤੇ ਅਬੁਲ ਫ਼ਜ਼ਲ ਦੀ ਮੌਤ ਨਾਲ ਬਹੁਤ ਵੱਡਾ ਸਦਮਾ ਪਹੁੰਚਿਆ । ਉਸ ਨੂੰ ਭਾਵੇਂ ਅੰਦਰੋ ਅੰਦਰੀ ਰਚੀ ਗਈ ਯੋਜਨਾ ਦਾ ਪਤਾ ਨਹੀਂ ਸੀ ਤਾਂ ਵੀ ਇਹ ਗੱਲ ਉਸਨੂੰ ਸਪਸ਼ਟ ਹੋ ਗਈ ਸੀ ਕਿ ਉਸ ਦੇ ਅੱਖ ਮੀਚਦਿਆਂ ਹੀ ਉਸ ਦਾ ਰਾਜ ਖ਼ਾਨਾ-ਜੰਗੀ ਅਤੇ ਖ਼ੂਨ ਖ਼ਰਾਬੇ ਦਾ ਸ਼ਿਕਾਰ ਹੋਣੋ ਨਹੀਂ ਬਚ ਸਕੇਗਾ ।

ਅਕਬਰ ਨੇ ਸਿਆਣਪ ਤੋਂ ਕੰਮ ਲਿਆ । ਜਹਾਂਗੀਰ ਤੋਂ ਮੁਆਫ਼ੀ ਮੰਗਵਾ ਕੇ ਇੱਕ ਖ਼ਾਸ ਦਰਬਾਰ ਲਵਾਇਆ ਅਤੇ ਸਭ ਅਮੀਰਾਂ ਵਜ਼ੀਰਾਂ ਦੇ ਸਾਹਮਣੇ ਖੁਲ੍ਹਾ ਐਲਾਨ ਕਰ ਦਿੱਤਾ ਕਿ ਉਸਦੀ ਮੌਤ ਪਿਛੋਂ ਰਾਜ ਭਾਗ ਦਾ ਮਾਲਕ ਸਲੀਮ (ਜਹਾਂਗੀਰ) ਹੋਵੇਗਾ । ਇਤਿਹਾਸਕਾਰਾਂ ਦਾ ਖ਼ਿਆਲ ਹੈ ਕਿ ਨਾ ਤਾਂ ਅਕਬਰ ਹੀ ਇਸ ਐਲਾਨ ਉੱਪਰ ਪਾਬੰਦ ਰਹਿਣਾ ਚਾਹੁੰਦਾ ਸੀ ਅਤੇ ਨਾ ਹੀ ਜਹਾਂਗੀਰ ਨੂੰ ਅਪਣੇ ਬਾਪ ਦੀ ਦਰਿਆ-ਦਿਲੀ ਉੱਪਰ ਭਰੋਸਾ ਸੀ ।

ਉਪ੍ਰੋਕਤ ਬੇਵਿਸ਼ਵਾਸੀ ਦੀ ਹਾਲਤ ਵਿੱਚ ਦੋਵੇਂ ਧੜੇ ਅਪਣੇ ਅਪਣੇ ਪੱਖਾਂ ਨੂੰ ਮਜ਼ਬੂਤ ਕਰ ਰਹੇ ਸਨ । ਸ਼ਹਿਜ਼ਾਦਾ ਖ਼ੁਸਰੋ ਵੀ ਉਪ੍ਰੋਕਤ ਐਲਾਨ ਤੋਂ ਅੰਦਰੋ ਅੰਦਰ ਦੁਖੀ ਸੀ ਤੇ ਕੋਈ ਸਕੀਮ ਬਣਾ ਰਿਹਾ ਸੀ । ਉਸਨੂੰ ਅਕਬਰ ਦੇ ਨਿਕਟਵਰਤੀਆਂ ਵਲੋਂ ਪੂਰੀ ਸਹਾਇਤਾ ਦੀ ਆਸ ਸੀ ਤੇ ਉਹ ਅਪਣੇ ਪੱਖ ਨੂੰ ਬਹੁਤ ਮਜ਼ਬੂਤ ਸਮਝਦਾ ਸੀ । ਉੱਧਰ ਜਹਾਂਗੀਰ ਦੇ ਇਤਬਾਰੀ ਤੇ ਮੁਜੱਦਦ ਦੇ ਚੇਲੇ ਸ਼ੇਖ਼ ਫ਼ਰੀਦ ਨੇ ਇੱਕ ਵੱਡੀ ਮੱਲ ਇਹ ਮਾਰ ਲਈ ਕਿ ਇਸਲਾਮ ਦਾ ਵਾਸਤਾ ਪਾ ਕੇ ਅੰਦਰੋ ਅੰਦਰ ਸਈਦਾਂ[੫੦] ਨੂੰ ਅਪਣੇ ਨਾਲ ਗੰਢ ਲਿਆ ।ਇਹ ਗੱਲ ਖ਼ੁਸਰੋ ਲਈ ਨਿਰਾਸ਼ਾ-ਜਨਕ ਸੀ । ਹੁਣ ਉਸ ਲਈ ਬਾਦਸ਼ਾਹ ਬਨਣਾ ਲੱਗ ਪੱਗ ਅਸੰਭਵ ਸੀ । ਦੁਚਿੱਤੀ ਵਿੱਚ ਲਟਕਦੇ ਅਮੀਰ ਵਜ਼ੀਰ ਵੀ ਉਪਰੋਂ ਉਪਰੋਂ ਉਸ ਦਾ ਦਮ ਭਰਦੇ ਸਨ ਪਰ ਅੰਦਰੋਂ ਜਹਾਂਗੀਰ ਨਾਲ ਰਲ ਗਏ ਸਨ । ਅਕਬਰ ਦੀ ਸਿਹਤ ਦਿਨੋ ਦਿਨ ਖ਼ਰਾਬ ਹੁੰਦੀ ਜਾ ਰਹੀ ਸੀ ਤੇ ਸਿਹਤ ਦੀ ਖ਼ਰਾਬੀ ਕਾਰਣ ਉਹ ਕੁੱਝ ਵੀ ਕਰ ਸਕਣ ਤੋਂ ਅਸਮਰਥ ਸੀ ।

James Todd ਦੀ ਪੁਸਤਕ Annals of Mewar ਅਤੇ Vincent Smith ਦੀ ਪੁਸਤਕ "Akbar the Great" ਵਿਚ ਜ਼ਿਕਰ ਹੈ ਕਿ ਇਸ ਡਰਾਮੇ ਦਾ ਅੰਤ ਛੇਤੀ ਕਰਨ ਦੇ ਖ਼ਿਆਲ ਨਾਲ ਜਹਾਂਗੀਰ ਵਲੋਂ ਅਕਬਰ ਨੂੰ ਇੱਕ ਵਾਰ ਫੇਰ ਜ਼ਹਿਰ ਦਵਾਉਣ ਦੀ ਸਕੀਮ ਬਣਾਈ ਗਈ । ਸਕੀਮ ਇਹ ਘੜੀ ਗਈ ਕਿ ਜ਼ਹਿਰ ਉਦੋਂ ਦਿੱਤੀ ਜਾਵੇ ਜਦੋਂ ਅਕਬਰ ਤੇ ਰਾਜਾ ਮਾਨ ਸਿੰਘ ਇਕੱਠੇ ਹੋਣ । ਜੇ ਕਰ ਜ਼ਹਿਰ ਰਾਜਾ ਮਾਨ ਸਿੰਘ ਖਾ ਗਿਆ ਤਾਂ ਇਕ ਵੱਡੇ ਸ਼ਕਤੀਸ਼ਾਲੀ ਵਿਰੋਧੀ ਦਾ ਅੰਤ ਹੋ ਜਾਵੇਗਾ ਅਤੇ ਜੇ ਅਕਬਰ ਜ਼ਹਿਰ ਨਾਲ ਮਰ ਗਿਆ ਤਾਂ ਰਾਜਾ ਮਾਨ ਸਿੰਘ ਉੱਪਰ ਅਕਬਰ ਨੂੰ ਮਾਰਨ ਦਾ ਦੋਸ਼ ਲਗਵਾ ਕੇ ਮਰਵਾ ਦਿੱਤਾ ਜਾਵੇਗਾ । ਇਸ ਸਕੀਮ ਨੂੰ ਨੇਪਰੇ ਚਾੜ੍ਹਨ ਲਈ ਮਾਜੂਨ ਦੀਆਂ ਦੋ ਗੋਲ਼ੀਆਂ ਬਣਾਈਆਂ ਗਈਆਂ ਜਿਨ੍ਹਾਂ ਵਿੱਚੋਂ ਇਕ ਜ਼ਹਿਰੀਲੀ ਸੀ । ਇਸ ਵਾਰ ਤੀਰ ਨਿਸ਼ਾਨੇ ਉਪਰ ਬੈਠਾ । ਜ਼ਹਿਰ ਵਾਲੀ ਗੋਲ਼ੀ ਅਕਬਰ ਨੇ ਖਾ ਲਈ ਤੇ ਉਹ ੧੭ ਅਕਤੂਬਰ ੧੬੦੫ ਨੂੰ ਮਾਜੂਨ ਖਾਣ ਤੋਂ ਥੋੜ੍ਹੇ ਚਿਰ ਬਆਦ ਚਲਾਣਾ ਕਰ ਗਿਆ । ਜਹਾਂਗੀਰ ਨੇ ਤੁਰਤ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਤੇ ਮਾਨ ਸਿੰਘ ਨੂੰ ਤੁਰਤ ਬੰਗਾਲ ਦਾ ਸੂਬੇਦਾਰ ਥਾਪ ਕੇ ਦਿੱਲੀਓ ਦੂਰ ਭੇਜ ਦਿੱਤਾ ਗਿਆ ਤਾਂ ਜੋ ਰਾਜ ਭਾਗ ਨੂੰ ਚੰਗੀ ਤਰਾਂ ਸੰਭਾਲ ਕੇ ਹੀ ਉਸ ਨਾਲ ਨਜਿੱਠਆ ਜਾਵੇ । ੨੫ ਅਕਤੂਬਰ ਨੂੰ ਖ਼ਾਸ ਦੀਵਾਨ ਸਜਾ ਕੇ ਤਾਜਪੋਸ਼ੀ ਦੀ ਰਸਮ ਅਦਾ ਕਰਵਾਈ ਗਈ ਤੇ ਜਹਾਂਗੀਰ ਨੂੰ ਸ਼ੇਖ ਫਰੀਦ ਵਲੋਂ ਮਿਥੀ ਯੋਜਨਾ ਅਨੁਸਾਰ 'ਮੁਹਾਫ਼ਜ਼-ਏ-ਦੀਨ (ਧਰਮ ਰਖਸ਼ਕ) ਦੀ ਉਪਾਧੀ ਦੇ ਕੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਗਿਆ ।

---

[49] Akbar the Great page 301
[50] ਬਰਹਾ ਦੇ ਸਈਅਦ ਕੱਟੜ ਮੁਸਲਮਾਨ ਸਨ । ਉਹ ਬਹੁਤ ਬਹਾਦਰ ਸਨ ਅਤੇ ਉਨ੍ਹਾ ਕੋਲ ਚੋਖੀ ਫ਼ੌਜ ਵੀ ਸੀ ।

ਇਸ ਮੌਕੇ ਸਭ ਤੋਂ ਵੱਧ ਖ਼ੁਸੀ ਸ਼ੇਖ ਅਹਿਮਦ ਸਰਹੰਦੀ ਮੁਜੱਦਦ ਸਾਨੀ ਨੂੰ ਹੋਈ । ਉਸ ਨੇ ਅਪਣੇ ਚੇਲੇ ਸ਼ੇਖ ਫ਼ਰੀਦ ਨੂੰ ਛੜਯੰਤਰ ਵਿਚ ਸਫਲ ਹੋਣ ਲਈ ਵਧਾਈ ਦਿੱਤੀ ਤੇ ਲਿਖਿਆ:

**"ਹੁਣ ਜਦੋਂ ਕਿ ਤੁਸੀਂ ਬਾਦਸ਼ਾਹ ਦੇ ਐਨੇ ਨਜ਼ਦੀਕ ਹੋ ਤਾਂ ਮੈਨੂੰ ਪੂਰਨ ਆਸ ਹੈ ਕਿ ਤੁਸੀਂ ਸ਼ਰ੍ਹਾ ਮੁਹੰਮਦੀ ਚਾਲੂ ਕਰਨ ਲਈ ਤੇ ਬਾਦਸ਼ਾਹ ਨੂੰ ਪ੍ਰੇਰਨ ਲਈ ਪੂਰਾ ਜ਼ੋਰ ਲਾ ਕੇ ਮੁਸਲਮਾਨਾਂ ਨੂੰ ਮੁੜ ਸਤਿਕਾਰ ਦਿਵਾਉਗੇ"**

(ਮਕਤੂਬਾਤ ਭਾਗ ੨ ਚਿੱਠੀ ਨੰ:-੬੯)

ਮੁਜੱਦਦ ਇਹ ਸੁਨਹਿਰੀ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੁੰਦਾ ਸੀ । ਉਸ ਨੂੰ ਡਰ ਸੀ ਕਿ ਕਿਧਰੇ ਹੁਣ ਵੀ ਇਸਲਾਮੀ ਸ਼ਰ੍ਹਾ ਅਧੀਨ ਹਿੰਦੂਆਂ ਨੂੰ ਮਲੀਆ ਮੇਟ ਨਾ ਕੀਤਾ ਗਿਆ ਤਾਂ ਮੁਅਮਲਾ ਖੱਟੇ ਵਿਚ ਪੈ ਜਾਵੇਗਾ । ਉਹ ਇੱਕ ਚਿੱਠੀ ਖ਼ਾਨ-ਏ-ਆਜ਼ਮ ਨੂੰ ਲਿਖਦੇ ਹਨ , "**ਇਸ ਸੇ ਪਹਿਲੀ ਬਾਦਸ਼ਾਹੀ ਮੇਂ ਤੋ ਦੀਨ-ਏ-ਮੁਸਤਫ਼ਾ ਅਲੀਆ-ਅਲ-ਸਲਵਾਤ-ਇਸਲਾਮ ਕੇ ਸਾਥ ਅਨਾਦ ਔਰ ਮੁਖ਼ਾਲਫ਼ਤ ਸ੍ਰੀਹ ਮਹਿਸੂਸ ਹੋਤੀ ਥੀ । ਇਸ ਬਾਦਸ਼ਾਹ ਮੇਂ ਜ਼ਾਹਰੀ ਵੁਹ ਅਨਾਦ ਮਹਿਸੂਸ ਨਹੀਂ ਹੋਤਾ । ਲੇਕਿਨ ਇਸ ਬਾਤ ਕਾ ਡਰ ਹੈ ਕਿ ਅਬ ਭੀ ਮੁਆਮਲਾ ਅਨਾਦ ਤਕ ਨਾ ਪਹੁੰਚ ਜਾਏ ਔਰ ਮੁਸਲਮਾਨੋਂ ਕਾ ਮੁਆਮਲਾ ਜ਼ਿਆਦਾ ਤੰਗ ਹੋ ਜਾਏ"** (ਮਕਤੂਬਾਤ ਭਾਗ ੨ ਚਿੱਠੀ ਨੰ: ੬੫) ਇਸੇ ਨੂੰ ਫੇਰ ਲਿਖਦੇ ਹਨ "**ਨਜਾਤ ਪਾਨੇ ਵਾਲਾ ਫ਼ਿਰਕਾ ਸਿਰਫ਼ ਸਿਰਫ਼ ਯਹੀ ਹੈ । ਬਾਕੀ ਸਾਰੇ ਫ਼ਿਰਕੇ ਵਬਾਲ-ਓ-ਹਲਾਕਤ ਕੇ ਕਿਨਾਰੇ ਖੜ੍ਹੇ ਹੈਂ। ਆਜ ਕਿਸੀ ਕੇ ਇਲਮ ਮੇਂ ਯਿਹ ਬਾਤ ਆਏ ਯਾ ਨਾ ਆਏ ਮਗਰ ਕਲ੍ਹੱ ਕੋ ਹਰ ਇੱਕ ਜਾਨ ਲੇਗਾ । ਮਗਰ ਉਸ ਵਕਤ ਜਾਨਨਾ ਬੇਸੂਦ ਹੋਗਾ.**"।(ਮਕਤੂਬਾਤ ਭਾਗ ੧ ਚਿੱਠੀ ਨੰ ੬੯)

ਮੁਜੱਦਦ ਦਾ ਸਾਰਾ ਜ਼ੋਰ ਇਸੇ ਗੱਲ ਤੇ ਲਗੱਾ ਹੋਇਆ ਸੀ ਕਿ ਹਰ ਤ੍ਰੀਕੇ ਨਾਲ ਹਿੰਦੂਆਂ ਨੂੰ ਖ਼ੁਆਰ ਕੀਤਾ ਜਾਵੇ ਅਤੇ ਮੁਸਲਮਾਨ ਬਣਾਇਆ ਜਾਵੇ । ਖ਼ਾਨ ਖ਼ਾਨਾ ਦੇ ਪੁੱਤਰ ਮਿਰਜ਼ਾ ਦਾਰਾਬ ਨੂੰ ਹਿੰਦੂਆਂ ਦਾ ਘਟੀਆਪਣ ਦੱਸਣ ਲਈ ਲਿਖਦੇ ਹਨ, "**ਹਿੰਦੂ ਬ੍ਰਾਹਮਣੋਂ ਔਰ ਫ਼ਲਸਫ਼ਾ-ਏ-ਯੂਨਾਨ ਨੇ ਕਿਆ ਕਮ ਰਿਆਜ਼ਤੇਂ ਔਰ ਮੁਜਾਹਦੇ ਕੀਏ ਹੈਂ? ਲੇਕਿਨ ਕਿਉਂਕਿ ਇਨ ਕੀ ਰਿਆਜ਼ਤੇਂ ਅੰਬੀਆਂ ਕਰਾਮ ਕੀ ਸ਼ਰਈਤੋਂ ਕੇ ਮੁਤਾਬਕ ਵਾਕਿਆ ਨਹੀਂ ਹੁਈਂ ਇਸ ਲੀਏ ਯਿਹ ਸਭ ਮਰਦੂਦ ਹੈਂ । ਯਿਹ ਲੋਗ ਨਜਾਤਿ-ਅਖ਼ਰਵੀ (ਮੁਕਤੀ) ਸੇ ਮਹਿਰੂਮ ਹੈਂ" ।**

ਅਸੀਂ ਪਿਛੇ ਦੱਸ ਆਏ ਹਾਂ ਕਿ ਅਕਬਰ ਵਲੋਂ ਗਊ ਹੱਤਿਆ ਤੇ ਪਾਬੰਦੀ ਲਾ ਦਿੱਤੀ ਗਈ ਸੀ ਅਤੇ ਹਿੰਦੂਆਂ ਉੱਪਰ ਲਾਇਆ ਧੌਂਸ ਕਰ (ਜਜ਼ੀਆ) ਖ਼ਤਮ ਕਰ ਦਿੱਤਾ ਗਿਆ ਸੀ । ਮੁਜੱਦਦ ਨੇ ਇਨ੍ਹਾਂ ਨੂੰ ਮੁੜ ਚਾਲੂ ਕਰਵਾਉਣ ਲਈ ਲਲਾ ਬੇਗ[51] ਨੂੰ ਇਕ ਚਿੱਠੀ ਲਿਖੀ ਜਿਸ ਦਾ ਕੁੱਝ ਭਾਗ ਇਸ ਤਰਾਂ ਹੈ : "**ਜ਼ਬੀਹਾ ਗਾਓ (ਗਾਂ ਮਾਰਨਾ) ਹਿੰਦੋਸਤਾਨ ਮੇਂ ਇਸਲਾਮ ਕੇ ਆਜ਼ਮ ਸ਼ੁਆਇਰ ਮੇਂ ਸੇ ਹੈ ।ਅਬ ਸੂਰਤਿ-ਹਾਲ ਯਿਹ ਹੈ ਕਿ ਕਾਫ਼ਿਰ ਜ਼ਿਬਹ ਗਾਏ ਪਰ ਕਭੀ ਰਾਜ਼ੀ ਹੋਨੇ ਕੋ ਤਿਆਰ ਨਹੀਂ । ਇਬਤਦਾਇ-ਬਾਦਸ਼ਾਹਤ ਹੀ ਮੇਂ ( ਮੁੱਢ ਵਿੱਚ ਹੀ) ਅਗਰ ਮੁਸਲਮਾਨੀ ਰਵਾਜ ਪਜ਼ੀਰ ਹੋ ਜਾਏਂ ਔਰ ਮੁਸਲਮਾਨ ਕੁੱਛ ਹੈਸੀਅਤ ਪੈਦਾ ਕਰ ਲੇਂ ਤੋ ਫ਼ਵਹਾ ਔਰ ਅਗਰ ਇਆਜ਼-ਬਿਲਾ-ਸੁਭਹਾਨਾ ਮੁਆਮਲਾ ਤਵੱਕਫ਼ ਮੇਂ ਪੜ ਗਿਆ (ਜੇ ਦੇਰੀ ਹੋ ਗਈ) ਤੋ ਮੁਸਲਮਾਨੋਂ ਪਰ ਸਖ਼ਤ ਬੁਰੇ ਦਿਨ ਆ ਜਾਏਂਗੇ । ਅੱਲ੍ਹਾ ਕੀ ਬਾਰਗਾਹ ਮੇਂ ਫ਼ਰਿਆਦ, ਫ਼ਰਿਆਦ, ਫ਼ਰਿਆਦ । ਦੇਖੀਏ ਕੌਂਨ ਸਾਹਿਬ-ਏ-ਕਿਸਮਤ ਇਸ ਦੌਲਤ ਸੇ ਸਰਫ਼ਰਾਜ਼ ਹੋਤਾ ਹੈ।**

(ਮਕਤੂਬਾਤ ਅਮਾਮ ਰੱਬਾਨੀ ਦਫਤਰ ਅਵਲ ਹਿਸਾ ਦੋਮ ਚਿੱਠੀ ਨੰਬਰ ੮੧)

ਉਪ੍ਰੋਕਤ ਧਾਰਮਿਕ ਅਤੇ ਰਾਜਸੀ ਵਾਤਾਵਰਣ ਦੀ ਪ੍ਰਿਸ਼ਟਭੂਮੀ ਵਿਚੱ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਝਣ ਦਾ ਯਤਨ ਕਰਾਂਗੇ । ਕਿਉਂਕਿ ਗੁਰੂ ਜੀ ਦੀ ਸ਼ਹੀਦੀ ਦਾ ਸਿੱਧਾ ਸਬੰਧ ਬਾਦਸ਼ਾਹ ਜਹਾਂਗੀਰ ਨਾਲ ਹੈ ਇਸ ਲਈ ਬਾਦਸ਼ਾਹ ਜਹਾਂਗੀਰ ਦੇ ਵਿਅਕਤਿਤਵ ਅਤੇ ਧਾਰਮਿਕ ਨੀਤੀ ਬਾਰੇ ਕੁੱਝ ਜਾਣ ਲੈਣਾ ਵੀ ਜ਼ਰੂਰੀ ਹੈ । ਅਸੀਂ ਜਹਾਂਗੀਰ

---

51 ਲਲਾ ਬੇਗ ਮੁਜੱਦਦ ਦਾ ਚੇਲਾ ਸੀ । ਇਸ ਨੇ ੧੬੩੧ ਵਿੱਚ ਗੁਰੂ ਹਰਿਗੋਬਿੰਦ ਜੀ ਵੇਲੇ ਉਨ੍ਹਾਂ ਤੇ ਅਚਾਨਕ ਹਮਲਾ ਕੀਤਾ ਸੀ ਪਰ ਇਹ ਲੜਾਈ ਵਿੱਚ ਆਪ ਹੀ ਮਾਰਿਆ ਗਿਆ ਸੀ ।

ਦੀ ਸ਼ਖ਼ਸ਼ੀਅਤ ਬਾਰੇ ਉਸਦੀ ਆਪਣੀ ਲਿਖੀ ਕਿਤਾਬ '**ਤੁਜ਼ਕੇ ਜਹਾਂਗੀਰੀ**' ਵਿਚੋਂ ਹੀ ਹਵਾਲੇ ਦਿਆਂਗੇ ।[੫੨] ਜਿਸ ਅਨੁਵਾਦ ਦਾ ਅਸੀਂ ਪ੍ਰਯੋਗ ਕਰ ਰਹੇ ਹਾਂ ਉਸ ਨੂੰ ਮੌਲਵੀ ਅਹਿਮਦ ਅਲੀ ਨੇ ੧੯੭੭ ਵਿੱਚ ਪਾਕਿਸਤਾਨ ਵਿੱਚ ਛਪਵਾਇਆ ਹੈ । ਬ੍ਰੈਕਟਾਂ ਵਿੱਚ ਦਿੱਤੇ ਅੰਕ 'ਤੁਜ਼ਕੇ ਜਹਾਂਗੀਰੀ' ਦੇ ਪੰਨਾ ਅੰਕ ਹਨ ।

## ੨.੭ ਬਾਦਸ਼ਾਹ ਜਹਾਂਗੀਰ (੧੬੦੫-੧੬੨੭)

ਜਹਾਂਗੀਰ (ਜਹਾਨ ਨੂੰ ਫਤਹਿ ਕਰਨ ਵਾਲਾ) ਮੁੱਢ ਤੋਂ ਹੀ ਧੁੰਦਲੇ ਧਾਰਮਿਕ ਵਿਚਾਰਾਂ ਦਾ ਧਾਰਨੀ ਸੀ । ਉਸਦੀ ਮਾਂ ਹਿੰਦੂ ਸੀ ਤੇ ਪਿਉ ਨਵੇਂ ਧਰਮ ਦੀਨ-ਏ-ਇਲਾਹੀ ਦਾ ਬਾਨੀ । ਦੋਹਾਂ ਦੇ ਅਸਰ ਕਾਰਨ ਜਹਾਂਗੀਰ ਸ਼ਰਈ ਨਿਯਮਾਂ ਅਤੇ ਨਮਾਜ਼ ਰੋਜ਼ੇ ਦਾ ਕਤਈ ਪਾਬੰਦ ਨਹੀਂ ਸੀ, ਪ੍ਰੰਤੂ ਉਹ ਸੂਫ਼ੀ ਫ਼ਕੀਰਾਂ ਦੀ ਸੰਗਤ ਦਾ ਸ਼ੌਕੀਨ ਜ਼ਰੂਰ ਸੀ ਅਤੇ ਲਾਹੌਰ ਦੇ ਸਾਈਂ ਮੀਰ ਮੀਰ ਕੋਲ ਆਮ ਜਾਇਆ ਕਰਦਾ ਸੀ ।'ਮੁਫ਼ਤਾਹ-ਉਲ-ਆਰਫ਼ੀਨ' ਵਿੱਚ ਲਿਖਿਆ ਹੈ ਕਿ ਜਹਾਂਗੀਰ ਉਸ ਵੇਲੇ ਦੇ ਪ੍ਰਸਿੱਧ ਸੂਫ਼ੀ ਫ਼ਕੀਰ ਸ਼ਾਹ ਹੁਸੈਨ ਦਾ ਪੱਕਾ ਮਿੱਤਰ ਸੀ । ਇਹ ਉਹੀ ਸ਼ਾਹ ਹੁਸੈਨ ਜੀ ਸਨ ਜਿਨ੍ਹਾਂ ਦਾ ਆਉਣਾ ਜਾਣਾ ਗੁਰੂ ਅਰਜਨ ਦੇਵ ਜੀ ਪਾਸ ਬਹੁਤ ਸੀ ਅਤੇ ਜਿਨ੍ਹਾਂ ਨੇ ਆਪਣੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਵਾਉਣ ਲਈ ਸਤਿਗੁਰਾਂ ਪਾਸ ਬੇਨਤੀ ਵੀ ਕੀਤੀ ਸੀ । ਇਨ੍ਹਾਂ ਦੀ ਹੇਠ ਲਿਖੀ ਕਵਿਤਾ ਇਹ ਆਮ ਗਾਇਆ ਕਰਦੇ ਸਨ;

"**ਜੇਤੀ ਜੇਤੀ ਦੁਨੀਆਂ ਮੇਰੇ ਰਾਮ ਜੀ ਤੇਰੇ ਕੋਲੋਂ ਮੰਗਦੀ ।**
**ਕੂੰਡਾ ਦੇਈਂ ਸੋਟਾ ਦੇਈਂ ਕੋਠੀ ਦੇਈਂ ਭੰਗ ਦੀ ।**
**ਗਿਆਨ ਦੇਈਂ ਧਿਆਨ ਦੇਈਂ ਮਹਿਮਾ ਸਾਧੂ ਸੰਗ ਦੀ ।**
**ਕਹੇ ਹੁਸੈਨ ਫ਼ਕੀਰ ਸਾਈਂ ਦਾ ਇਹ ਦੁਆ ਮਲੰਗ ਦੀ ।**

ਪੁਸਤਕ "ਕਲਾਮ ਸ਼ਾਹ ਹੁਸੈਨ" ਦੇ ਤੁਆਰਫ਼ ਵਿਚ ਡਾਕਟਰ ਸਈਦ ਨਜ਼ੀਰ ਅਹਿਮਦ ਜਹਾਂਗੀਰ ਦਾ ਸ਼ਾਹ ਹੁਸੈਨ ਨਾਲ ਪ੍ਰੇਮ ਦਸਦੇ ਹੋਏ ਲਿਖਦੇ ਹਨ: "**ਸ਼ਹਿਜ਼ਾਦਾ ਜਹਾਂਗੀਰ ਸ਼ਾਹ ਹੁਸੈਨ ਸੇ ਇਤਨਾ ਮੁਤਾਸਰ ਥਾਂ ਕਿ ਇਸਨੇ ਅਪਨੇ ਏਕ ਮੁਲਾਜ਼ਮ ਮੁਨਸ਼ੀ ਬਹਾਰ ਖ਼ਾਂ ਕੋ ਹੁਕਮ ਦੀਆ ਕਿ ਤੁਮ ਸ਼ਾਹ ਹੁਸੈਨ ਕੀ ਖ਼ਿਦਮਤ ਮੇ ਰਹੋ ਔਰ ਉਨ ਕੇ ਹਾਲਾਤ-ਓ-ਕਵਾਇਫ਼ ਏਕ ਰੋਜ਼ਨਾਮਚੇ ਕੀ ਸੂਰਤ ਮੇਂ ਕਲਮਬੰਦ ਕਰਤੇ ਰਹੋ**"।

ਪੀਰਾਂ ਫ਼ਕੀਰਾਂ ਦਾ ਸ਼ਰਧਾਲੂ ਹੋਣ ਦੇ ਬਾਵਜੂਦ ਜਹਾਂਗੀਰ ਸ਼ਰਾਬ ਪੀਣ ਦਾ ਪੱਕਾ ਆਦੀ ਸੀ । ਅਪਣੀ ਹਾਲਤ ਬਿਆਨ ਕਰਦਿਆਂ ਉਹ ਅਪਣੀ ਪੁਸਤਕ 'ਤੁਜ਼ਕ-ਏ-ਜਹਾਂਗੀਰੀ' ਵਿੱਚ ਆਪ ਹੀ ਲਿਖਦਾ ਹੈ "**ਆਗਾਜ਼ ਮੇਂ (ਪਹਿਲਾਂ ਪਹਿਲਾਂ) ਜਬਕਿ ਸ਼ਰਾਬ ਪੀਨੇ ਕਾ ਬਹੁਤ ਸ਼ਾਇਕ ਥਾ ਬੀਸ ਬੀਸ ਜਾਮ ਤੱਕ ਦੋ ਆਤਸ਼ਾ ਸ਼ਰਾਬ ਪੀ ਜਾਤਾ ਥਾ (ਤੁਜ਼ਕ ਪੰਨਾ ੪੨) । ਸ਼ਰਾਬ ਸੇ ਮੇਰੇ ਜਿਸਮ ਮੇਂ ਰੇਸ਼ਾ ਆਨੇ ਲਗਾ ਔਰ ਪਿਆਲਾ ਪਕੜਨਾ ਮੁਹਾਲ ਹੋ ਗਿਆ । ਦੂਸਰੇ ਲੋਗ ਪਿਆਲਾ ਪਕੜ ਕਰ ਪਿਲਾਤੇ ਥੇ** (ਪੰਨਾ ੧੭੯) । ਜਹਾਂਗੀਰ ਦਾ ਪੁੱਤਰ ਖ਼ੁਰਮ (ਜੋ ਪਿਛੋਂ ਸ਼ਾਹਜਹਾਨ ਅਖਵਾਇਆ) ੨੪ ਸਾਲ ਦਾ ਹੋ ਗਿਆ ਸੀ ਪਰ ਅਜੇ ਤੱਕ ਉਸ ਨੇ ਸ਼ਰਾਬ ਨੂੰ ਮੂੰਹ ਨਹੀਂ ਸੀ ਲਾਇਆ । ਜਹਾਂਗੀਰ ਨੇ ਉਸ ਨੂੰ ਧੱਕੇ ਨਾਲ ਸ਼ਰਾਬ ਪਿਲਾਈ (ਤੁਜ਼ਕ ਪੰਨਾ ੧੭੮)।

ਸੁਭਾ ਪੱਖੋਂ ਜਹਾਂਗੀਰ ਬੇਹੱਦ ਵਹਿਮੀ ਸੀ । ਉਸ ਨੇ ਅਪਣੇ ਦਰਬਾਰ ਵਿੱਚ ਜੋਤਕ ਰਾਏ ਜੋਤਸ਼ੀ ਨੂੰ ਪੱਕੇ ਤੌਰ ਤੇ ਰੱਖਿਆ ਹੋਇਆ ਸੀ । ਬੁੱਧਵਾਰ ਨੂੰ ਜਹਾਂਗੀਰ ਬਹੁਤ ਮਨਹੂਸ ਦਿਨ ਸਮਝਦਾ ਸੀ (ਤੁਜ਼ਕ ਪੰਨਾ ੨੨੪) । ਅਪਣੇ ਨਿਕੰਮੇ ਖ਼ਬਤਾਂ ਉੱਪਰ ਬੇ ਦਰੇਗ ਰੁਪਿਆ ਖ਼ਰਚ ਕਰ ਦਿੰਦਾ ਸੀ । ਲਾਹੌਰ ਤੋਂ ਸਾਢੇ ਤਿੰਨ ਕੋਹ ਬਾਹਰ ਅਪਣੇ ਇੱਕ ਹਿਰਨ ਹੰਸ ਰਾਜ ਦੀ ਕਬਰ ਬਨਾਉਣ ਉਪਰ ਹਜ਼ਾਰਾਂ ਰੁਪਿਆ ਬਰਬਾਦ ਕਰ ਦਿੱਤਾ (ਤੁਜ਼ਕ ਪੰਨਾ ੯੧)

---

[52] ਕੁਝ ਇਤਿਹਾਸਕਾਰ ਲਿਖਦੇ ਹਨ ਕਿ ਤੁਜ਼ਕੇ ਜਹਾਂਗੀਰੀ ਗੁਰੂ ਜੀ ਦੀ ਸ਼ਹੀਦੀ ਤੋਂ ੧੮ ਦਿਨ ਬਾਅਦ ਲਿਖਣੀ ਸੁਰੂ ਕੀਤੀ ਗਈ ਸੀ ।

ਜਹਾਂਗੀਰ ਨੂੰ ਮੁਸਲਮਾਨਾਂ ਵਲੋਂ ਅਦਲ ਇਨਸਾਫ਼[੫੩] ਕਰਨ ਵਾਲਾ ਬਾਦਸ਼ਾਹ ਕਰ ਕੇ ਪ੍ਰਚਾਰਿਆ ਗਿਆ ਹੈ । ਕਹਿੰਦੇ ਹਨ ਕਿ ਉਸ ਨੇ ਸੋਨੇ ਦੀ ੩੦ ਗਜ਼ ਲੰਮੀ ਤੇ ਚਾਰ ਮਣ ਭਾਰੀ ਇੱਕ ਜ਼ੰਜ਼ੀਰ ਉੱਪਰ ਸੋਨੇ ਦੀਆਂ ਸੱਤ ਘੰਟੀਆਂ ਲਗਵਾ ਕੇ ਮਹਿਲ ਨਾਲ ਲਟਕਾਈ ਹੋਈ ਸੀ ਤਾਂ ਜੋ ਇਨਸਾਫ਼ ਦੇ ਇਛੁੱਕ ਇਹ ਜ਼ੰਜ਼ੀਰ ਖਿੱਚ ਕੇ ਘੰਟੀਆ ਵਜਾਕੇ ਬਾਦਸ਼ਾਹ ਪਾਸੋਂ ਇਨਸਾਫ਼ ਦੀ ਯਾਚਨਾ ਕਰ ਸਕਣ । ਪਰ ਉਸ ਦੇ ਇਨਸਾਫ਼ ਦਾ ਅੰਦਾਜ਼ਾ ਉਸ ਦੇ ਇਸ ਹੁਕਮ ਤੋਂ ਭਲੀ ਪਰਕਾਰ ਲੱਗ ਸਕਦਾ ਹੈ ਜਿਸ ਵਿਚ ਉਹ ਕਹਿੰਦਾ ਹੈ, "**ਮੇਰੀ ਸਵਾਰੀ ਕੇ ਦੌਰਾਨ ਔਰ ਦੌਲਤ ਖ਼ਾਨੇ ਸੇ ਤਸ਼ਰੀਫ਼ ਆਵਰੀ ਪਰ ਅਪਾਹਜੋਂ, ਅੰਧੋਂ ਔਰ ਮੁਸਤਹਿਕ ਲੋਗੋਂ ਕੋ (ਲੋੜਵੰਦਾਂ ਨੂੰ) ਮੇਰੀ ਨਜ਼ਰ ਸੇ ਦੂਰ ਰੱਖਾ ਜਾਏ** (ਤੁਜ਼ਕ ਪੰਨਾ ੩੮੫)। ਉਸ ਦੇ ਇਨਸਾਫ਼ ਦੀ ਇਹ ਹਾਲਤ ਸੀ ਕਿ ਇੱਕ ਕੂੰਜ ਦੀ ਪੁਕਾਰ ਸੁਣ ਕੇ ਤਾਂ ਉਸਦੇ ਬੱਚਿਆਂ ਨੂੰ ਆਜ਼ਾਦ ਕਰ ਦਿੱਤਾ (ਪੰਨਾ ੧੯੯) ਪਰ ਇੱਕ ਗ਼ਰੀਬ ਮਾਲੀ ਪਾਸੋਂ ਚੰਬ੍ਹੇ ਦੇ ਕੁੱਝ ਬੂਟੇ ਖ਼ਰਾਬ ਹੋ ਗਏ ਤਾਂ ਉਸ ਦੇ ਪੈਰਾਂ ਦੇ ਅੰਗੂਠੇ ਕਟਵਾ ਦਿੱਤੇ ਗਏ (ਤੁਜ਼ਕ ਪੰਨਾ ੨੫੩) । ਜਹਾਂਗੀਰ ਨੇ ਲੌਂਡੀ ਦੇ ਪੇਟੋਂ ਜੰਮੇ ਅਪਣੇ ਹੀ ਪੁੱਤਰ ਸ਼ਹਿਰਯਾਰ ਦੀਆਂ ਅੱਖਾਂ ਕਢਵਾ ਦਿੱਤੀਆਂ ਸਨ ।

ਨਿਗੂਣੀ ਜਿਹੀ ਗੱਲ ਤੇ ਜਹਾਂਗੀਰ ਨੂੰ ਗੁੱਸਾ ਚੜ੍ਹ ਜਾਂਦਾ ਸੀ । ਇੱਕ ਸਾਧਾਰਨ ਪੇਂਡੂ ਜੱਟ ਦੀ ਅਣਗਹਿਲੀ ਕਾਰਨ ਜਹਾਂਗੀਰ ਦਾ ਸ਼ਿਕਾਰ ਖੁੰਝ ਗਿਆ । ਜਹਾਂਗੀਰ ਨੇ ਉਸ ਜੱਟ ਦੀ ਪੁੱਠੀ ਖੱਲ ਲੁਹਾ ਦਿੱਤੀ । ਇੱਕ ਵਾਰ ਤਿੰਨ ਅਖ਼ਬਾਰ ਨਵੀਸ ਪਕੜ ਕੇ ਪੇਸ਼ ਕੀਤੇ ਗਏ । ਜਹਾਂਗੀਰ ਨੇ ਇੱਕ ਦੀ ਪੁੱਠੀ ਖੱਲ ਲੁਹਾਈ, ਦੂਸਰੇ ਨੂੰ ਖੱਸੀ ਕਰਵਾਇਆ ਅਤੇ ਤੀਸਰੇ ਨੂੰ ਅਪਣੇ ਸਾਹਮਣੇ ਕੁੱਟ ਕੁੱਟ ਕੇ ਮਰਵਾ ਦਿੱਤਾ ।[੫੪] ਅਬੁਲਫ਼ਜ਼ਲ ਵਰਗੇ ਧੁਰੰਦਰ ਵਿਦਵਾਨ ਨੂੰ ਕੋਹ ਕੋਹ ਕੇ ਮਰਵਾਇਆ ਪਰ ਅਪਣੇ ਹਾਥੀਆਂ ਨੂੰ ਗਰਮ ਪਾਣੀ ਨਾਲ ਇਸ਼ਨਾਨ ਕਰਵਾ ਕੇ ਉਨ੍ਹਾ ਦੇ ਉਪਰ ਰੇਸ਼ਮੀ ਲੇਫ਼ ਪੁਆਇਆ ਕਰਦਾ ਸੀ ।

ਉਹ ਕੰਨਾਂ ਦਾ ਬਹੁਤ ਕੱਚਾ ਸੀ । ਇੱਕ ਵਾਰ ਸੁਣ ਸੁਣਾ ਕੇ ਹੀ ਇੱਕ ਮਾਮੂਲੀ ਗਲਤੀ ਤੇ ਸੁਭਹਾਨ ਕੁੱਲੀ ਨਾਂ ਦੇ ਬੰਦੇ ਦੇ ਕਤਲ ਦਾ ਹੁਕਮ ਦੇ ਦਿੱਤਾ । ਜਦੋਂ ਉਹ ਕਤਲ ਹੋ ਗਿਆ ਤਾਂ ਜਹਾਂਗੀਰ ਨੂੰ ਅਸਲੀਅਤ ਦਾ ਪਤਾ ਚਲਿਆ ਤੇ ਉਹ ਬਹੁਤ ਪਛਤਾਇਆ । ਇਸ ਬਾਰੇ ਉਹ ਤੁਜ਼ਕ ਦੇ ਪੰਨਾ ੨੮੨ ਤੇ ਆਪ ਲਿਖਦਾ ਹੈ, "**ਮੇਰੀ ਇਨਸਾਫ਼ ਪਸੰਦ ਜ਼ਮੀਰ ਕੋ ਨਿਦਾਮਤ ਹੁਈ ਔਰ ਮੈਂ ਨੇ ਹੁਕਮ ਦੀਆ ਕਿ ਆਇੰਦਾ ਜਿਸ ਕਿਸੀ ਕੋ ਕਤਲ ਕਾ ਹੁਕਮ ਦੀਆ ਜਾਏ ਉਸੇ ਗ਼ਰੂਬਿ-ਅਫ਼ਤਾਬ ਤੱਕ (ਸੂਰਜ ਛੁਪਣ ਤੱਕ) ਹੁਕਮ ਸਾਨੀ (ਮੁੜ ਵਿਚਾਰ) ਕੇ ਇੰਤਜ਼ਾਰ ਮੇਂ ਜ਼ਿੰਦਾ ਰੱਖਾ ਜਾਏ**"। ਕੰਪਾਰ ਦੇ ਕਾਜ਼ੀ ਅਬਦੁਲ ਅਜ਼ੀਜ਼ ਖ਼ਾਂ ਦਾ ਕਸੂਰ ਮੁਆਫ਼ ਕਰ ਕੇ ਮੱਕੇ ਚਲੇ ਜਾਣ ਦਾ ਹੁਕਮ ਦੇ ਦਿੱਤਾ । ਪਿਛੋਂ ਕਿਸੇ ਚੁਗ਼ਲ ਖੋਰ ਨੇ ਕੰਨ ਭਰ ਦਿੱਤੇ ਤਾਂ ਸੈਦੋ ਨੂੰ ਮਗਰ ਭਿਜਵਾ ਕੇ ਅਬਦੁਲ ਅਜ਼ੀਜ਼ ਖ਼ਾਂ ਨੂੰ ਕਤਲ ਕਰਵਾਇਆ ਗਿਆ । (ਤੁਜ਼ਕ ਪੰਨਾ ੩੮੯)

ਜਹਾਂਗੀਰ ਦੇ ਪੁੱਤਰ ਸ਼ਾਹਜਹਾਨ ਨੇ ਆਕੀ ਹੋ ਕੇ ਜਹਾਂਗੀਰ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ ਅਤੇ ਦਾਰਾਬ ਖ਼ਾਂ ਦੇ ਪੁੱਤਰ ਨੂੰ ਪਕੜ ਕੇ ਦਾਰਾਬ ਖ਼ਾਂ ਨੂੰ ਸਨੇਹਾ ਭੇਜਿਆ ਕਿ ਜਾਂ ਤਾਂ ਜਹਾਂਗੀਰ ਦੇ ਵਿਰੁੱਧ ਉਸ ਦੀ ਮਦਦ ਕਰੇ ਨਹੀਂ ਤਾਂ ਉਸ ਦੇ ਪੁੱਤਰ ਨੂੰ ਮਾਰ ਦਿੱਤਾ ਜਾਵੇਗਾ । ਦਾਰਾਬ ਖ਼ਾਂ ਨੇ ਪੁੱਤਰ ਮਰਵਾ ਲਿਆ ਪਰ ਜਹਾਂਗੀਰ ਦੀ ਮੁਖ਼ਾਲਫ਼ਤ ਨਾ ਕੀਤੀ । ਪਿਛੋਂ ਜਹਾਂਗੀਰ ਨੇ ਦਾਰਾਬ ਖ਼ਾਂ ਨੂੰ ਇਸ ਲਈ ਮਰਵਾ ਦਿੱਤਾ ਕਿ ਉਹ ਆਪ ਸ਼ਾਹਜਹਾਨ ਦੇ ਵਿਰੁੱਧ ਕਿਉਂ ਨਾ ਲੜਨ ਗਿਆ । (ਤੁਜ਼ਕ ਪੰਨਾ ੩੮੮)

---

[53] ਇਨਸਾਫ਼ ਬਾਰੇ ਅਫ਼ਲਾਤੂਨ (Plato) ਲਿਖਦਾ ਹੈ "It is by justice that we can authentically measure a man's value or his nullity. The absence of justice is the absence of what makes hima man".
ਅਨੁਵਾਦ:- ਇਨਸਾਨ ਦੀ ਇਨਸਾਨੀਅਤ ਜਾਂ ਹੈਵਾਨੀਅਤ ਦਾ ਅਸਲੀ ਨਿਰਣਾ ਉਸ ਦੇ ਇਨਸਾਫ ਤੋਂ ਲਾਇਆ ਜਾ ਸਕਦਾ ਹੈ । ਜੇ ਮਨੁੱਖ ਵਿੱਚ ਇਨਸਾਫ਼ ਦੀ ਰੁਚੀ ਨਹੀਂ ਤਾਂ ਉਸ ਵਿੱਚ ਇਨਸਾਨੀਅਤ ਵੀ ਨਹੀਂ ।

[54] ਅਕਬਰ ਇਸ ਘਟਨਾ ਵੇਲੇ ਜ਼ਿੰਦਾ ਸੀ ।ਜਦ ਉਸ ਨੂੰ ਇਸ ਦਾ ਪਤਾ ਲਗਿਆ ਤਾਂ ਉਸ ਨੇ ਅਖ਼ਬਾਰ ਨਵੀਸਾਂ ਦੇ ਪਰਵਾਰਾਂ ਨਾਲ ਹਮਦਰਦੀ ਪ੍ਰਗਟਾਈ ਤੇ ਦੁਖੀ ਹੋ ਕੇ ਕਿਹਾ, " ਮੈਨੇ ਅਪਨੇ ਸਾਮਨੇ ਏਕ ਬਕਰੀ ਕੀ ਭੀ ਖਾਲ ਨਹੀਂ ਖਿਚਵਾਈ । ਹੈਰਤ ਹੈ ਕਿ ਮੇਰੀ ਔਲਾਦ ਅਪਨੇ ਸਾਮਨੇ ਇਨਸਾਨੋਂ ਕੀ ਖਾਲ ਖਿਚਵਾ ਦੇਤੀ ਹੈ" (ਤੁਜ਼ਕ-ਏ-ਜਹਾਂਗੀਰੀ ਪੰਨਾ ੨੯)

ਜਹਾਂਗੀਰ ਹਮੇਸ਼ਾ ਦੁਬਿਧਾ ਵਿਚ ਰਹਿੰਦਾ ਸੀ । ਉਹ ਦੁਚਿੱਤੀ ਵਿੱਚ ਸਹੀ ਫ਼ੈਸਲਾ ਕਰਨ ਤੋਂ ਅਸਮਰਥ ਸੀ । ਉਸ ਦੀ ਦੁਬਿਧਾ ਦੀ ਇਹ ਹਾਲਤ ਸੀ ਕਿ ਉਸ ਨੇ ਅਨੇਕਾਂ ਵਾਰ ਸ਼ਰਾਬ ਪੀਣ ਤੇ ਪਾਬੰਦੀ ਲਾਈ[੫੫] ਤੇ ਅਨੇਕਾਂ ਵਾਰ ਸ਼ਿਕਾਰ ਖੇਲ੍ਹਣਾ ਬੰਦ ਕਰਵਾਇਆ ਤੇ ਅਨੇਕਾਂ ਵਾਰ ਚਾਲੂ ਕਰਵਾਇਆ ।

ਇਖ਼ਲਾਕੀ ਪੱਖੋਂ ਵੀ ਜਹਾਂਗੀਰ ਢਿੱਲਾ ਸੀ । ਕਿਸੇ ਦੀ ਸੋਹਣੀ ਧੀ ਭੈਣ ਜਹਾਂਗੀਰ ਤੋਂ ਸੁਖਿਅਤ ਨਹੀਂ ਸੀ । ਅਪਣੀ ਪਤਨੀ ਨੂਰਜਹਾਂ[੫੬] ਨੂੰ ਖੋਹ ਕੇ ਵਿਆਹਿਆ ਸੀ ।ਜਹਾਂਗੀਰ ਆਪ ਲਿਖਦਾ ਹੈ ਕਿ ਖ਼ੁਸਰੋ ਦੀ ਮਾਂ ਇਸ ਦੇ (ਜਹਾਂਗੀਰ ਦੇ) ਇਖ਼ਲਾਕੀ ਕਾਰਿਆਂ ਤੋਂ ਇੰਨੀ ਦੁਖੀ ਸੀ ਕਿ ਉਸ ਨੇ ਜ਼ਹਿਰ ਖਾ ਕੇ ਆਤਮ ਹੱਤਿਆ ਕਰ ਲਈ । (ਤੁਜ਼ਕ ਪੰਨਾ ੨੮)

## ੨.੮ ਜਹਾਂਗੀਰ ਦੇ ਰਾਜ਼ਦਾਰ

ਸ਼ਰਾਬੀ ਕਬਾਬੀ ਜਹਾਂਗੀਰ ਦਾ ਰਾਜ ਭਾਗ ਜੇ ਚੱਲੀ ਜਾਂਦਾ ਸੀ ਤਾਂ ਕੇਵਲ ਦੋ ਵਿਅਕਤੀਆਂ ਦੇ ਸਿਰ ਤੇ ਚੱਲੀ ਜਾਂਦਾ ਸੀ। ਇੱਕ ਨੂਰ ਜਹਾਂ ਤੇ ਦੂਸਰਾ ਸ਼ੇਖ ਫ਼ਰੀਦ ਜੋ ਸ਼ੇਖ ਅਹਿਮਦ ਸਰਹੰਦੀ ਦਾ ਚੇਲਾ ਸੀ ਤੇ ਜਿਸ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ । ਨੂਰ ਜਹਾਂ ਬਾਰੇ ਤਾਂ ਤੁਜ਼ਕ ਦੇ ਪੰਨਾ ੩੮ ਤੇ ਜਹਾਂਗੀਰ ਆਪ ਹੀ ਲਿਖਦਾ ਹੈ , "**ਸਵਾਏ ਖ਼ੁਤਬਾ ਕੇ ਸਲਤਨਤ ਕੇ ਤਮਾਮ ਕਾਰੋਬਾਰ ਉਸ ਕੇ ਹੁਕਮ ਸੇ ਸਰਅੰਜਾਮ ਪਾਤੇ ਥੇ । ਵੁਹ ਥੋੜੀ ਦੇਰ ਕੇ ਲੀਏ ਝਰੋਕਾ ਮੇਂ ਬੈਠਤੀ ਥੀ ਔਰ ਉਮਰਾ-ਓ-ਵੁਜ਼ਰਾ ਹਾਜ਼ਰ ਹੋ ਕਰ ਆਦਾਬ ਬਜਾ ਲਾਤੇ ਥੇ ਔਰ ਅਹਿਕਾਮਾਤ ਸੁਨਤੇ ਥੇ । ਉਸ ਕੇ ਨਾਮ ਕਾ ਸਿੱਕਾ ਚਲਤਾ ਥੇ ।**

ਜਹਾਂਗੀਰ ਆਮ ਕਿਹਾ ਕਰਦਾ ਸੀ "**ਮੈਂ ਨੇ ਸਲਤਨਤ ਨੂਰ ਜਹਾਂ ਕੋ ਸੌਂਪ ਦੀ । ਮੁਝੇ ਏਕ ਸੇਰ ਸ਼ਰਾਬ ਔਰ ਆਧ ਸੇਰ ਗੋਸ਼ਤ ਕੇ ਸਿਵਾ ਕੋਈ ਚੀਜ਼ ਦਰਕਾਰ ਨਹੀਂ**"( ਦੇਖੋ ਤੁਜ਼ਕ ਪੰਨਾ ੩੮)[੫੭]

ਜਹਾਂਗੀਰ ਦਾ ਦੂਜਾ ਵੱਡਾ ਹਮਾਇਤੀ ਅਤੇ ਸਲਾਹਕਾਰ ਸ਼ੇਖ ਫ਼ਰੀਦ ਸੀ ਜਿਸ ਨੇ ਜਹਾਂਗੀਰ ਤੋਂ ਇਸਲਾਮ ਫੈਲਾਉਣ ਦਾ ਪਰਣ ਲੇ ਕੇ ਉਸ ਨੂੰ ਤਖ਼ਤ ਉੱਪਰ ਬਿਠਾਇਆ ਸੀ । ਇਸ ਦੇ ਹੱਥ ਵਿੱਚ ਫ਼ੌਜ ਸੀ ਤੇ ਇਸ ਤੋਂ ਸਾਰੇ ਥਰ ਥਰ ਕੰਬਦੇ ਸਨ । ਇਹ ਸ਼ੇਖ ਅਹਿਮਦ ਸਰਹੰਦੀ ਦੀ ਗੁਪਤ ਹਦਾਇਤ ਅਨੁਸਾਰ ਹੀ ਸਭ ਕੰਮ ਕਰਦਾ ਸੀ । ਜਹਾਂਗੀਰ ਨੂੰ ਇਸ ਉੱਪਰ ਸਭ ਤੋਂ ਵੱਧ ਵਿਸ਼ਵਾਸ ਸੀ ਤੇ ਤਲਵਾਰ ਚਲਾਉਣ ਦਾ ਅਭਿਆਸ ਵੀ ਜਹਾਂਗੀਰ ਨੇ ਇਸੇ ਤੋਂ ਸਿੱਖਿਆ ਸੀ (ਤੁਜ਼ਕ ਪੰਨਾ ੧੪੪) । ਕੇਵਲ ਇਸੇ ਇੱਕ ਦਰਬਾਰੀ ਨੂੰ ਜਹਾਂਗੀਰ ਪਾਸ ਬੇ ਰੋਕ ਟੋਕ ਤੇ ਬਿਨਾਂ ਆਗਿਆ ਜਾਣ ਦੀ ਇਜਾਜ਼ਤ ਸੀ । ਜਹਾਂਗੀਰ ਦਾ ਸ਼ਾਹੀ ਹਕੀਮ ਵੀ ਇਸੇ ਦੀ ਸਿਫ਼ਾਰਸ਼ ਤੇ ਰੱਖਿਆ ਗਿਆ ਸੀ । (ਤੁਜ਼ਕ ਪੰਨਾ ੧੨੩)।[੫੮]

---

[55] ਜਿਸ ਦਿਨ ਜਹਾਂਗੀਰ ਬਾਦਸ਼ਾਹ ਬਣਿਆਂ ਉਸ ਦਿਨ ਬਾਰੇ ਲਿਖਦਾ ਹੈ, "ਮੇਰੀ ਰਿਆਇਆ ਨੇ ਫ਼ਰਾਖ਼ਦਿਲੀ ਸੇ ਇਸ਼ਰਤ ਮਨਾਈ । ਹਰ ਕਿਸਮ ਕੇ ਸਾਜ਼ਿੰਦੇ ਔਰ ਗਵਈਏ ਦਰਬਾਰ ਮੇਂ ਹਾਜ਼ਰ ਥੇ । ਮੈਂ ਨੇ ਹੁਕਮ ਦੀਆਂ ਕਿ ਸ਼ਰਾਬ ਔਰ ਦੂਸਰੀ ਨਸ਼ਾ-ਆਵਰ ਚੀਜ਼ੇਂ ਇਸਤੇਮਾਲ ਕੇ ਲੀਏ ਹਰ ਸਖ਼ਸ਼ ਕੋ ਦੀ ਜਾਏਂ। (ਤੁਜ਼ਕਿ ਜਹਾਂਗੀਰੀ )

[56] ਨੂਰ ਜਹਾਂ ਈਰਾਨ ਦੇ ਵਪਾਰੀ ਮਿਰਜ਼ਾ ਗਿਆਸ ਦੀ ਬੇਟੀ ਸੀ । ਇਹ ੧੫੯੧ ਵਿੱਚ ਪੈਦਾ ਹੋਈ ਸੀ । ਇਸ ਦਾ ਵਿਆਹ ਸ਼ੇਰ ਅਫ਼ਗਨ (ਅਸਲੀ ਨਾਂ ਅਲੀ ਕੁਲੀ) ਨਾਲ ਹੋਇਆ ਸੀ । ਸੁੰਦਰ ਬਹੁਤ ਸੀ । ਜਹਾਂਗੀਰ ਨੇ ੧੬੧੧ ਵਿਚ ਇਸ ਦੇ ਪਤੀ ਨੂੰ ਮਰਵਾ ਕੇ ਇਸ ਨੂੰ ਅਪਣੀ ਪਤਨੀ ਬਣਾ ਲਿਆ ਤੇ ਇਸ ਦਾ ਨਾਂ ਮਿਹਰ-ਉ-ਨਿਸਾ ਤੋਂ ਬਦਲ ਕੇ ਨੂਰ ਜਹਾਂ ਰੱਖ ਦਿੱਤਾ । ਇਸ ਦਾ ਦੇਹਾਂਤ ਜਹਾਂਗੀਰ ਦੇ ਮਰਨ ਤੋਂ ੧੮ ਵਰ੍ਹੇ ਬਆਦ ੧੬੪੫ ਵਿੱਚ ਲਾਹੌਰ ਵਿਖੇ ਹੋਇਆ।

[57] ਤੁਜ਼ਕ ਦੀ ਅਸਲੀ ਫਾਰਸੀ ਇਬਾਰਤ ਹੈ , "ਮਾ ਹਮਾ ਦਿਆਰਿ-ਹਿੰਦੋਸਤਾਂ ਬਦਸਤੇ ਨੂਰ ਜਹਾਂ ਬਾ ਯਕ ਪਿਆਲਾ-ਏ-ਸ਼ਰਾਬ ਬਾ ਯਕ ਸੀਖੇ ਕਬਾਬ ਫ਼ਰੋਖਤਾਏਮ"। ਕਿਸੇ ਦੇਸੀ ਕਵੀ ਨੇ ਵੀ ਲਿਖਿਆ ਕਿ ਜਹਾਂਗੀਰ ਨੂਰ ਜਹਾਂ ਦੇ ਹੱਥਾਂ ਦੀ ਕਠਪੁਤਲੀ ਸੀ । "ਜਹਾਂਗੀਰ ਪਾਤਸ਼ਾਹ ਕੇ ਬੇਗਮ ਨੂਰ ਜਹਾਂ। ਵਸ਼ਿ ਕੀਨਾ ਪਤਿ ਆਪਨੋ ਇਹ ਰਸ ਜਹਾਂ ਤਹਾਂ"ਆਮ ਖ਼ਿਆਲ ਹੈ ਕਿ ਅਤਰ ਦੀ ਕਾਢ ਨੂਰ ਜਹਾਂ ਦੀ ਮਾਂ ਨੇ ਕੱਢੀ ਸੀ ।

[58] ਜਹਾਂਗੀਰ ਨੂੰ ਮਰਦੇ ਦਮ ਤੱਕ ਇਸ ਨਾਲ ਬੇ ਹੱਦ ਪਿਆਰ ਰਿਹਾ ਤੇ ਜਦ ਸ਼ੇਖ ਫ਼ਰੀਦ ਨੇ ਚਲਾਣਾ ਕੀਤਾ ਤਾਂ ਜਹਾਂਗੀਰ ਨੇ ਖ਼ੁਦ ਉਸਦੇ ਜਨਾਜ਼ੇ ਦੀ ਨਮਾਜ਼ ਪੜ੍ਹੀ । (ਤੁਜ਼ਕ ਪੰਨਾ ੧੯੮)

ਜਹਾਂਗੀਰ ਦੇ ਧਾਰਮਿਕ ਵਿਚਾਰਾਂ ਨੂੰ ਬਦਲਣ ਵਿੱਚ ਸ਼ੇਖ ਫ਼ਰੀਦ ਦਾ ਪ੍ਰਤੱਖ ਅਤੇ ਸ਼ੇਖ ਅਹਿਮਦ ਸਰਹੰਦੀ ਮੁਜੱਦਦ[੫੯] ਦਾ ਅਪ੍ਰਤੱਖ ਹੱਥ ਸੀ । ਮੁਜੱਦਦ ਦੀ ਚਿਠੀ ਨੰਬਰ ੫੩ ਦਫ਼ਤਰ ਅੱਵਲ ਹਿੱਸਾ ਦੋਮ ਦੀ ਲ਼ਿਖਤ ਤੋਂ ਜ਼ਾਹਰ ਹੁੰਦਾ ਹੈ ਕਿ ਦਰਬਾਰ ਵਿੱਚ ਕੱਟੜ ਨਕਸ਼ਬੰਦੀ ਸਲਾਹਕਾਰ ਤੇ ਕਾਜ਼ੀ ਲਗਵਾਏ ਗਏ ਸਨ । ਇਹੋ ਗੱਲ ਸਈਦ ਨਜ਼ੀਰ ਅਹਿਮਦ "ਕਲਾਮ ਸਾਹ ਹੁਸੈਨ" ਦੇ ਤੁਆਰਫ਼ ਵਿੱਚ ਲਿਖਦੇ ਹਨ, "**ਸੇਖ ਮੁਬਾਰਕ ਕੇ ਬੇਟੇ ਫ਼ੈਜ਼ੀ, ਅਬੁਲਫ਼ਜ਼ਲ ਔਰ ਕਈ ਦੂਸਰੇ ਦਾਨਸ਼ਵਰ ਕਾਜ਼ੀਓਂ ਔਰ ਮੁਫ਼ਤੀਓਂ ਕੀ ਤੰਗ ਖ਼ਿਆਲੀ ਔਰ ਦਰਾਜ਼ਦਸਤੀ (ਧੱਕੜਸ਼ਾਹੀ) ਸੇ ਆਜਿਜ਼ ਥੇ ਔਰ ਮੁਤਨਫ਼ਰ ਹੋ ਚੁਕੇ ਥੇ । ਮਖ਼ਦੂਮ-ਉਲ-ਮੁਲਕ ਨਾਮ ਕਾ ਇਕ ਕਾਜ਼ੀ ਬਹੁਤ ਜ਼ਿਆਦਾ ਬਾ-ਅਸਰ ਥਾ**"। [੬੦] ਇਹ ਮੁਲਾਣੇ ਦੋਬਾਰਾ ਰੱਖ ਲਏ ਗਏ । ਇਸੇ ਤਰਾਂ ਦੇ ਕੱਟੜ ਦਰਬਾਰੀ ਖ਼ਾਨਿਆਜ਼ਮ ਨੂੰ ਵਡਿਆਉਂਦੇ ਹੋਏ ਮੁਜੱਦਦ ਸਾਹਿਬ ਲਿਖਦੇ ਹਨ,"**ਆਜ ਵੁਹ ਜਨੂਨ ਜਿਸਕਾ ਮਬਨੀ ਇਸਲਾਮੀ ਗ਼ੈਰਤ ਹੈ ਆਪ ਕੀ ਤਬੀਅਤ ਮੇਂ ਮਹਿਸੂਸ ਹੋ ਰਹਾ ਹੈ।** (ਚਿੱਠੀ ਨੰ ੬੫ ਭਾਗ ੧)

ਹੁਣ ਸ਼ੇਖ ਅਹਿਮਦ ਸਰਹੰਦੀ ਅਤੇ ਸ਼ੇਖ ਫ਼ਰੀਦ ਦੀਆਂ ਪੰਜੇ ਘਿਓ ਵਿਚ ਸਨ । ਬਾਦਸ਼ਾਹ ਜਹਾਂਗੀਰ ਨੂੰ "ਬਾਦਸ਼ਾਹਿ ਇਸਲਾਮ" ਦਾ ਖ਼ਤਾਬ ਦੇ ਕੇ ਸੰਬੋਧਨ ਕਰਨਾ ਆਰੰਭ ਕਰ ਦਿਤਾ ਗਿਆ । ਬਾਦਸ਼ਾਹ ਵਲੋਂ ਵੀ ਸ਼ੇਖ ਫ਼ਰੀਦ ਨੂੰ ਛੇ ਹਜ਼ਾਰੀ ਦਾ ਖ਼ਿਤਾਬ ਬਖਸ਼ਿਆ ਗਿਆ । ਜਹਾਂਗੀਰ ਹੁਣ ਹਿੰਦੂਆਂ ਉੱਪਰ ਜ਼ੁਲਮ ਕਰਨ ਲਈ ਸ਼ੇਖ ਫ਼ਰੀਦ ਅਤੇ ਕਾਜ਼ੀਆਂ ਦੀਆਂ ਝੂਠੀਆਂ ਸੱਚੀਆਂ ਸ਼ਿਕਾਇਤਾਂ ਉੱਪਰ ਅਮਲ ਕਰਨ ਲੱਗ ਪਿਆ । ਮਿਸਟਰ ਪ੍ਰਿਨਸਿਪ ਸਪਸ਼ਟ ਲ਼ਿਖਦੇ ਹਨ ਕਿ " ਜਹਾਂਗੀਰ ਨੇ ਤਖਤ ਉਪਰ ਬੈਠਦੇ ਸਾਰ ਹੀ ਇਸਲਾਮ ਦੇ ਅਸੂਲਾਂ ਨੂੰ ਉਜਾਗਰ ਕੀਤਾ ਜਿਨ੍ਹਾਂ ਨੂੰ ਅਕਬਰ ਦੇ ਸਮੇਂ ਤਿਲਾਂਜਲੀ ਦੇ ਦਿੱਤੀ ਗਈ ਸੀ । ਨਾਲ ਹੀ ਗ਼ੈਰ-ਮੁਸਲਮਾਨਾਂ ਉੱਪਰ ਸਖ਼ਤੀ ਦਾ ਦੌਰ ਸ਼ੁਰੂ ਹੋ ਗਿਆ" [੬੧]

## ੨.੯ ਇਸਲਾਮੀ ਸ਼ਰ੍ਹਾ ਲਾਗੂ ਹੋਈ

ਸ਼ੇਖ ਫ਼ਰੀਦ ਤੇ ਮੁਜੱਦਦ ਦੇ ਕਟੜ ਨਕਸ਼ਬੰਦੀ ਮੁਲਾਣਿਆਂ ਦੇ ਪ੍ਰਭਾਵ ਨਾਲ ਜਹਾਂਗੀਰ ਬੇਹੱਦ ਮੁਤੱਸਬੀ ਹੋ ਗਿਆ ਸੀ । ਇੱਕ ਮੁਸਲਮਾਨ ਕੋਕਬ ਖਾਂ ਕਿਸੇ ਹਿੰਦੂ ਸਾਧੂ ਕੋਲ ਚਲਾ ਗਿਆ ਤਾਂ ਜਹਾਂਗੀਰ ਨੇ ਉਸ ਦੇ ਕੋਰੜੇ ਲਗਵਾਏ ।(ਤੁਜ਼ਕ ਪੰਨਾ ੧੯) । ਤੁਜ਼ਕ ਦੇ ਪੰਨਾ ੧੨੭ ਤੇ ਜਹਾਂਗੀਰ ਆਪ ਹੀ ਲਿਖਦਾ ਹੈ, "ਕਾਜ਼ੀ ਕੋ ਹੁਕਮ ਦੀਆਂ ਕਿ ਕਿਉਂਕਿ ਸਜਦਾ ਕਰਨਾ ਸ਼ਰਈਅਤ ਮੇਂ ਮਨ੍ਹਾ ਹੈ ਇਸ ਲੀਏ ਆਇੰਦਾ ਕੋਈ ਭੀ ਹਮੇਂ ਸਜਦਾ ਨਾ ਕਰੇ"। "**ਸ਼ਰਾਬ ਔਰ ਡਰਬਹਿਰਾ ਔਰ ਤਮਾਮ ਨਸ਼ਾ ਆਵਰ ਅਸ਼ੀਆ ਜਿਨ ਕੀ ਸ਼ਰ੍ਹਾ ਮੇਂ ਮਮਾਨਤ ਹੈ ਨਾ ਤੋ ਕੋਈ ਤਿਆਰ ਕਰੇ ਔਰ ਨਾ ਫ਼ਰੋਖ਼ਤ ਕਰੇ** ।(ਤੁਜ਼ਕ ਪੰਨਾ ੪੨)[੬੨]ਅਜਮੇਰ ਦੇ ਨੇੜੇ ਸ਼ਿਕਾਰ ਖੇਡਦਿਆਂ ਜਹਾਂਗੀਰ ਨੇ ਮੰਦਰ ਵਿਚ ਇਕ ਦੇਖਿਆ । ਇਸ ਬਾਰੇ ਉਹ ਖ਼ੁਦ ਹੀ ਲਿਖਦਾ ਹੈ, "**ਮੈਂ ਨੇ ਹੁਕਮ ਦੀਆ ਕਿ ਇਸ ਮਕਰੂਹ ਸੂਰਤ ਬੁੱਤ ਕੋ ਤੋੜ ਡਾਲਾ ਜਾਏ ਔਰ ਜੋਗੀ ਕੋ ਵਹਾਂ ਸੇ ਨਿਕਾਲ ਦੀਆ ਜਾਏ । ਬੁੱਤ ਕੋ ਤੋੜ ਕਰ ਦਰਿਆ ਮੇਂ ਫੈਂਕ ਦੀਆ । ਮੇਰੇ ਹੁਕਮ ਕੇ ਮੁਤਾਬਕ ਗੁੰਬਦ ਕੇ ਅੰਦਰ ਭੀ ਜੋ ਬੁੱਤ ਥਾ ਉਸੇ ਭੀ ਤੋੜ ਡਾਲਾ**" (ਤੁਜ਼ਕ ਪੰਨਾ ੧੪੫) । ਕਿਸੇ ਦੇ ਚੁੱਕੇ ਚੁਕਾਏ ਜਹਾਂਗੀਰ ਨੇ

---

[59] ਮੁਜੱਦਦ ਬਾਰੇ ਪੂਰੀ ਜਾਣਕਾਰੀ ਪੁਸਤਕ ਤੇ ਅੰਤ ਉਪਰ ਦਿੱਤੀ ਗਈ ਹੈ ।

[60] ਅਕਬਰ ਨੇ ਇਸ ਕਾਜ਼ੀ ਨੂੰ ੧੫੭੯ ਵਿੱਚ ਮੁਅੱਤਲ ਕਰ ਦਿੱਤਾ ਸੀ । ਸ਼ੇਖ ਫ਼ਰੀਦ ਨੇ ਇਸ ਨੂੰ ਫਿਰ ਰਖਵਾ ਦਿੱਤਾ।

[61] "Occasional outbursts of bigotry on the part of Jehangir and his anti-Hindu sentiments may be traced to the influence of Mujadid on the fickle-minded Emperor". (A Soial history of India by Muhammed Yasin page 171)

[62] ਇਹ ਹੁਕਮ ਹੁੰਦੇ ਹੋਏ ਵੀ ਜਹਾਂਗੀਰ ਖ਼ੁਦ ਸਾਰੀ ਉਮਰ ਸ਼ਰਾਬ ਪੀਂਦਾ ਰਿਹਾ ਤੇ ਕਿਸੇ ਕਾਜ਼ੀ ਨੇ ਵੀ ਉਸ ਨੂੰ ਕਾਫ਼ਰ ਹੋਣ ਦਾ ਫ਼ਤਵਾ ਨਾ ਦਿੱਤਾ । ਜਹਾਂਗੀਰ ਨੇ ਜੰਤਾ ਲਈ ਸ਼ਰਾਬ ਤਿੰਨ ਵਾਰ ਬੰਦ ਕੀਤੀ ਅਤੇ ਤਿੰਨ ਵਾਰ ਖੋਲ੍ਹੀ ।

ਹੁਕਮ ਦਿੱਤਾ, "**ਮੇਰੀ ਤਮਾਮ ਕਲਮਰੌ ਮੇਂ ਸੇ ਸਰੇਵੜਿਓਂ ਕੋ (ਜੈਨੀਆਂ ਨੂੰ) ਨਿਕਾਲ ਦੀਆ ਜਾਏ**"। (ਤੁਜ਼ਕ ਪੰਨਾ ੨੫੭)[੬੩]

ਜਹਾਂਗੀਰ ਇੱਕ ਹਿੰਦੂ ਮਾਂ ਦਾ ਪੁੱਤਰ ਸੀ । ਇਸ ਨੇ ਪਹਿਲਾ ਵਿਆਹ ਰਾਜਾ ਭਗਵਾਨ ਦਾਸ ਦੀ ਭੈਣ ਨਾਲ ਕਰਵਾਇਆ (ਤੁਜ਼ਕ ਪੰਨਾ ੧੨), ਦੂਜਾ ਵਿਅਹ ਰਾਜਾ ਉਦੇ ਸਿੰਘ ਦੀ ਹਿੰਦੂ ਲੜਕੀ ਨਾਲ ਕਰਵਾਇਆ (ਤੁਜ਼ਕ ਪੰਨਾ ੬੪),ਤੀਜਾ ਵਿਆਹ ਰਾਜਾ ਜਗਤ ਸਿੰਘ ਦੀ ਹਿੰਦੂ ਲੜਕੀ ਨਾਲ ਕਰਵਾਇਆ (ਤੁਜ਼ਕ ਪੰਨਾ ੧੧੭) ਚੌਥਾ ਵਿਅਹ ਰਾਮ ਚੰਦਰ ਬੁੰਦੇਲਾ ਦੀ ਹਿੰਦੂ ਲੜਕੀ ਨਾਲ ਕਰਵਾਇਆਂ (ਤੁਜ਼ਕ ਪੰਨਾ ੧੨੪)। ਜਦੋਂ ਇਕ ਹਿੰਦੂ ਕਲਿਆਣ ਰਾਏ ਨੇ ਇੱਕ ਮੁਸਲਮਾਨ ਲੜਕੀ ਭੋਲੀ ਨਾਲ ਵਿਆਹ ਕਰਵਾ ਲਿਆ ਤਾਂ ਜਹਾਂਗੀਰ ਨੇ ਅੱਗ ਬਗੋਲਾ ਹੋ ਕੇ ਹੁਕਮ ਦਿੱਤਾ, "**ਉਸਕੀ ਜ਼ੁਬਾਨ ਕਟਵਾ ਕਰ ਹੁਕਮ ਦੀਆ ਕਿ ਵੁਹ ਹਮੇਸ਼ਾ ਭੰਗੀਓਂ ਕੇ ਸਾਥ ਖਾਨਾ ਖਾਇਆ ਕਰੇ** (ਤੁਜ਼ਕ ਪੰਨਾ ੬੫)। ਪੁਸਤਕ Jehangir and the Jesuits ਦੇ ਪੰਨਾ ੧੫ ਤੇ ਲਿਖਆ ਹੈ ਕਿ ਇੱਕ ਹਿੰਦੂ ਦੇ ਮੁਸਲਮਾਨ ਹੋ ਜਾਣ ਦੀ ਖੁਸ਼ੀ ਵਿੱਚ ਉਸ ਨੂੰ ਹਾਥੀ ਤੇ ਬਿਠਾ ਕੇ ਦਿੱਲੀ ਵਿਚ ਜਲੂਸ ਕੱਢ ਕੇ ਖੁਸ਼ੀ ਮਨਾਈ ਗਈ । ਇਸੇ ਪੁਸਤਕ ਦੇ ਪੰਨਾ ੧੬ ਤੋਂ ੨੩ ਤੱਕ ੧੦ ਸਾਲ ਅਤੇ ੧੪ ਸਾਲਾਂ ਦੇ ਦੋ ਈਸਾਈ ਬੱਚਿਆਂ ਦਾ ਜ਼ਿਕਰ ਹੈ ਜਿਨ੍ਹਾਂ ਨੂੰ ਜਬਰਨ ਮੁਸਲਮਾਨ ਬਣਾਉਣ ਲਈ ਰੋਂਦਿਆ ਕੁਰਲਾਂਦਿਆਂ ਦੀ ਸੁੰਨਤ ਕੋਰੜੇ ਮਾਰ ਮਾਰ ਕੇ ਜਹਾਂਗੀਰ ਨੇ ਅਪਣੀ ਹਾਜ਼ਰੀ ਵਿੱਚ ਕਰਵਾਈ । ਇਹ ਸੀ ਜਹਾਂਗੀਰ ਦਾ ਇਨਸਾਫ਼ ।

ਜਹਾਂਗੀਰ ਵਲੋਂ ਸਰਕਾਰੀ ਖਰਚ ਤੇ ਸਭ ਮਸਜਿਦਾਂ ਦੀ ਮੁਰੰਮਤ ਕਰਵਾਈ ਗਈ ਤੇ ਰੋਜ਼ੇ ਰਖਣ ਅਥਵਾ ਨਮਾਜ਼ ਪੜ੍ਹਣ ਦੀ ਪਾਬੰਦੀ ਸਖ਼ਤੀ ਨਾਲ ਚਾਲੂ ਕਰਵਾਈ ਗਈ ਭਾਵੇਂ ਕਿ ਆਪ ਉਸਨੇ ਕਦੇ ਵੀ ਨਮਾਜ਼ ਰੋਜ਼ੇ ਦੀ ਪਾਬੰਦੀ ਨਾ ਮੰਨੀ । ਤੁਅੱਸਬ ਦੇ ਅਜਿਹੇ ਜ਼ਹਿਰੀਲੇ ਵਾਯੂਮੰਡਲ ਵਿੱਚ ਮੁਜੱਦਦ ਕਿਵੇਂ ਨਿਚੱਲਾ ਬੈਠ ਸਕਦਾ ਸੀ । ਬਲਦੀ ਉੱਪਰ ਤੇਲ ਛਿੜਕਣਾ ਉਸ ਦਾ ਨਿਸ਼ਾਨਾ ਸੀ । ਉਹਨੇ ਸ਼ੇਖ ਫ਼ਰੀਦ ਨੂੰ ਲਿਖਿਆ, " **ਅਲ੍ਹਾ ਤੁਆਲਾ ਨੇ ਕਫ਼ਾਰ ਸੇ ਜਹਾਦ ਔਰ ਇਨ ਪਰ ਸਖ਼ਤੀ ਕਰਨੇ ਕਾ ਹੁਕਮ ਦੀਆ ਹੈ । ਇਸਲਾਮ ਕੀ ਇਜ਼ੱਤ ਕੁਫ਼ਰ ਔਰ ਅਹਲਿ ਕੁਫ਼ਰ ਕੀ ਖ਼ੁਆਰੀ ਔਰ ਜ਼ਿੱਲਤ ਮੇਂ ਹੈ । ਇਨਹੇਂ ਕੁੱਤੋਂ ਕੀ ਤਰ੍ਹਾ ਦੂਰ ਰਖਨਾ ਚਾਹੀਏ । ਅਲ੍ਹਾ-ਸੁਭਹਾਨਾ-ਤੁਆਲਾ ਨੇ ਅਪਨੇ ਕਲਾਮਿ ਮਜੀਦ ਮੇਂ ਇਨ੍ਹੇ ਅਪਨਾ ਔਰ ਅਪਨੇ ਪੈਗ਼ੰਬਰ ਅਲੀਆ-ਅਲ-ਇਸਲਾਮ ਕਾ ਦੁਸ਼ਮਨ ਕਰਾਰ ਦੀਆ ਹੈ । ਹਮੇਸ਼ਾ ਇਨ ਕੀ ਜ਼ਿੱਲਤ ਔਰ ਖ਼ੁਆਰੀ ਕੇ ਦਰਪੈ ਰਹਿਨਾ ਚਾਹੀਏ । ਇਨ ਸੇ ਜਜ਼ੀਆ ਲੇਨੇ ਕਾ ਅਸਲ ਮਕਸਦ ਇਨਕੀ ਜ਼ਿਲੱਤ ਔਰ ਖ਼ੁਆਰੀ ਹੈ ਔਰ ਯਿਹ ਜ਼ਿਲੱਤ ਔਰ ਖ਼ੁਆਰੀ ਇਸ ਹੱਦ ਤੱਕ ਹੈ ਕਿ ਜਜ਼ੀਆ ਕੇ ਖ਼ੌਫ਼ ਸੇ ਅੱਛੇ ਕਪੜੇ ਨਹੀਂ ਪਹਿਨ ਸਕਤੇ । ਬਾਦਸ਼ਾਹੋਂ ਕੋ ਯਿਹ ਕਿਆ ਹੱਕ ਹੈ ਕਿ ਜਜ਼ੀਆ ਲੇਨੇ ਸੇ ਰੋਕੇਂ । ਅਲ੍ਹਾ ਤੁਆਲਾ ਨੇ ਜਜ਼ੀਆ ਵਜ਼ਾਹ ਹੀ ਇਨਕੀ ਜ਼ਿੱਲਤ ਔਰ ਖ਼ੁਆਰੀ ਕੇ ਲੀਏ ਕੀਆ ਹੈ । ਜੋ ਗ਼ੈਰ-ਮੁਸਲਮ ਕਤਲ ਭੀ ਹੂਆ ਤੋ ਇਸ ਮੇਂ ਭੀ ਇਸਲਾਮ ਕਾ ਨਫ਼ਾ ਹੈ**" ( ਮਕਤੂਬਾਤ ਭਾਗ ੧ ਚਿੱਠੀ ਨੰਬਰ ੧੬੩)

ਮੁਜੱਦਦ ਅਪਣਾ ਜ਼ਹਿਰੀਲਾ ਪ੍ਰਚਾਰ ਕੇਵਲ ਮੁਸਲਮਾਨਾਂ ਨੂੰ ਹੀ ਨਹੀਂ ਸਨ ਕਰਦੇ । ਉਹ ਇੱਕ ਗੁੱਝੀ ਛੁਰੀ ਨਾਲ ਹਿੰਦੂਆਂ ਨੂੰ ਵੀ ਹਲਾਲ ਕਰ ਰਹੇ ਸਨ । ਪੰਡਿਤ ਹਿਰਦੇ ਰਾਮ ਨੂੰ ਲਿਖਦੇ ਹਨ, "**ਰਾਮ ਔਰ ਕ੍ਰਿਸ਼ਨ ਔਰ ਇਨਕੀ ਮਾਨਿੰਦ ਔਰ ਜੋ ਹਿੰਦੂਓਂ ਕੇ ਮਾਅਬੂਦ ਹੈਂ ਸਭ ਅਦਨਾ ਮਖ਼ਲੂਕ (ਘਟੀਆ ਇਨਸਾਨ) ਹੈਂ । ਜਬ ਰਾਮ ਅਪਨੀ ਬੀਵੀ ਕੀ ਨਿਗ੍ਹਦਾਸ਼ਤ ਨਾ ਕਰ ਸਕਾ ਬਲਕਿ ਰਾਵਨ ਇਸ ਸੇ ਛੀਨ ਕਰ ਲੇ ਗਿਆ ਤੋ ਵੁਹ ਦੂਸਰੇ ਕੀ ਕਿਆ ਮਦਦ ਕਰੇਗਾ । ਅਕਲ ਔਰ ਦੂਰ-ਅੰਦੇਸ਼ੀ ਸੇ ਕਾਮ ਲੇਨਾ ਚਾਹੀਏ । ਹਜ਼ਾਰੋਂ ਦਰਜੇ ਸ਼ਰਮ ਕੀ ਬਾਤ ਹੈ ਕਿ ਕੋਈ ਤਮਾਮ ਜਹਾਨੋਂ ਕੇ ਪਰਵਰਦਗਾਰ ਕੋ ਰਾਮ ਯਾ ਕ੍ਰਿਸ਼ਨ ਕੇ ਨਾਮ ਸੇ ਯਾਦ ਕਰੇ । ਰਾਮ ਔਰ ਰਹਿਮਾਨ ਕੋ ਏਕ ਹੀ ਖ਼ਿਆਲ ਕਰਨਾ ਨਿਹਾਇਤ ਹੀ ਬੇਅਕ਼ਲੀ ਕੀ ਬਾਤ ਹੈ। ਯਿਹ ਲੋਗ ਖ਼ੁਦ ਭੀ ਗੁਮਰਾਹ ਹੁਏ ਹੈਂ ਔਰ ਦੂਸਰੋਂ ਕੋ ਭੀ ਗੁਰਾਹ ਕੀਆ ਹੈ ।**

[63] ਜਹਾਂਗੀਰ ਦੇ ਪੁੱਤਰ ਸ਼ਾਹ ਜਹਾਨ ਨੇ ਵੀ ਇਹੀ ਅਸੂਲ ਕਾਇਮ ਰੱਖੇ। ਉਸ ਨੇ ਇਸਲਾਮ ਤੋਂ ਬਿਨਾਂ ਬਾਕੀ ਧਰਮਾਂ ਦੀ ਤਬਲੀਗ਼ ਤੇ ਪਾਬੰਦੀ ਲਾਈ ਤੇ ਹਿਜਰੀ ਕਲੰਡਰ ਸ਼ੁਰੂ ਕੀਤਾ । "ਬਾਦਸ਼ਾਹ ਨਾਮਾ" ਵਿੱਚ ਲਿਖਿਆ ਹੈ ਕਿ ਉਸ ਨੇ ਇਕੱਲੇ ਬਨਾਰਸ ਸ਼ਹਿਰ ਵਿਚ ਹੀ ੭੬ ਮੰਦਰ ਢੁਵਾਏ । ਲਾਹੌਰ ਦੀ ਬਾਉਲੀ ਢਵਾ ਕੇ ਉੱਥੇ ਮਸਜਿਦ ਬਨਵਾਉਣ ਦਾ ਹੁਕਮ ਦਿੱਤਾ ਅਤੇ ਕੌਲਾਂ ਦਾ ਝੂਠਾ ਕੇਸ ਖੜ੍ਹਾ ਕਰ ਕੇ ਗੁਰੂ ਹਰਿਗੋਬਿੰਦ ਜੀ ਤੇ ਝੂਠੀ ਤੁਹਮਤ ਲਾਈ ।

(ਮਕਤੂਬਾਤ ਭਾਗ ੧ ਚਿੱਠੀ ਨੰਬਰ ੧੯੭)

# ਕਾਂਡ ੩

## ਗੁਰੂ ਅਰਜ ਦੇਵ ਜੀ ਦੀ ਸ਼ਹੀਦੀ

ਗੁਰੂ ਜੀ ਦੀ ਸ਼ਹੀਦੀ ਬਾਰੇ ਜਾਨਣ ਤੋਂ ਪਹਿਲਾ ਜ਼ਰੂਰੀ ਹੈ ਕਿ ਪੰਜਾਬ ਦੇ ਉਨ੍ਹਾਂ ਹਾਲਾਤ ਬਾਰੇ ਜਾਣ ਲਿਆ ਜਾਵੇ ਜਿਨ੍ਹਾਂ ਵਿਚਕਾਰ ਗੁਰੂ ਜੀ ਨੂੰ ਰਹਿਣਾ ਪਿਆ । ਇਸ ਵਾਤਾਵਰਣ ਦੀ ਪ੍ਰਿਸ਼ਠਭੂਮੀ ਵਿੱਚ ਹੀ ਸ਼ਹੀਦੀ ਨੂੰ ਸਹੀ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ ।

### ੩.੧ ਗੁਰੂ ਜੀ ਦੇ ਸਮੇਂ ਪੰਜਾਬ ਦੀ ਰਾਜਸੀ ਸਿਥਿਤੀ

ਮੁਜੱਦਦ ਦੀ ਗੁਰੂ ਜੀ ਪ੍ਰਤੀ ਦੁਸ਼ਮਨੀ ਦਾ ਕਾਰਨ ਇਸਲਾਮ ਅਤੇ ਗੁਰਮਤ ਸਿਧਾਂਤ ਦਾ ਵਿਖੇਵਾਂ ਸੀ ਜੋ ਉਸ ਵੇਲੇ ਬਿਲਕੁਲ ਸਪਸ਼ਟ ਸੀ । ਇੱਕ ਪਾਸੇ ਤਾਂ ਪੰਜਾਬ ਵਿੱਚ ਬੈਠਾ ਮੁਜੱਦਦ ਤੁਅੱਸਬ ਤੇ ਹਕੂਮਤ ਦੇ ਨਸ਼ੇ ਵਿੱਚ ਕਹਿ ਰਿਹਾ ਸੀ "**ਰਾਮ ਔਰ ਰਹੀਮ ਕੋ ਏਕ ਖ਼ਿਆਲ ਕਰਨਾ ਬੇ ਅਕਲੀ ਕੀ ਬਾਤ ਹੈ**"ਦੂਸਰੇ ਪਾਸੇ ਕੁੱਝ ਹੀ ਮੀਲ਼ਾਂ ਦੀ ਵਿੱਥ ਤੇ ਬੈਠੇ ਗੁਰੂ ਅਰਜਨ ਦੇਵ ਜੀ ਕਹਿ ਰਹੇ ਸਨ "**ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ** ।(ਪੰਨਾ ੮੯੭) ਦੋਹਾਂ ਵਿਚਾਰਾਂ ਦੀ ਟੱਕਰ ਸਪਸ਼ਟ ਹੈ। ਇੱਕ ਪਾਸੇ ਸਾਂਝੀਵਾਲਤਾ ਦੇ ਪੀਰ ਦੀ ਸ਼ਾਂਤੀ ਅਤੇ ਦੂਜੇ ਪਾਸੇ ਈਰਖਾ ਵਿੱਚ ਸੜਦੇ ਮੁਲਾਣੇ ਦਾ ਭੜਕਾਊ ਜਹਾਦ । ਇੱਕ ਪਾਸੇ ਸਿਰ ਉੱਚਾ ਕਰ ਕੇ ਅਣਖ ਨਾਲ ਜਿਉਣ ਤੇ ਸਭ ਨਾਲ ਪ੍ਰੇਮ ਕਰਨ ਦਾ ਸੰਦੇਸ਼ ਤੇ ਦੂਜੇ ਪਾਸੇ ਬੇਇੱਜ਼ਤ ਕਰ ਕੇ ਨਰਕੀ ਜੀਵਨ ਬਿਤਾਉਣ ਜਾਂ ਇਸਲਾਮ ਕਬੂਲ ਕਰਨ ਦੀ ਧੌਂਸ । ਇਹ ਸਿਧਾਂਤਾਂ ਦੀ ਜੰਗ ਸੀ । ਇੱਥੇ ਹਾਰ ਜਾਂ ਜਿੱਤ ਕੋਈ ਮਤਲਬ ਨਹੀਂ ਸੀ ਰਖਦੀ । ਰਣ ਤੱਤੇ ਵਿਚੋਂ ਭੱਜ ਨਿੱਕਲਣਾ ਸੂਰਮਿਆਂ ਦਾ ਕੰਮ ਨਹੀਂ ਹੁੰਦਾ । **"ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ (ਪੰਨਾ ੫੮੦)"** ਮੁਲਾਣਿਆਂ ਵਲੋਂ ਜੋ ਕੁੱਝ ਕੀਤਾ ਜਾ ਰਿਹਾ ਸੀ ਉਹ ਉਸ ਹਲੇਮੀ ਰਾਜ ਦੀ ਨਫੀ ਸੀ ਜੋ ਸਤਿਗੁਰੂ ਜੀ ਪੈਦਾ ਕਰਨਾ ਚਾਹੁੰਦੇ ਸਨ।[੬੪]ਸੋਨਾ ਅੱਗ ਵਿੱਚ ਪੈਕੇ ਹੀ ਕੁੰਦਣ ਬਣਦਾ ਹੈ । ਇਸ ਦੀ ਸਪਸ਼ਟ ਪ੍ਰਦਰਸ਼ਣੀ ਕਰਨ ਲਈ ਸਤਿਗੁਰੂ ਜੀ ਨੇ ਕਮਰਕਸੇ ਕਰ ਲਏ ਸਨ । ਮੁਲਾਣੇ ਦੀ ਧੱਕੇਸ਼ਾਹੀ ਦੇ ਵਿਰੋਧ ਵਿੱਚ ਸਤਿਗੁਰਾਂ ਨੇ ਸਗੋਂ ਸਰਬ ਸਾਂਝੀਵਾਲਤਾ ਅਤੇ

---

[64] ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਵਾਣਦਾ ॥ ਸਭ ਸੁਖਾਲੀ ਵੁੱਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥ (ਪੰਨਾ ੭੪)

ਪਰਸਪਰ ਪ੍ਰੇਮ ਦਾ ਪ੍ਰਚਾਰ ਕਰਨ ਲਈ ਪੰਜਾਬ ਦੇ ਪਿੰਡ ਵਿੰਡ ਵਿਚ ਜਾਣਾ ਸ਼ੁਰੂ ਕਰ ਦਿੱਤਾ । ਇਨ੍ਹਾਂ ਦੇ ਇਸ ਪ੍ਰਚਾਰ ਨਾਲ ਸਰਵਰੀਏ ਮੁਸਲਮਾਨਾਂ ਨੂੰ ਬੇ ਹੱਦ ਧੱਕਾ ਲੱਗਾ । ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਸਰਵਰੀਆਂ ਨੂੰ ਛੱਡ ਕੇ ਗੁਰੂ ਜੀ ਨਾਲ ਰਲਣ ਲੱਗ ਪਏ[੬੫]

ਜਹਾਂਗੀਰ ਦੇ ਪੱਕੇ ਮਿੱਤਰ ਸ਼ਾਹ ਹੁਸੈਨ ਦਾ ਵੀ ਗੁਰੂ ਜੀ ਕੋਲ਼ ਆਉਣ ਜਾਣ ਸੀ । ਸ਼ਾਹ ਹੁਸੈਨ ਉੱਪਰ ਗੁਰਬਾਣੀ ਦਾ ਬੇ ਹੱਦ ਅਸਰ ਸੀ । ਜੇਕਰ ਸ਼ਾਹ ਹੁਸੈਨ ਦੀ ਰਚਨਾਂ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਉਸ ਦੀਆਂ ਅਨੇਕਾਂ ਤੁਕਾਂ ਗੁਰਬਾਣੀ ਨਾਲ ਇੰਨ ਬਿੰਨ ਮੇਲ ਖਾਂਦੀਆਂ ਹਨ। ਹੇਠ ਅਸੀਂ ਕੁੱਝ ਤੁਕਾਂ ਦੇ ਰਹੇ ਹਾਂ । ਪਾਠਕ ਦੇਖ ਸਕਦੇ ਹਨ ਕਿ ਸ਼ਾਹ ਹੁਸੈਨ ਉੱਪਰ ਗੁਰਬਾਣੀ ਅਤੇ ਸਿੱਖ ਸਿਧਾਂਤ ਦਾ ਕਿੰਨਾ ਅਸਰ ਸੀ ।

ਸ਼ਾਹ ਹੁਸੈਨ:-:ਤੋੜੀ ਨਹੀਂ ਟੁਟਦੀ ਛੋੜੀ ਨਹੀਂ ਛੁਟਦੀ .........
ਗੁਰਬਾਣੀ:- ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥ (ਪੰਨਾ ੮੨੭)
ਸ਼ਾਹ ਹੁਸੈਨ: ਔਗਣਿਆਰੀ ਕੋ ਗੁਣ ਨਾਹੀਂ
ਗੁਰਬਾਣੀ:- ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥ (ਪੰਨਾ ੧੪੨੯)
ਸ਼ਾਹ ਹੁਸੈਨ ਧਰਮ ਰਾਏ ਜਬ ਲੇਖਾ ਮਾਂਗੈ
ਗੁਰਬਾਣੀ: ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥ (ਪੰਨਾਂ ੧੧੦੪) ॥
ਸ਼ਾਹ ਹੁਸੈਨ: ਸੋਈ ਕੰਮ ਵਿਚਾਰ ਕੇ ਕੀਚੈ ਜਾਂ ਅੰਤ ਨਹੀਂ ਪਛਤਾਉਣਾ
ਗੁਰਬਾਣੀ : ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥ (ਪੰਨਾਂ ੯੧੮)
ਸ਼ਾਹ ਹੁਸੈਨ: ਸਭਨਾਂ ਸਹੀਆਂ ਸਹੁ ਰਾਵਿਆ
ਗੁਰਬਾਣੀ:- ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ (ਪੰਨਾਂ ੫੫੮)
ਸ਼ਾਹ ਹੁਸੈਨ: ਖੜਾ ਪੁਕਾਰੇ ਪਾਤਣੀ ਬੇੜਾ ਕਪਰਵਾਤ
ਗੁਰਬਾਣੀ : ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥ (ਪੰਨਾਂ ੧੩੮੨)
ਸ਼ਾਹ ਹੁਸੈਨ: ਸਾਂਝ ਪਾਤ ਕਾਹੂੰ ਸਿਉਂ ਨਾਹੀਂ
ਗੁਰਬਾਣੀ : ਸਾਝ ਪਾਤਿ ਕਾਹੂ ਸਿਉ ਨਾਹੀ ॥ (ਪੰਨਾ ੩੨੪)
ਸ਼ਾਹ ਹੁਸੈਨ: ਕਹੇ ਹੁਸੈਨ ਸਹੇਲੀਓ
ਗੁਰਬਾਣੀ : ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥ (ਪੰਨਾ ੭੯੪)

ਗੁਰੂ ਜੀ ਦਾ ਇੱਕ ਹੋਰ ਮਿੱਤਰ ਲਾਹੌਰ ਦਾ ਇਕੱ ਮੁਸਲਮਾਨ ਸੰਤ ਸਾਈਂ ਮੀਆਂ ਮੀਰ ਸੀ । ਅਨੇਕਾਂ ਹੋਰ ਮੁਸਲਮਾਨ ਵੀ ਗੁਰੂ ਜੀ ਦੇ ਸਹਿਨਸ਼ੀਲਤਾ ਵਾਲੇ ਪਰਚਾਰ ਦਾ ਸਦਕਾ ਉਨ੍ਹਾਂ ਦੇ ਨਜ਼ਦੀਕ ਆਏ ਹੋਏ ਸਨ ਜਾਂ ਆ ਰਹੇ ਸਨ। ਜਹਾਂਗੀਰ ਦੇ ਬਾਦਸ਼ਾਹ ਬਨਣ ਤੋਂ ਪਹਿਲਾਂ ਮੁਜੱਦਦ ਭਾਵੇਂ ਮੁਸਲਮਾਨਾਂ ਦੀ ਗੁਰੂ ਜੀ ਨਾਲ ਨੇੜਤਾ ਤੋਂ ਦੁਖੀ ਸੀ ਪਰ ਉਹ ਕੁੱਝ ਵੀ ਨਹੀਂ ਸੀ ਕਰ ਸਕਦਾ । ਹੁਣ ਸਥਿਤੀ ਬਦਲ ਚੁੱਕੀ ਸੀ । ਚੁਗ਼ਲੀਆਂ ਦਾ ਬਾਜ਼ਾਰ ਗਰਮ ਕਰ ਦਿੱਤਾ ਗਿਆ ਅਤੇ ਗੁਰੂ ਜੀ ਵਿਰੁੱਧ ਸਿੱਧੀਆਂ ਜਾਂ ਸ਼ੇਖ ਫ਼ਰੀਦ ਰਾਹੀਂ ਸ਼ਕਾਇਤਾਂ ਜਾਣ ਲੱਗ ਪਈਆਂ ।

ਇਨ੍ਹੀ ਦਿਨੀ ਪੰਜਾਬ ਵਿਚ ਦੋ ਡਾਕੂਆਂ ਦੁੱਲਾ ਭੱਟੀ [੬੬]ਅਤੇ ਬਿਧੀਆ[੬੭] ਨੇ ਅਕਬਰ ਦੇ ਨੱਕ ਵਿੱਚ ਦਮ ਕਰ ਛੱਡਿਆ ਸੀ । ਅਕਬਰ ਵਲੋਂ ਦੁੱਲੇ ਨੂੰ ਫੜ ਕੇ ਸਜ਼ਾ ਦੇਣ ਦੀ ਡਿਊਟੀ ਸਲੀਮ (ਜਹਾਂਗੀਰ) ਦੀ ਲਾਈ ਗਈ ਸੀ । ਦੁੱਲਾ ਸ਼ਾਹ

---

[65] ਸਰਵਰੀਏ ਭਾਈ ਮੰਝ ਅਤੇ ਭਾਈ ਬਹਿਲੋ ਆਦਿਕ ਦਾ ਸੰਖੇਪ ਜ਼ਿਕਰ ਅਸ਼ੀਂ ਪਿੱਛੇ ਕਰ ਆਏ ਹਾਂ । ਜਹਾਂਗੀਰ ਵਲੋਂ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਨ ਵੇਲੇ ਵੀ ਮੁਸਲਮਾਨਾਂ ਨੂੰ ਵਰਗਲਾਉਣ ਦਾ ਦੋਸ਼ ਗੁਰੂ ਜੀ ਤੇ ਲਾਇਆ ਗਿਆ ਸੀ । ਇਸ ਦਾ ਜ਼ਿਕਰ ਅੱਗੇ ਆਵੇਗਾ ।

[66] ਦੁੱਲਾ ਪਿੰਡ ਭੱਟੀਆਂ (ਜ਼ਿਲਾ ਗੁਜਰਾਤ) ਦਾ ਵਸਨੀਕ ਸੀ ਤੇ ਦਿੱਲੀ ਸਰਕਾਰ ਦਾ ਸਖ਼ਤ ਵਿਰੋਧੀ । ਇਹ ਤੇ ਇਸ ਦਾ ਪੁੱਤਰ ਕਮਾਲ ਖ਼ਾਂ ਨਿਧੜਕ ਡਾਕੂ ਤੇ ਸੁਰਬੀਰ ਲੜਾਕੇ ਸਨ ।

ਹੁਸੈਨ ਦਾ ਚੇਲਾ ਸੀ । ਜਦ ਇਸ ਗੱਲ ਦਾ ਪਤਾ ਸਲੀਮ ਨੂੰ ਲੱਗਾ ਤਾਂ ਸ਼ਾਹ ਹੁਸੈਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ । ਪੰਜਾਬ ਦੇ ਸਭ ਸਾਧਾਂ ਸੰਤਾਂ ਉੱਪਰ ਬਦਮਾਸ਼ਾਂ ਡਾਕੂਆਂ ਨੂੰ ਪਨਾਹ ਦੇਣ ਦੀ ਸ਼ੱਕ ਹੋ ਗਈ । ਗੁਰੂ ਅਰਜਨ ਦੇਵ ਜੀ ਅਪਣੇ ਲੰਗਰੋਂ ਆਏ ਗਏ ਨੂੰ ਪ੍ਰਸ਼ਾਦਾ ਛਕਾਉਂਦੇ ਸਨ ਇਸ ਲਈ ਉਨ੍ਹਾਂ ਉੱਪਰ ਸ਼ੱਕ ਹੋ ਜਾਣੀ ਕੁਦਰਤੀ ਸੀ । ਡਾਕਟਰ ਸਈਦ ਨਜ਼ੀਰ ਅਹਿਮਦ ਪੁਸਤਕ "ਸ਼ਾਹ ਹੁਸੈਨ" ਦੇ ਤੁਆਰਫ਼ ਵਿੱਚ ਲਿਖਦੇ ਹਨ , "ਜਿਸ ਦਿਨ ਲਾਹੌਰ ਕੇ ਕੋਤਵਾਲ ਨੇ ਦੁੱਲਾ ਭੱਟੀ ਕੋ ਬਰਸਰਿ ਆਮ (ਲੋਕਾਂ ਸਾਹਮਣੇ) ਫ਼ਾਂਸੀ ਦੀ ਉਸ ਦਿਨ ਇਸੀ ਕੋਤਵਾਲ ਕੇ ਪਾਸ ਸ਼ਾਹ ਹੁਸੈਨ ਭੀ ਜ਼ੇਰਿ ਹਿਰਾਸਤ (ਗਰਿਫ਼ਤਾਰ) ਥੇ"। ਸ਼ਾਹ ਹੁਸੈਨ ਦਾ ਇੱਕ ਚੇਲਾ ਮਾਧੋ ਲਾਲ ਸੀ ਜਿਸ ਨੂੰ ਉਸ ਨੇ ਮੁਸਲਮਾਨ ਨਹੀਂ ਸੀ ਬਣਾਇਆ । ਇਸ ਤਰਾਂ ਹਿੰਦੂ ਨਾਲ ਰਹਿਣ ਅਤੇ ਗੁਰੂ ਜੀ ਨਾਲ ਨੇੜਤਾ ਰਖਣ ਕਾਰਨ ਅਤੇ ਦੁੱਲੇ ਵਰਗੇ ਡਾਕੂਆਂ ਨਾਲ ਸਹਿਚਾਰ ਕਾਰਨ ਜਿਥੇ ਸ਼ਾਹ ਹੁਸੈਨ ਉੱਪਰ ਨਿਗਾਹ ਰਖੀ ਜਾ ਰਹੀ ਸੀ ਉਥੇ ਗੁਰੂ ਜੀ ਵਿਰੁੱਧ ਵੀ ਕਾਫ਼ੀ ਸਮੇਂ ਤੋਂ ਚੁਗ਼ਲੀਆਂ ਕੀਤੀਆਂ ਜਾ ਰਹੀਆਂ ਸਨ।। ਅੱਗੇ ਜਾਕੇ ਅਸੀਂ ਦੇਖਾਂਗੇ ਕਿ ਜਹਾਂਗੀਰ ਗੁਰੂ ਜੀ ਤੇ ਦੋਸ਼ ਲਾਉਣ ਵੇਲੇ ਲਿਖਦਾ ਹੈ "**ਸਾਦਾ ਹਿੰਦੂ ਔਰ ਮੁਸਲਮਾਨ ਉਸ ਕੇ ਮਰੀਦ ਔਰ ਮੋਇਤਕਿਦ (ਸ਼ਰਧਾਲੂ) ਹੋ ਗਏ । ਉਸ ਕੇ ਮੋਇਤਕਿਦ ਉਸ ਕੋ ਗੁਰੂ ਕਹਿਤੇ ਥੇ**"। ਇਹ ਗੱਲ ਜਹਾਂਗੀਰ ਨੂੰ ਦ੍ਰਿੜ੍ਹ ਕਰਵਾ ਦਿੱਤੀ ਗਈ ਸੀ ਕਿ ਸ਼ਾਹ ਹੁਸੈਨ ਵਰਗੇ ਢਿੱਲੇ ਮੱਠੇ ਮੁਸਲਮਾਨਾਂ ਰਾਹੀਂ ਗੁਰੂ ਜੀ ਲੋਕਾਂ ਨੂੰ ਗੁਮਰਾਹ ਕਰ ਕੇ ਇਸਲਾਮ ਨਾਲੋਂ ਤੋੜ ਰਹੇ ਸਨ ।

## ੩.੨ ਸੁਲਹੀ ਖ਼ਾਂ ਦਾ ਆਉਣਾ

ਤਹਿਕੀਕਾਤਿ-ਚਿਸ਼ਤੀ ਦੇ ਪੰਨਾ ੪੫੦ ਤੇ ਲਿਖਿਆ ਹੈ ਕਿ ਜਹਾਂਗੀਰ ਨੇ ਇੱਕ ਅਫ਼ਗ਼ਾਨੀ ਅਫ਼ਸਰ ਸੁਲਹੀ ਖ਼ਾਂ ਨੂੰ ਮੁਆਮਲਾ ਉਗਰਾਹੁਣ ਦੇ ਬਹਾਨੇ ਪੱਟੀ ਹੈਬਤ ਪੁਰ ਭੇਜਿਆ । ਮਨੋਰਥ ਕਿਸੇ ਬਹਾਨੇ ਗਇੰਦਵਾਲ ਨੂੰ ਨਸ਼ਟ ਕਰਨ ਦਾ ਸੀ ਜਿਸ ਨੂੰ ਗੁਰੂ ਜੀ ਵੀ ਸਮਝ ਗਏ ਸਨ । ਇਸ ਸੰਕਟ ਦਾ ਮੁਕਾਬਲਾ ਕਰਨ ਲਈ ਸਿੱਖਾਂ ਨੇ ਗੁਰੂ ਜੀ ਨੂੰ ਕਈ ਸੁਝਾਉ ਦਿੱਤੇ ਜੋ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਕਰ ਦਿੱਤੇ ਹਨ :-

ਆਸਾ ਮਹਲਾ ੫ ॥ ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥ ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥ ੧ ॥ ਮਹਾ ਅਨੰਦ ਅਚਿੰਤ ਸਹਜਾਇਆ ॥ ਦੁਸਮਨ ਦੂਤ ਮੁਏ ਸੁਖੁ ਪਾਇਆ ॥ ੧ ॥ ਰਹਾਉ ॥ ਸਤਿਗੁਰਿ ਮੋ ਕਉ ਦੀਆ ਉਪਦੇਸੁ ॥ ਜੀਉ ਪਿੰਡੁ ਸਭੁ ਹਰਿ ਕਾ ਦੇਸੁ ॥ ਜੋ ਕਿਛੁ ਕਰੀ ਸੁ ਤੇਰਾ ਤਾਣੁ ॥ ਤੂੰ ਮੇਰੀ ਓਟ ਤੂੰ ਹੈ ਦੀਬਾਣੁ ॥ ੨ ॥ ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ ॥ ਆਨ ਨ ਬੀਆ ਤੇਰੀ ਸਮਸਰਿ ॥ ਤੇਰੇ ਸੇਵਕ ਕਉ ਕਿਸ ਕੀ ਕਾਣਿ ॥ ਸਾਕਤੁ ਭੂਲਾ ਫਿਰੈ ਬੇਬਾਣਿ ॥ ੩ ॥ ਤੇਰੀ ਵਡਿਆਈ ਕਹੀ ਨ ਜਾਇ ॥ ਜਹ ਕਹ ਰਾਖਿ ਲੈਹਿ ਗਲਿ ਲਾਇ ॥ ਨਾਨਕ ਦਾਸ ਤੇਰੀ ਸਰਣਾਈ ॥ ਪ੍ਰਭਿ ਰਾਖੀ ਪੈਜ ਵਜੀ ਵਾਧਾਈ ॥ ੪ ॥ ੫ ॥ (ਪੰਨਾ ੩੭੧)

ਪਹਿਲਾ ਮਤਾ ਪੇਸ਼ ਹੋਇਆ ਕਿ ਬਾਦਸ਼ਾਹ ਨੂੰ ਚਿੱਠੀ ਲਿਖ ਕੇ ਗੱਲ ਸ਼ਾਂਤੀ ਨਾਲ ਨਜਿੱਠ ਲਈ ਜਾਵੇ । ਕੁੱਝ ਸਿੱਖਾਂ ਨੇ ਕਿਹਾ ਕਿ ਚਿੱਠੀਆਂ ਨਾਲ ਗੱਲ ਬਹੁਤੀ ਸਾਫ ਨਹੀਂ ਹੁੰਦੀ ਦੋ ਬੰਦੇ ਭੇਜ ਕੇ ਸੁਲ੍ਹਾ ਸਫਾਈ ਕਰ ਲਈ ਜਾਵੇ । ਇਹ ਗੱਲ ਵੀ ਬਹੁਤਿਆਂ ਦੇ ਪਸੰਦ ਨਾ ਆਈ ਤਾਂ ਤੀਜਾ ਮਤਾ ਪੇਸ਼ ਹੋਇਆ ਕਿ ਸੁਲਹੀ ਨਾਲ ਦੋ ਦੋ ਕਰਾਰੇ ਹੱਥ ਹੀ ਕਰ ਲਏ ਜਾਣ । ਗੁਰੂ ਜੀ ਨੇ ਸਿੱਖਾਂ ਨੂੰ ਸ਼ਾਂਤ ਰਹਿਣ ਅਤੇ ਅਰਦਾਸ ਕਰਨ ਲਈ ਕਿਹਾ

---

[67] ਬਿਧੀ ਚੰਦ ਪਿੰਡ ਸੁਰ ਸਿੰਘ (ਅੰਮ੍ਰਿਤਸਰ) ਦਾ ਛੀਨਾ ਗੋਤ ਦਾ ਜੱਟ ਸੀ । ਇਹ ਵੱਸਣ ਦਾ ਪੁੱਤਰ ਅਤੇ ਭਿੱਖੀ ਦਾ ਪੋਤਾ ਸੀ ਤੇ ਇਸਦੇ ਨਾਨਕੇ ਸਰਹਾਲੀ ਸਨ ।ਬੇਹੱਦ ਦਲੇਰ, ਸੁੰਦਰ ਅਤੇ ਕਦਾਵਰ ਜਵਾਨ ਸੀ । ਭਾਈ ਅਦਲੀ ਦੀ ਪ੍ਰੇਰਨਾ ਨਾਲ ਗੁਰੂ ਦਰਬਾਰ ਵਿਚ ਆਇਆ ਤਾਂ ਕਿਸੇ ਸੂਹੀਏ ਨੇ ਪੁਲਸ ਨੂੰ ਖ਼ਬਰ ਕਰ ਦਿੱਤੀ । ਗੁਰੂ ਜੀ ਦਾ ਡੇਰਾ ਪੁਲਸ ਨੇ ਘੇਰ ਲਿਆ । ਬਿਧੀ ਚੰਦ ਨੇ ਗੁਰੂ ਜੀ ਨੂੰ ਸਹਾਇਤਾ ਲਈ ਬੇਨਤੀ ਕੀਤੀ । ਸਤਿਗੁਰਾਂ ਨੇ ਕਿਹਾ,"ਬਿਧੀ ਚੰਦ ਤੂੰ ਮੇਰਾ ਬਣ ਜਾ" ਸਬੱਬ ਐਸਾ ਬਣਿਆਂ ਕਿ ਸੰਗਤ ਵਿਚ ਬੈਠਾ ਬਿਧੀ ਚੰਦ ਪੁਲਸ ਵਲੋਂ ਪਛਾਣਿਆ ਨਾ ਗਿਆ । ਬਿਧੀ ਚੰਦ ਗੁਰੂ ਜੀ ਦਾ ਹੌਂ ਹੋ ਗਿਆ । ਪਿਛੋਂ ਜਾ ਕੇ ਗੁਰੂ ਹਰਿਗੋਬਿੰਦ ਜੀ ਦਾ ਅਨਿਨ ਸੇਵਕ ਤੇ ਪ੍ਰਸਿੱਧ ਯੋਧਾ ਹੋ ਕੇ ਚਮਕਿਆ।

ਸੁਲਹੀ ਮਾਲਵੇ ਦੇ ਪਿੰਡ ਕੋਠਾ ਤੱਕ ਪਹੁੰਚ ਗਿਆ ਸੀ । ਇਥੇ ਅਚਾਨਕ ਉਸ ਦੇ ਘੋੜੇ ਦੇ ਪੈਰਾਂ ਹੇਠੋਂ ਇਕ ਦਮ ਕਿਸੇ ਪੰਛੀ ਦੇ ਉੱਡਣ ਨਾਲ ਘੋੜਾ ਐਸਾ ਤ੍ਰਿਬਕਿਆ ਕਿ ਸਵਾਰ ਸਮੇਤ ਇੱਕ ਦਗਦੇ ਭੱਠੇ ਵਿਚ ਜਾ ਡਿੱਗਿਆ । ਸੁਲਹੀ ਰਾਖ ਹੋ ਗਿਆ ।[੬੮] ਇਸ ਇਤਿਹਾਸਿਕ ਘਟਨਾ ਨੂੰ ਵੀ ਗੁਰੂ ਜੀ ਨੇ ਸਾਡੇ ਲਈ ਆਪ ਹੀ ਕਲਮਬੰਦ ਕਰ ਦਿੱਤਾ ਹੈ ।

ਬਿਲਾਵਲੁ ਮਹਲਾ ੫ ॥ ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ੧ ॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥ (ਪੰਨਾ ੮੨੫)

ਬਲਾਵਲੁ ਮਹਲਾ ੫ ॥ ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥ ਰਾਖਿ ਲੀਆ ਅਪਨਾ ਸੇਵਕੋ ਮੁਖਿ ਨਿੰਦਕ ਛਾਰੁ ॥ ੧ ॥ ਤੁਝਹਿ ਨ ਜੋਹੈ ਕੋ ਮੀਤ ਜਨ ਤੂੰ ਗੁਰ ਕਾ ਦਾਸ ॥ ਪਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ ॥ ੧ ॥ (ਪੰਨਾ ੮੧੮)

ਉਪਰੋਕਤ ਘਟਨਾ ਵਿੱਚ ਗੁਰੂ ਜੀ ਦਾ ਪ੍ਰਤੀਕਰਮ ਧਿਆਨ ਨਾਲ ਵਾਚੀਏ ਤਾਂ ਪਤਾ ਚਲਦਾ ਹੈ ਕਿ ਗੁਰੂ ਜੀ ਨੇ ਸਰਕਾਰ ਜਾਂ ਸੁਲਹੀ ਖਾਂ ਨੂ ਮਾੜਾ ਨਹੀਂ ਕਿਹਾ ਸਗੋਂ ਨਿੰਦਾ ਕਰਨ ਵਾਲਿਆ ਦੇ ਮੂੰਹ ਸੁਆਹ ਪਾਈ ਹੈ । ਸਪਸ਼ਟ ਹੈ ਕਿ ਇੱਥੇ ਵੀ ਕਿਸੇ ਸ਼ੇਖ ਫ਼ਰੀਦ ਜਾਂ ਮੁਜਦਦੱ ਵਰਗੇ ਚੁਗ਼ਲਖ਼ੋਰ ਦਾ ਹੀ ਹੱਥ ਸੀ । ਸੁਲਹੀ ਦੀ ਘਟਨਾ ਨਾਲ ਦਿੱਲੀ ਦਰਬਾਰ ਅਤੇ ਗੁਰੂ ਜੀ ਵਿਚਕਾਰ ਵਖੇਵਾਂ ਹੋਰ ਵਧ ਗਿਆ ।

ਸ਼ੇਖ ਅਹਿਮਦ ਸਰਹੰਦੀ ਅਤੇ ਉਸ ਦੇ ਸ਼ੇਖ ਫ਼ਰੀਦ ਵਰਗੇ ਕਟੱੜ ਮੁਸਲਮਾਨ ਚੇਲਿਆਂ ਨੇ ਜਹਾਂਗੀਰ ਪਾਸੋਂ ਇਸਲਾਮ ਦੀ ਸਰਦਾਰੀ ਕਾਇਮ ਕਰਨ ਅਤੇ ਹਿੰਦੂ ਧਰਮ ਦਾ ਨਾਸ਼ ਕਰਨ ਲਈ ੧੨ ਹੁਕਮ ਜਾਰੀ ਕਰਵਾਏ ।(ਦੇਖੋ ਤੁਜ਼ਕ ਪੰਨਾ ੪੧) । ਇਨ੍ਹਾ ਵਿਚੋਂ ਦੂਜਾ ਹੁਕਮ ਸੀ, "**ਜਿਨ ਰਾਸਤੋਂ ਮੇਂ ਚੋਰੀ ਔਰ ਡਾਕਾ ਜ਼ਨੀ ਹੋਤੀ ਹੈ ਔਰ ਵੁਹ ਜਗ੍ਹਾ ਆਬਾਦੀ ਸੇ ਦੂਰ ਹੈ ਤੋ ਕੁਰਬੋ-ਜੁਆਰ (ਨੇੜੇ ਤੇੜੇ ਦੇ) ਕੇ ਜਾਗੀਰਦਾਰ ਉਸ ਜੰਗਲ-ਓ-ਮੈਦਾਨ ਮੇਂ ਸਰਾਏ ਮਸਾਜਿਦ (ਮਸਜਿਦਾਂ) ਤਾਮੀਰ ਕਰੇਂ ਔਰ ਕੂਏਂ ਖੁਦਵਾਏਂ ਤਾ ਕਿ ਵਹਾਂ ਪਰ ਲੋਗ ਆਬਾਦ ਹੋਂ**"। ਗੁਰੂ ਸਾਹਿਬ ਦੇ ਵਿਰੋਧੀਆਂ ਨੇ ਲਾਹੌਰ ਦੇ ਕੋਤਵਾਲ ਨੂਰਦੀਨ ਕੁੱਲੀ[੬੯] ਨੂੰ ਚੁੱਕ ਕੇ ਤਰਨ ਤਾਰਨ ਨੇੜੇ ਝਬਾਲ ਵਿੱਚ ਸਰਾਂ ਬਨਵਾਉਣੀ ਸੁਰੂ ਕਰ ਦਿੱਤੀ ।

"ਤਹਾਂ ਨੂਰਦੀ ਤੁਰਕ ਹੰਕਾਰੀ, ਸਿਫਤੀ ਪਰਵਰਦਿਗਾਰ ਵਿਸਾਰੀ॥
ਹੁਤੰ ਤਹਾਂ ਦੇ ਕੋਸ ਅਢਾਈ,ਚਿਨਵਾਵਤ ਸੋ ਅਪਨਿ ਸਰਾਈ "॥੩॥
(ਸੁਰਜ ਪ੍ਰਕਾਸ਼ ਰਾਸ ੩ ਅੰਸ਼ੂ ੬੮)

ਅਸਲ ਵਿੱਚ ਇੱਥੇ ਹੁਣ ਸਰਾਂ ਦੀ ਕੋਈ ਲੋੜ ਹੀ ਨਹੀਂ ਸੀ ਕਿਉਂਕਿ ਗੁਰੂ ਜੀ ਨੇ ਇੱਥੇ ਪੰਜ ਭੱਠੇ ਲਵਾਕੇ ਸ਼ਹਿਰ ਵਸਾਉਣਾ ਪਹਿਲਾਂ ਹੀ ਸ਼ੁਰੂ ਕਰਵਾ ਦਿੱਤਾ ਸੀ ।[੭੦] ਜੰਗਲ ਕਟਵਾ ਦਿਤਾ ਗਿਆ ਸੀ ਤੇ ਚੋਰੀ ਡਾਕੇ ਪਹਿਲਾਂ ਹੀ ਬੰਦ

---

[68] ਅਗਨਿ ਸਾਥ ਤਨ ਭਰਥਾ ਭਯੋ । ਕਿਸ ਤੇ ਨਹੀਂ ਨਿਕਾਸਿਯੋ ਗਯੋ ॥" (ਸੂਰਜ ਪ੍ਰਕਾਸ਼ ੪ ਅੰਸ਼ੂ ੧੮) । ਮਹਾਨ ਕੋਸ਼ ਅਨੁਸਾਰ ਇਹ ਪਿੰਡ ਜੈਤੋ ਰੇਲਵੇ ਸਟੇਸ਼ਨ ਤੋਂ ੧੪ ਮੀਲ ਹੈ ਤੇ ਇਹ ਪਿੰਡ ਪ੍ਰਿਥੀ ਚੰਦ ਨੂੰ ਜਗੀਰ ਵਿੱਚ ਮਿਲਿਆ ਸੀ । ਕੁੱਝ ਲਿਖਾਰੀ ਇਸ ਘਟਨਾ ਨੂੰ ਪਿੰਡ ਹੇਰ੍ਹ (ਜ਼ਿਲਾ ਲਾਹੌਰ) ਨਾਲ ਜੋੜਦੇ ਹਨ ਜੋ ਕਿ ਪ੍ਰਿਥੀ ਚੰਦ ਦਾ ਸਹੁਰਾ ਪਿੰਡ ਸੀ । ਪਰ ਇਹ ਠੀਕ ਨਹੀਂ ਜਾਪਦਾ ।

[69] ਨੂਰ ਦੀਨ ਕੁਲੀ ਲਾਹੌਰ ਦਾ ਕੋਤਵਾਲ ਸੀ ਅਤੇ ਸਰਕਾਰੀ ਭੋਇੰ ( ਖਾਲਸਾ) ਦਾ ਪ੍ਰਬੰਧ ਇਸ ਦੇ ਜ਼ਿੰਮੇ ਸੀ ।

[70] ਜਦ ਅਕਬਰ ਗੁਰੂ ਜੀ ਨੂੰ ਮਿਲਿਆ ਸੀ ਤਾਂ ਗੁਰੂ ਜੀ ਨੇ ਕਿਹਾ ਸੀ , " ਪਿੰਡ ਖਾਹਰੇ (ਜੰਡਿਆਲੇ ਕੋਲ) ਦੇ ਨੇੜੇ ਸੁਰਸਤੀ ਨਦੀ ਦੀ ਕਾਛੜ ਹੈ ਜਿਥੋਂ ਗੁਰੂ ਅਮਰਦਾਸ ਜੀ ਨੇ ਇਕ ਬੂਟੀ ਲਿਜਾ ਕੇ ਗੁਰੂ ਅੰਗਦ ਦੇਵ ਜੀ ਦੇ ਸਰੀਰ ਉੱਪਰ ਫੁਲਬਹਿਰੀ ਦੇ ਨਿਸ਼ਾਨ ਹਟਾਏ ਸਨ । ਇੱਥੇ ਝੱਲ ਜੰਗਲ ਉਗਿਆ ਹੋਇਆ ਹੈ ਤੇ ਚੋਰ ਬਦਮਾਸ਼ ਲੋਕਾਂ ਨੂ ਲੁੱਟ ਲੈਂਦੇ ਹਨ । ਇਸ ਥਾਂ ਖਾਤਰ ਬੁੰਦੇਲ ਖਤਰੀ ਤੇ ਰੰਘੜ੍ਹ ਲੜਦੇ ਰਹਿੰਦੇ ਹਨ । ਜੇ ਕਰ ਇਹ ਥਾਂ ਸਾਨੂੰ ਦਵਾ ਦਿੱਤੀ ਜਾਵੇ ਤਾਂ ਝਗੜਾ ਵੀ ਮੁਕ ਜਾਵੇਗਾ ,ਖੋਹਾਂ ਵੀ ਹਟ ਜਾਣਗੀਆਂ ਅਤੇ ਅਸੀਂ ਅਪਣੇ ਸਤਿਗੁਰਾਂ ਦੀ ਯਾਦ ਵਿਚ

ਹੋ ਚੁੱਕੇ ਸਨ । ਸਰਾਂ ਦੀ ਲੋੜ ਇਸ ਲਈ ਵੀ ਨਹੀਂ ਸੀ ਕਿ ਰਾਹੀ ਪਾਂਧੀ ਗੁਰੂ ਜੀ ਪਾਸ ਹੀ ਟਿਕ ਜਾਂਦੇ ਸਨ । ਗੁਰੂ ਜੀ ਦੇ ਇੱਕ ਅਨਿਨ ਭਗਤ ਭਾਈ ਹੇਮੇ ਨੇ ਤਾਂ ਪਿੰਡ ਖਾਨਪੁਰ ਵਿੱਚ ਅਪਣਾ ਘਰ ਹੀ ਰਾਹੀਆਂ ਲਈ ਖੋਲ੍ਹ ਦਿੱਤਾ ਸੀ ਜਿੱਥੇ ਸਦਾ ਵਰਤ ਲੱਗਾ ਰਹਿੰਦਾ ਸੀ । ਪਰ ਨੂਰ ਦੀਨ ਦੀ ਹੰਕਾਰੀ ਫੌਜ ਨੇ ਉਸ ਦਾ ਘਰ ਵੀ ਢੁਵਾ ਦਿੱਤਾ ।[71] ਸੂਰਜ ਪ੍ਰਕਾਸ਼ ਅਨੁਸਾਰ ਸਿੱਖ ਬਹੁਤ ਕ੍ਰੋਧ ਵਿੱਚ ਆਏ ਪਰ ਗੁਰੂ ਜੀ ਨੇ ਸਭ ਨੂੰ ਸਾਂਤ ਰਹਿਣ ਦਾ ਉਪਦੇਸ਼ ਦਿੱਤਾ ਅਤੇ ਸਿਖਾਂ ਸਮੇਤ ਕੁੱਝ ਸਮੇਂ ਲਈ ਅੰਮ੍ਰਿਤਸਰ ਚਲੇ ਗਏ ।

ਸਿਖਾਂ ਦੀ ਤਿਆਰੀ ਅਤੇ ਅਖੌਤੀ ਬੋਲ ਕਬੋਲ ਦੀਆਂ ਰੀਪਰਟਾਂ ਵਧਾ ਚੜ੍ਹਾ ਕੇ ਜਹਾਂਗੀਰ ਤੱਕ ਪਹੁੰਚਾਈਆਂ ਗਈਆਂ । ਗੁਰੂ ਘਰ ਅਤੇ ਸਰਕਾਰ ਵਿਚਕਾਰ ਦੁਸ਼ਮਨੀ ਸਿਰੇ ਤੇ ਪੁੱਜ ਗਈ ਅਤੇ ਗੁਰੂ ਜੀ ਸਾਫ਼ ਤਾੜ ਗਏ ਕਿ ਸਰਕਾਰੀ ਨੀਤੀ ਦਾ ਰੁਖ ਕਿੱਧਰ ਨੂੰ ਮੋੜਿਆ ਜਾ ਰਿਹਾ ਹੈ । ਮੁਜੱਦਦ ਵਲੋਂ ਉਪ੍ਰੋਕਤ ਘਟਨਾ ਨੂੰ ਗੁਰੂ ਜੀ ਦੀ ਬੇਇਜ਼ੱਤੀ ਸਮਝਿਆ ਗਿਆ ਅਤੇ ਸਬੰਧਤ ਵਿਅਕਤੀਆਂ ਨੂੰ ਬਹੁਤ ਵਡਿਆਇਆ ਗਿਆ । ਮੁਜੱਦਦ ਸਾਹਿਬ ਸਦਰ ਜਹਾਂ ਨੂੰ ਲਿਖੀ ਚਿੱਠੀ ਨੰਬਰ ੧੯੪ ਵਿੱਚ ਲਿਖਦੇ ਹਨ, "**ਇਲਾਮ ਕੇ ਦੁਸ਼ਮਨੋਂ ਕੀ ਖੁਆਰੀ ਕੀ ਬਾਤੇਂ ਸੁਨ ਕਰ ਮੁਸਲਮਾਨੋਂ ਕੇ ਦਿਲੋਂ ਕੋ ਖ਼ੁਸ਼ੀ ਔਰ ਰੂਹ ਕੋ ਤਾਜ਼ਗੀ ਹਾਸਲ ਹੁਈ ਹੈ । ਇਸ ਬਾਤ ਪਰ ਅੱਲ੍ਹਾ ਤੁਆਲਾ ਕੀ ਹਮਦ ਔਰ ਉਸ ਕਾ ਅਹਿਸਾਨ ਹੈ**"। ਮੁਜੱਦਦ ਸਾਹਿਬ ਆਪਣੇ ਅੰਦਰ ਦੀ ਕਦੂਰਤ ਨੂੰ ਇੱਕ ਹੋਰ ਚੇਲੇ ਖ਼ਾਨਿ-ਆਜ਼ਮ ਪਾਸ ਪਰਗਟ ਕਰਦੇ ਲਿਖਦੇ ਹਨ, " **ਪਰੀ ਤੋਂ ਆਪਨਾ ਮੂੰਹ ਛੁਪਾਏ ਰਖੇ ਔਰ ਸ਼ੈਤਾਨ ਕ੍ਰਿਸ਼ਮਾ ਔਰ ਨਾਦ ਦਿਖਾਏ । ਹੈਰਤ ਸੇ ਅਕਲ ਦੰਗ ਰਹਿ ਜਾਤੀ ਹੈ ਕਿ ਯਿਹ ਕਿਆ ਅਜੀਬ ਮੁਆਮਲਾ ਹੈ**" ।

ਅਜਿਹੇ ਜ਼ਹਿਰੀਲੇ ਵਾਯੂਮੰਡਲ ਵਿੱਚ ਇੱਕ ਵਾਰ ਜਦੋਂ ਸ਼ੇਖ ਫ਼ਰੀਦ ਪੰਜਾਬ ਵਿਚੋਂ ਦੀ ਹੁੰਦਾ ਹੋਇਆ ਕਾਂਗੜੇ ਜਾ ਰਿਹਾ ਸੀ ਤਾਂ ਮੁਜੱਦਦ ਨੇ ਇਕ ਲੰਮੀ ਚਿੱਠੀ ਉਸਨੂੰ ਹਿੰਦੂਆਂ ਵਿੱਧ ਕਾਰਵਾਈ ਕਰਨ ਲਈ ਲਿਖੀ । ਮੁਜੱਦਦ ਵਲੋਂ ਗੁਰੂ ਜੀ ਨੂੰ ਕਤਲ ਕਰਵਾਉਣ ਦਾ ਸ਼ਾਇਦ ਇਹ ਆਖਰੀ ਇਸ਼ਾਰਾ ਸੀ । ਉਹ ਲਿਖਦਾ ਹੈ , "**ਮੇਰੀ ਤਮੰਨਾ ਯਿਹੀ ਹੈ ਕਿ ਖ਼ੁਦਾਏ-ਤੁਆਲਾ ਕੇ ਪੈਗ਼ੰਬਰ ਕੇ ਦੁਸ਼ਨੋਂ ਕੇ ਸਾਥ ਸਖ਼ਤੀ ਕੀ ਜਾਏ ਔਰ ਇਨ ਬਦਬਖ਼ਤੋਂ ਕੀ ਅਹਾਨਤ ਕੀ ਜਾਏ ।......ਅਲ੍ਹਾ ਤੁਆਲਾ ਕੇ ਨਜ਼ਦੀਕ ਇਸ ਅਮਲ ਸੇ ਜ਼ਿਆਦਾ ਮਹਿਬੂਬ ਅਮਲ ਔਰ ਕੋਈ ਨਹੀਂ ਹੈ । ਯਹੀ ਵਜਾ ਹੈ ਕਿ ਬਾਰ ਬਾਰ ਆਪ ਕੋ ਇਸ ਪਸੰਦੀਦਾ ਅਮਲ ਕੇ ਲੀਏ ਤਰਗ਼ੀਬ ਦੇ ਰਹਾ ਹੂੰ ਔਰ ਇਸ ਕਾ ਬਜਾ ਲਾਨਾ ਨਿਹਾਇਤ ਜ਼ਰੂਰੀ ਸਮਝਤਾ ਹੂੰ । ਚੂੰਕਿ ਆਪ ਬਜ਼ਾਤਿ-ਖ਼ੁਦ ਵਹਾਂ ਤਸ਼ਰੀਫ਼ ਲੇ ਗਏ ਹੈ ਔਰ ਇਸ ਗੰਦੇ ਮੁਕਾਮ ਔਰ ਵਹਾਂ ਕੇ ਰਹਿਨੇ ਵਾਲੌਂ ਕੀ ਤਹਿਕੀਰ-ਓ-ਅਹਾਨਤ ਕੇ ਲੀਏ ਮੁਕੱਰਰ ਹੂਏ ਹੈਂ ਇਸ ਲੀਏ ਪਹਿਲੇ ਇਸ ਨਿਆਮਤ ਕਾ ਸ਼ੁਕਰੀਆ ਅਦਾ ਕਰਨਾ ਚਾਹੀਏ ............ਜ਼ਾਹਰ-ਓ-ਬਾਤਨ ਮੇਂ ਜਿਸ ਕਦਰ ਹੋ ਸਕੇ ਇਨ ਲੋਗੋਂ ਕੀ ਬਰਬਾਦੀ ਮੇਂ ਕੋਸ਼ਿਸ਼ ਕਰਨੀ ਚਾਹੀਏ .........ਉਮੀਦ ਹੈ ਕਿ ਬਆਜ਼ ਸੁਸਤੀਆਂ ਜੋ ਆਪ ਸੇ ਵਕੂਹ ਮੇਂ ਆਈ ਹੈਂ ਇਸ ਅਮਲ ਸੇ ਇਨ ਕੀ ਤਲਾਫ਼ੀ ਔਰ ਕਫ਼ਾਰਾ ਹੋ ਜਾਏਗਾ । ਬਦਨ ਕੀ ਕਮਜ਼ੋਰੀ ਔਰ ਸਰਦੀ ਕੀ ਸ਼ਿੱਦਤ ਮਾਨਿਆ ਹੈ ਵਰਨਾ ਫ਼ਕੀਰ ਖ਼ੁਦ ਹਾਜ਼ਰਿ-ਖ਼ਿਦਮਤ ਹੋ ਕਰ ਇਸ ਅਮਰ ਕੀ ਤਰਗ਼ੀਬ ਦੇਤਾ**"। (ਚਿਠੀ ਨੰਬਰ ੨੬੯ ਭਾਗ ੧ ਹਿੱਸਾ ਪੰਜਵਾਂ)

ਮੁਜੱਦਦ ਦੀ ਚਿੱਠੀ ਦੇ ਇਹ ਸ਼ਬਦ ਬੜੇ ਸਾਰਥਕ ਹਨ ਕਿ "ਤੁਹਾਡੇ ਪਾਸੋਂ ਜੋ ਬਹੁਤ ਸਾਰੀਆਂ ਸੁਸਤੀਆਂ ਹੋਈਆਂ ਹਨ ਇਹ ਕੰਮ ਕਰਨ ਨਾਲ ਉਨ੍ਹਾਂ ਦਾ ਘਾਟਾ ਪੂਰਾ ਹੋ ਜਾਵੇਗਾ" ਸਪਸ਼ਟ ਹੈ ਕਿ ਇਹ ਇਸ਼ਾਰੇ ਕਿਸ ਵੱਲ ਕੀਤੇ ਜਾ ਰਹੇ ਸਨ । ਕਾਂਗੜੇ ਦਾ ਦੌਰਾ ਕਰ ਕੇ ਸ਼ੇਖ ਫ਼ਰੀਦ ਦਿੱਲੀ ਪੁੱਜ ਗਿਆ ਪਰ ਗੁਰੂ ਜੀ ਨਾਲ ਉਸ ਨੇ ਕੋਈ ਭੈੜਾ ਵਰਤਾਉ ਨਾ ਕੀਤਾ । ਉਸ ਨੇ ਜਹਾਂਗੀਰ ਪਾਸ ਕੀ ਰੀਪੋਰਟ ਲਿਖਵਾਈ ਇਸ ਦਾ ਵੇਰਵਾ ਕਿਧਰੇ ਨਹੀਂ ਮਿਲਦਾ । ਜਾਪਦਾ ਹੈ ਕਿ

---

ਇੱਥੇ ਮੰਦਰ ਵੀ ਉਸਾਰ ਸਕਾਂਗੇ" ਅਕਬਰ ਨੂੰ ਇਹ ਗੱਲ ਬਹੁਤ ਪਸੰਦ ਆਈ ਅਤੇ ਉਸ ਨੇ ਇੱਕ ਲੱਖ ਸਤਵੰਜਾ ਹਜ਼ਾਰ ਰੁਪਏ ਵਿਚੋਂ ਇਸ ਥਾਂ ਦੀ ਮਾਲਕੀ ਗੁਰੂ ਅਰਜਨ ਦੇਵ ਜੀ ਨੂੰ ਦਵਾ ਦਿੱਤੀ । ਭਾਈ ਵੀਰ ਸਿੰਘ ਜੀ ਇਹ ਰਕਮ ਸਵਾ ਲੱਖ ਰੁਪਏ ਲਿਖਦੇ ਹਨ (ਦੇਖੋ ਚਮਤਕਾਰ ਭਾਸ਼ਾ ਵਿਭਾਗ ਪੰਨਾ ੧੨੪੭) । ਹਿੰਦੂਆਂ ਤੇ ਮੁਸਲਮਾਨਾਂ ਦਾ ਰਲ ਕੇ ਇੱਥੇ ਮੰਦਰ ਉਸਾਰਨਾ ਸਥਾਨਕ ਮੁਸਲਮਾਨਾਂ ਅਤੇ ਜਹਾਂਗੀਰ ਨੂੰ ਚੁਭਦਾ ਸੀ ।

[71] ਭਾਈ ਵੀਰ ਸਿੰਘ ਜੀ (ਚਮਤਕਾਰ ਪੰਨਾ ੧੨੪੭ )

ਉਸਨੂੰ ਕੋਈ ਤਸੱਲੀ ਬਖਸ਼ ਬਹਾਨਾ ਗੁਰੂ ਜੀ ਨੂੰ ਕਤਲ ਕਰਵਾਉਣ ਦਾ ਨਾ ਲੱਭਾ ਜਿਸ ਨਾਲ ਗੁਰੂ ਜੀ ਨੂੰ ਕਤਲ ਵੀ ਕਰਵਾ ਦਿੱਤਾ ਜਾਂਦਾ ਤੇ ਜੰਤਾ ਵਿੱਚ ਵਿਰੋਧ ਦੀ ਅਗਨੀ ਵੀ ਨਾ ਭੜਕਦੀ ।

## ੩.੩ ਵਿਰੋਧੀਆਂ ਵਲੋਂ ਵਿਰੋਧਤਾ ਜਾਰੀ

ਮਜੁੱਦਦ ਆਦਿਕ ਵਲੋਂ ਹੋ ਰਹੀ ਵਿਰੋਧਤਾ ਦੇ ਨਾਲ ਨਾਲ ਗੁਰੂ ਜੀ ਦੇ ਭਰਾਤਾ ਪ੍ਰਿਥੀ ਚੰਦ ਵੀ ਗੁਰੂ ਜੀ ਵਿਰੁੱਧ ਸ਼ਕਾਇਤਾਂ ਕਰ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਗੁਰ ਗੱਦੀ ਨਹੀਂ ਸੀ ਮਿਲੀ । ਸੰਭਵ ਹੈ ਕਿ ਉਹ ਵੀ ਪੰਜਾਬ ਆਏ ਸ਼ੇਖ ਫ਼ਰੀਦ ਨੂੰ ਮਿਲੇ ਹੋਣ । ਸਤਿਗੁਰੂ ਜੀ ਨੇ ਮੌਕੇ ਦੀ ਨਜ਼ਾਕਤ ਨੂੰ ਸਮਝਦਿਆ ਭਾਈ ਗੁਰਦਾਸ ਨੂੰ ਭੇਜ ਕੇ ਪ੍ਰਿਥੀ ਚੰਦ ਨੂੰ ਸਮਝਾਉਣ ਦਾ ਯਤਨ ਕੀਤਾ।

"ਨਿਕਟ ਬੁਲਾਵਣ ਕੀਨ ਤਬਿ ਭਾਈ ਗੁਰਦਾਸੁ ॥ ਸਮਝਾਈ ਸਭ ਵਾਰਤਾ ਬੈਠਾਏ ਸੁ ਪਾਸੁ ॥
ਸੁਨ ਕਰ ਕਟ ਜਸ ਪਿਰਥੀਆ ਬਚ ਊਚੇ ਭਾਖਾ ॥ ਚਲੇ ਜਾਹੁ ਬੋਲੋ ਨਹੀਂ ਮੈਂ ਆਦਰ ਰਾਖਾ" ॥
(ਸੂਰਜ ਪ੍ਰਕਾਸ਼ ਰਾਸ ੩ ਅੰਸ਼ੂ ੨੪)

ਭਾਈ ਸਾਹਿਬ ਅਪਣੇ ਯਤਨਾਂ ਵਿੱਚ ਕਾਮਯਾਬ ਨਾ ਹੋਏ । ਇਸ ਦਾ ਜ਼ਿਕਰ ਭਾਈ ਸਾਹਿਬ ਇਸ ਤਰਾਂ ਕਰਦੇ ਹਨ:

"ਤੀਰਥ ਮੰਝ ਨਿਵਾਸ ਹੈ ਬਗਲਾ ਅਪਤੀਣਾ ॥ ਲਵੈ ਬਬੀਹਾ ਵਰਸਦੈ ਜਲ ਜਾਏ ਨਪੀਣਾ ॥
ਬਾਂਸ ਸੁਗੰਧ ਨਾ ਹੋਵਈ ਪਰਮਲ ਸੰਗ ਲੀਣਾ ॥ ਘੁਘੂ ਸੁਝ ਨਾ ਸੁਝਈ ਕਰਮਾਂ ਦਾ ਹਣਿਾ ॥
ਨਾਭਿ ਕਥੂਰੀ ਮਿਰਗ ਦੇ ਵੱਤੇ ਉਡੀਣਾ ॥ ਸਤਿਗੁਰ ਸੱਚਾ ਪਾਤਸ਼ਾਹ ਮੂੰਹਿ ਕਾਲੇ ਮੀਣਾ ॥[72]

ਅਰਥ:- ਬਗਲਾ ਭਾਵੇਂ ਹਮੇਸ਼ਾ ਤੀਰਥਾਂ ਉੱਪਰ ਰਹਿੰਦਾ ਹੈ ਪਰ ਉਸ ਦੀ ਭੁੱਖ ਨਹੀਂ ਮਿਟਦੀ । ਬਬੀਹਾ ਉਦੋਂ ਵੀ ਤਰਲੋ ਮੱਛੀ ਹੋ ਰਿਹਾ ਹੁੰਦਾ ਹੈ ਜਦੋਂ ਆਲੇ ਦੁਆਲੇ ਹੜ੍ਹ ਆ ਗਏ ਹੋਣ । ਬਾਂਸ ਭਾਵੇਂ ਚੰਦਨ ਦੇ ਨਾਲ ਲੱਗਾ ਰਹੇ ਉੱਸ ਦੀ ਸੁਗੰਧੀ ਤੋਂ ਪ੍ਰਭਾਵਤ ਨਹੀਂ ਹੁੰਦਾ । ਘੁਗੂ ਦੀ ਕਿਸਮਤ ਕਿੰਨੀ ਮਾੜੀ ਹੈ ਕਿ ਹਰ ਪਾਸੇ ਪ੍ਰਕਾਸ਼ ਹੁੰਦਿਆਂ ਵੀ ਉਸਨੂੰ ਦਿਸਦਾ ਨਹੀਂ । ਮਿਰਗ ਦੀ ਨਾਭੀ ਵਿੱਚ ਕਸਤੂਰੀ ਹੁੰਦੀ ਹੈ ਪਰ ਉਹ ਉਸ ਨੂੰ ਏਧਰ ਉੱਧਰ ਲਭਦਾ ਫਿਰਦਾ ਹੈ ।(ਇਹੋ ਹਾਲ ਪਿਰਥੀ ਚੰਦ ਦਾ ਹੈ ) ਉਸ ਦੇ ਘਰ ਸੱਚਾ ਸਤਿਗੁਰੂ ਹੈ ਪਰ ਫੇਰ ਵੀ (ਪਾਪਾਂ ਦੇ ਕਾਰਨ) ਉਸਨੇ ਆਪਣੇ ਮੂੰਹ ਤੇ ਕਾਲਖ ਹੀ ਮਲਣੀ ਮਿਥੀ ਹੋਈ ਹੈ ।

## ੩.੪ ਸ਼ਹਿਜ਼ਾਦਾ ਖੁਸਰੋ ਦੀ ਬਗ਼ਾਵਤ

ਅਸੀਂ ਪਿੱਛੇ ਲਿਖ ਆਏ ਹਾਂ ਕਿ ਖ਼ੁਸਰੋ (ਜੋ ਉਦੋਂ ਸਿਫ਼ ੧੩ ਸਾਲ ਦਾ ਸੀ) ਨੂੰ ਤਖਤ ਨਾ ਮਿਲਿਆ ਅਤੇ ਜਹਾਂਗੀਰ ਨੇ ਖੁਸਰੋਂ ਵਲੋਂ ਖ਼ਤਰਾ ਭਾਂਪਦਿਆ ਖੁਸਰੋ ਨੂੰ ਆਗਰੇ ਦੇ ਕਿਲ੍ਹੇ ਵਿੱਚ ਬੰਦ ਕਰ ਦਿੱਤਾ ਸੀ ਅਤੇ ਉਸਦੇ ਕਿਲ੍ਹੇ ਤੋਂ ਬਾਹਰ ਨਿੱਕਲਣ ਤੇ ਪਾਬੰਦੀ ਲਾ ਦਿੱਤੀ ਗਈ ਸੀ । ਖ਼ੁਸਰੋ ਨੂੰ ਇਹ ਗ਼ਲਤਫ਼ਹਿਮੀ ਅਜੇ ਵੀ ਸੀ ਕਿ ਉਸਦਾ ਪੱਖ ਭਾਰਾ ਹੈ ਤੇ ਜੇ ਕਰ ਉਹ ਕਿਲ੍ਹੇ ਵਿਚੋਂ ਨਿਕਲ ਤੁਰੇ ਤਾਂ ਫ਼ੌਜਾਂ ਉਸ ਦੀ ਮਦਦ ਲਈ ਆਕੀ ਹੋ ਜਾਣਗੀਆਂ । ਕੁੱਝ ਅਮੀਰ ਵਜ਼ੀਰ ਵੀ ਅੰਦਰੋਂ ਅੰਦਰੀ ਖੁਸਰੋ ਨੂੰ ਬਗ਼ਾਵਤ ਲਈ ਉਕਸਾ ਰੇ ਸਨ।ਇਹ ਗੱਲ ਜਹਾਂਗੀਰ ਆਪ ਵੀ ਮੰਨਦਾ ਹੈ ਅਤੇ ਲਿਖਦਾ

---

[72] ਉਪ੍ਰੋਕਤ ਟੂਕ ਵਿੱਚ "ਮੀਣਾ" ਸ਼ਬਦ ਪਹਿਲੀ ਵਾਰ ਪ੍ਰਿਥੀ ਚੰਦ ਲਈ ਵਰਤਿਆ ਗਿਆ ਹੈ ॥ ਅਜ ਤੱਕ ਪ੍ਰਿਥੀ ਚੰਦ ਦੇ ਅਨੁਯਾਈਆਂ ਨੂੰ ਮੀਣਾ ਕਹਿ ਕੇ ਹੀ ਪੁਕਾਰਿਆ ਜਾਂਦਾ ਹੈ । ਭਾਈ ਗੁਰਦਾਸ ਜੀ ਇਹੋ ਸ਼ਬਦ ਪ੍ਰਿਥੀਏ ਲਈ ਕਈ ਹੋਰ ਥਾਈਂ ਵੀ ਵਰਤਦੇ ਹਨ ॥ ਦੇਖੋ ਵਾਰ ੨੬ ਪਉੜੀ ੩੩ " ਮੀਣਾ ਹੋਇਆ ਪ੍ਰਿਥੀਆਂ, ਕਰ ਕਰ ਤੋਢਕ ਬਰਲ ਚਲਾਇਆ" ॥੫॥

ਹੈ,"**ਬਾਅਜ਼ ਗਰਜ਼ਮੰਦ ਔਰ ਖ਼ੁਸ਼ਾਮੰਦੀ ਦਰਬਾਰੀ ਖ਼ੁਸਰੋ ਕੋ ਤਖ਼ਤਿ-ਸਲਤਨਤ ਪਰ ਬਠਾਨਾ ਚਾਹਤੇ ਥੇ।**............ ......**ਆਖ਼ਰਕਾਰ ਕੁੱਛ ਬਦਜ਼ਨੋਂ ਕੇ ਸਲਾਹ-ਓ-ਮਸ਼ਵਰਾ ਸੇ ਬਤਾਰੀਖ਼ ੮ ਜ਼ੀ-ਉਲ-ਹੱਜ ੧੦੧੫ (੬ ਅਪ੍ਰੈਲ ੧੬੦੬) ਇਤਵਾਰ ਕੀ ਰਾਤ ਕੋ ਦੋ ਘੜੀ ਗੁਜ਼ਰਨੇ ਕੇ ਬਾਅਦ ਸ਼ਹਿਨਸ਼ਾਹ ਅਕਬਰ ਕੇ ਮਕਬਰੇ ਕੀ ਜ਼ਿਆਰਤ ਕਾ ਬਹਾਨਾ ਬਨਾ ਕਰ ਅਪਨੇ ਸਾਥੀਓਂ ਸੇ ਮੁਲਾਕਾਤ ਕੇ ਲੀਏ ੩੫੦ ਸਵਾਰੋਂ ਕੇ ਆਗੇ ਆਗਰੇ ਕੇ ਕਿਲ੍ਹੇ ਸੇ ਰਵਾਨਾ ਹੂਆ ।"**

ਖ਼ੁਸਰੋ ਦੇ ਭੱਜਣ ਦੀ ਖ਼ਬਰ ਇਕ ਮਸ਼ਾਲਚੀ ਨੇ ਤੁਰਤ ਵਜ਼ੀਰ-ਉਲ-ਮਲਕ ਤੱਕ ਪਹੁੰਚਾ ਦਿੱਤੀ ਤੇ ਉਥੋਂ ਉੱਸੇ ਵੇਲੇ ਇਹ ਖ਼ਬਰ ਜਹਾਂਗੀਰ ਤਕ ਪਹੁੰਚਾਉਣ ਲਈ ਇੱਕ ਤੇਜ਼ ਰਫ਼ਤਾਰ ਸਵਾਰ ਦੌੜਾ ਦਿੱਤਾ ਗਿਆ । ਜਹਾਂਗੀਰ ਨੇ ਖ਼ਬਰ ਮਿਲਦੇ ਸਾਰ ਹੀ ਖ਼ੁਸਰੋ ਦੇ ਟਾਕਰੇ ਲਈ ਇੱਕ ਮੁਹਿੰਮ ਸ਼ੇਖ ਫ਼ਰੀਦ ਦੀ ਸਰਦਾਰੀ ਹੇਠ ਤੋਰ ਦਿੱਤੀ ਅਤੇ "**ਜਿਤਨੇ ਮਨਸਬਦਾਰ ਅਹਿਦੀ ਵਹਾਂ ਮੌਜੂਦ ਥੇ ਵੁਹ ਸਭ ਉਸ ਕੇ ਸਾਥ ਰਵਾਨਾ ਕੀਏ**"(ਤੁਜ਼ਕ ਪੰਨਾ ੬੭) । ਜਹਾਂਗੀਰ ਆਪ ਵੀ ਦਿਨ ਚੜ੍ਹਦੇ ਸਾਰ ਹੀ ਫ਼ੌਜ ਲੈ ਕੇ ਪਿੱਛੇ ਚਲਾ ਗਿਆ । ਇੰਨੇ ਸਮੇਂ ਵਿੱਚ ਦੋਸਤ ਮੁਹੰਮਦ ਖ਼ਾਂ ਬਕਾਵਲ ਅਤੇ ਅਹਿਮਦ ਬੇਗ ਖ਼ਾਂ ਖ਼ੁਸਰੋ ਦੀ ਮਦਦ ਲਈ ਸਕੰਦਰਾ ਦੇ ਕੋਲ ਉਸ ਨਾਲ ਆ ਮਿਲੇ  ਤੇ ਖ਼ੁਸਰੋ ਦਾ ਵਿਚਾਰ ਬੰਗਾਲ ਜਾ ਕੇ ਰਾਜਾ ਮਾਨ ਸਿੰਘ ਦੀ ਸਹਾਇਤਾ ਲੈਣ ਦਾ ਬਣਿਆ ਪਰ ਅਹਿਮਦ ਬੇਗ ਦੀ ਸਲਾਹ ਮੰਨ ਕੇ ਉਸ ਨੇ ਪੰਜਾਬ ਦਾ ਰੁਖ ਕੀਤਾ । ਖ਼ੁਸਰੋ ਦਾ ਵੱਡਾ ਹਮਾਇਤੀ ਮਿਰਜ਼ਾ ਸ਼ਾਹ ਰੁਖ ਦਾ ਪੁੱਤਰ ਮਿਰਜ਼ਾ ਹਸਨ ਸੀ ਜੋ ਵਾਹੋ ਦਾਹੀ ਖ਼ੁਸਰੋ ਦੀ ਮਦਦ ਲਈ ਆ ਰਿਹਾ ਸੀ ਪਰ ਜਹਾਂਗੀਰ ਨੇ ਰਸਤੇ ਵਿੱਚ ਹੀ ਉਸ ਨੂੰ ਗ੍ਰਿਫ਼ਤਾਰ ਕਰਵਾ ਲਿਆ ਤੇ ਉਸ ਦੀ ਫ਼ੌਜ ਨੂੰ ਮਾਰ ਕੇ ਭਜਾ ਦਿੱਤਾ ।  ਖ਼ੁਸਰੋ ਦਾ ਇੱਕ ਹੋਰ ਹਮਾਇਤੀ ਹਸਨ ਬੇਗ ਬਦਖਸ਼ਾਨੀ ਫੌਜ ਸਮੇਤ ਮਥਰਾ ਦੇ ਨੇੜੇ ਖ਼ੁਸਰੋ ਨਾਲ ਆ ਮਿਲਿਆ । ਮੰਗਲਵਾਰ ੮ ਅਪ੍ਰੈਲ ਨੂੰ ਜਹਾਂਗੀਰ ਹੋਡਲ ਪਹੁੰਚਿਆ । ਇੱਥੋਂ ਉਸ ਨੇ ਦੋਸਤ ਮੁਹੰਮਦ ਖਾਂ ਨੂੰ ਆਗਰੇ ਦਾ ਪ੍ਰਬੰਧ ਸੰਭਾਲਣ ਲਈ ਰਵਾਨਾ ਕੀਤਾ । ਇੱਥੇ ਹੀ ਉਸ ਨੇ ਅਪਣੇ ਭਤੀਜਿਆਂ ਤੇ ਹੋਰਨਾਂ ਰਿਸ਼ਤੇਦਾਰਾਂ ਨੂੰ ਕੈਦ ਕਰਨ ਦਾ ਹੁਕਮ ਦਿੱਤਾ ਤੇ ਹੁਕਮ ਵਿੱਚ ਲਿਖਆ, "**ਜਬ ਇਸ ਕਿਸਮ ਕੀ ਹਰਕਤ ਹਕੀਕੀ ਬੇਟਾ ਕਰ ਸਕਤਾ ਹੈ ਤੋ ਭਤੀਜੋਂ ਔਰ ਚਚਾਜ਼ਾਦ ਭਾਇਓਂ ਸੇ ਕਿਆ ਬਈਦ ਹੈ**"  (ਤੁਜ਼ਕ ਪੰਨਾ ੭੦)

੯ ਅਪ੍ਰੈਲ ਨੂੰ ਜਹਾਂਗੀਰ ਪਲਵਲ ਅਤੇ ੧੦ ਅਪ੍ਰੈਲ ਨੂੰ ਸਰਾਏ ਨਰੇਲਾ ਪੁੱਜਾ । ਇੱਥੇ ਉਸ ਨੂੰ ਸੂੰਹ ਮਿਲੀ ਕਿ ਉਸ ਦੇ ਕੁੱਝ ਸਾਥੀ" **ਅੰਦਰੂਨੀ ਤੌਰ ਪਰ ਖ਼ੁਸਰੋ ਸੇ ਮਿਲੇ ਹੂਏ ਹੈਂ । ਮੈਂ ਨੇ ਸੋਚਾ ਕਿ ਇਨਕੇ ਦਿਲੋਂ ਮੇਂ ਮੇਰੀ ਤਰਫ਼ ਸੇ ਬੇਗੁਮਾਨੀ ਨਾ ਹੋ ਜਾਏ । ਮੈਂ ਨੇ ਉਨਕੇ ਸਰਦਾਰੋਂ ਕੋ ਦੋ ਦੋ ਹਜ਼ਾਰ ਰੁਪਿਆ ਤਕਸੀਮ ਕੀਆ ਕਿ ਵੁਹ ਅਪਨੇ ਅਪਨੇ ਆਦਮਿਉਂ ਮੇਂ ਤਕਸੀਮ ਕਰ ਦੇਂ**" ( ਤੁਜ਼ਕ ਪੰਨਾ ੭੦)

ਪਾਣੀਪਤ ਪੁੱਜਣ ਤੇ ਜਹਾਂਗੀਰ ਨੂੰ ਪਤਾ ਲਗਾ ਕਿ ਪਾਣੀਪਤ ਦਾ ਫ਼ੌਜਦਾਰ ਦਲਾਵਰ ਖਾਂ ਫ਼ੌਜ ਸਮੇਤ ਦੌੜ ਗਿਆ ਹੈ । ਇਸ ਗੱਲ ਦੀ ਸ਼ੱਕ ਹੀ ਰਹੀ ਕਿ ਉਹ ਖ਼ੁਸਰੋ ਦੀ ਮਦਦ ਲਈ ਗਿਆ ਹੈ ਜਾਂ ਉਸਦਾ ਮੁਕਾਬਲਾ ਕਰਨ ਲਈ । ਅਗਲੇ ਦਿਨ ਜਹਾਂਗੀਰ ਕਰਨਾਲ ਪੁੱਜਾ । ਇੱਥੇ ਉਸ ਦੇ ਸਾਹਮਣੇ ਸ਼ੇਖ ਨਜ਼ਾਮ ਥਾਨੇਸਰੀ ਨੂੰ ਪੇਸ਼ ਕੀਤਾ ਗਿਆ ਜਿਸ ਨੇ ਕਿ ਖ਼ੁਸਰੋ ਦੀ ਮਦਦ ਕੀਤੀ ਸੀ । ਨਿਜ਼ਾਮ ਥਾਨੇਸਰੀ ਨੇ ਦਲੇਰੀ ਨਾਲ ਸਾਫ਼ ਸਾਫ਼ ਖ਼ੁਸਰੋ ਦੀ ਹਮਾਇਤ ਕਰਨ ਦਾ ਦੋਸ਼ ਮੰਨ ਲਿਆ । ਜਹਾਂਗੀਰ ਨੇ ਉਸ ਨੂੰ ਸਜ਼ਾ ਦੇ ਤੌਰ ਤੇ ਮੱਕੇ ਜਾ ਕੇ ਰਹਿਣ ਲਈ ਭੇਜ ਦਿੱਤਾ।

੨੦ ਅਪ੍ਰੈਲ ਨੂੰ ਖ਼ੁਸਰੋ ਦੇ ਪੰਜ ਸਾਥੀ ਫੜੇ ਗਏ। ਇਨ੍ਹਾਂ ਵਿਚੋਂ ਦੋ ਜਹਾਂਗੀਰ ਦੇ ਸਾਹਮਣੇ ਹਾਥੀਆਂ ਹੇਠ ਲਿਤਾੜੇ ਗਏ ਤੇ ਤਿੰਨਾਂ ਨੂੰ ਕੈਦ ਕਰ ਕੇ ਪੁੱਛ ਪੜਤਾਲ ਲਈ ਰੱਖਿਆ ਗਿਆ । ਉੱਧਰ ਖ਼ੁਸਰੋ ਨੂੰ ਵੀ ਅਪਣੇ ਪਿੱਛੇ ਫ਼ਰੀਦ ਤੇ ਜਹਾਂਗੀਰ ਦੇ ਭਾਰੀ ਲਸ਼ਕਰ ਪੁੱਜਣ ਦਾ ਡਰ ਸੀ । ਉਸਨੇ ਫੁਰਤੀ ਨਾਲ ਲਾਹੌਰ ਪੁੱਜ ਕੇ ੧੭ ਅਪ੍ਰੈਲ ੧੬੦੬ ਨੂੰ ਲਾਹੌਰ ਤੇ ਕਬਜ਼ਾ ਕਰ ਲਿਆ ਅਤੇ ਸ਼ਹਿਰ ਦੇ ਦਰਵਾਜ਼ਿਆਂ ਨੂੰ ਅੱਗ ਲਗਵਾ ਦਿੱਤੀ ।ਪਾਣੀਪਤ ਦੇ ਫੌਜਦਾਰ ਦਿਲਾਵਰ ਖਾਂ ਨੇ ਖ਼ੁਸਰੋ ਦਾ ਡਟ ਕੇ ਮੁਕਾਬਲਾ ਕੀਤਾ। ੬ ਦਿਨ ਸ਼ਹਿਰ ਘੇਰੇ ਵਿਚ ਰਿਹਾ ਤੇ ਬਾਹਰਲੀਆਂ ਆਬਾਦੀਆਂ ਨੂੰ ਖ਼ੁਸਰੋ ਦੇ ਸਾਥੀਆਂ ਨੇ ਲੁੱਟ ਲਿਆ । ਐਨ ਉਸ ਵੇਲੇ ਜਦੋਂ ਕਿ ਦਿਲਾਵਰ ਖਾਂ ਹਥਿਆਰ ਸੁੱਟਣ ਵਾਲਾ ਹੀ ਸੀ ਕਸ਼ਮੀਰ ਦਾ ਫੌਜਦਾਰ ਸਯੱਦ ਖਾਂ ਉਸਦੀ ਮਦਦ ਲਈ ਪਹੁੰਚ ਗਿਆ ਜਿਸ ਕਾਰਨ ੨੩ ਅਪ੍ਰੈਲ ਨੂੰ ਖ਼ੁਸਰੋ ਨੂੰ ਸ਼ਹਿਰ ਦਾ ਘੇਰਾ ਚੁੱਕਣਾ ਪਿਆ। ਇਸ ਘਟਨਾ ਦੀ ਇਤਲਾਹ ਕਾਜ਼ੀ ਅਲੀ ਦੀ ਸਰਾਂ ਵਿੱਚ ਜਹਾਂਗੀਰ ਨੂੰ ਮਿਲੀ । ਉਸਨੇ ਮੀਂਹ ਪੈਂਦੇ

ਵਿੱਚ ਹੀ ਫੌਜ ਨੂੰ ਕੂਚ ਦਾ ਹੁਕਮ ਦੇ ਦਿੱਤਾ ਤੇ ਦਿਨ ਚੜ੍ਹਦੇ ਨੂੰ ਉਹ ਸੁਲਤਾਨਪੁਰ ਪੁੱਜ ਗਿਆ । ਅਜੇ ਕੁੱਝ ਖਾਣ ਹੀ ਲੱਗਾ ਸੀ ਕਿ ਸ਼ੇਖ ਫ਼ਰੀਦ ਦੀ ਫੌਜ ਨਾਲ ਖੁਸਰੋ ਦੀ ਟੱਕਰ ਦੀ ਖ਼ਬਰ ਮਿਲੀ । ਜਹਾਂਗੀਰ ਕੇਵਲ ੫੦ ਸਵਾਰਾਂ ਨਾਲ ਹੀ ਲਾਹੌਰ ਵੱਲ ਉੱਠ ਨੱਠਾ । ਗੋਇੰਦਵਾਲ ਤੱਕ ਪੁੱਜਦੇ ਪੁੱਜਦੇ ਉਸ ਨਾਲ ੫੦੦ ਸਵਾਰ ਹੋਰ ਆ ਰਲੇ । ਗੋਇੰਦਵਾਲ ਵਿੱਚ ਹੀ ਖ਼ੁਸਰੋ ਦੇ ਦੋ ਖੁਆਜਾ ਸਿਰਾ ਗ੍ਰਿਫਤਾਰ ਹੋ ਕੇ ਪੇਸ਼ ਹੋਏ । ਜਦ ਜਹਾਂਗੀਰ ਗੋਇੰਦਵਾਲ ਤੋਂ ਦਰਿਆ ਦਾ ਪੁਲ ਪਾਰ ਕਰ ਰਿਹਾ ਸੀ ਤਾਂ ਉਸ ਨੂੰ ਇੱਕ ਖ਼ੁਸ਼ੀ ਦੀ ਖ਼ਬਰ ਮਿਲੀ ਕਿ ਖ਼ੁਸਰੋ ਨੂੰ ਘੇਰ ਲਿਆ ਗਿਆ ਹੈ ।

ਖ਼ੁਸਰੋ ਨੇ ਲਾਹੌਰ ਦਾ ਘੇਰਾ ਛੱਡਿਆ ਹੀ ਸੀ ਕਿ ਉਸਨੂੰ ਤਿੰਨ ਫੌਜਾਂ ਦਾ ਟਾਕਰਾ ਕਰਨਾ ਪਿਆ । ਉਹ ਪਿੱਛੇ ਹਟਣਾ ਸ਼ੁਰੂ ਹੋ ਗਿਆ । ਅਜੇ ਉਹ ਕਾਬਲ ਵੱਲ ਦੌੜਨ ਦੀਆਂ ਸਕੀਮਾਂ ਹੀ ਬਣਾ ਰਿਹਾ ਸੀ ਕਿ ਝਬਾਲ ਦੇ ਨੇੜੇ ਸ਼ੇਖ ਫ਼ਰੀਦ ਦੀ ਫ਼ੌਜ ਨੇ ਉਸ ਉੱਪਰ ਇੱਕ ਜ਼ਬਰਦਸਤ ਹਮਲਾ ਕਰ ਦਿੱਤਾ । ੨੫ ਅਪ੍ਰੈਲ ਨੂੰ ਇਸ ਝੜੱਪ ਵਿੱਚ ਖ਼ੁਸਰੋ ਦੀ ਫ਼ੌਜ ਤਿੱਤਰ ਬਿੱਤਰ ਹੋ ਗਈ । ਤੁਜ਼ਕਿ ਜਹਾਂਗੀਰੀ ਦੇ ਪੰਨਾ ੭੪ ਤੇ ਜਹਾਂਗੀਰ ਲ਼ਿਖਦਾ ਹੈ , "**ਜਬ ਮੈਂ ਇਸ ਪੁਲ (ਗੋਇੰਦਵਾਲ ਦਾ ਪੁਲ) ਕੋ ਪਾਰ ਕਰ ਰਹਾ ਥਾ ਤੋ ਸ਼ਮਸ਼ੀ ਤੋਸ਼ਕੀ ਨੇ ਸਭ ਸੇ ਪਹਿਲੇ ਮੁਝੇ ਖ਼ੁਸਰੋ ਪਰ ਸ਼ਾਹੀ ਫ਼ੌਜ ਕੀ ਫ਼ਤਹਿਯਾਬੀ ਕੀ ਖ਼ਬਰ ਸੁਨਾਈ**"।

ਉਜ਼ਬੈਕਾਂ ਤੋਂ ਮਦਦ ਦੀ ਆਸ ਰੱਖ ਕੇ ਖ਼ੁਸਰੋ ਕਾਬਲ ਵੱਲ ਉੱਠ ਨੱਸਿਆ । ਮਹਾਬਤ ਖਾਂ, ਅਲੀ ਅਕਬਰ ਤੇ ਰਾਜਾ ਬਾਸੂ ਦੀਆਂ ਫ਼ੌਜਾਂ ਨੇ ਖ਼ੁਸਰੋ ਦਾ ਪਿੱਛਾ ਕੀਤਾ । ਜਹਾਂਗੀਰ ਖ਼ੁਦ ੨੬ ਅਪ੍ਰੈਲ ਨੂੰ ਝਬਾਲ ਪੁੱਜ ਗਿਆ । ਇਸ ਦਿਨ ਹੀ ਖ਼ਸਰੋ ਤੇ ਉਸਦੀ ਫੋਜ ਦੇ ਬਚੇ ਖੁਚੇ ਸਿਪਾਹੀ ਝਨਾ ਦੇ ਕਿਨਾਰੇ ਪੁੱਜ ਗਏ । ਇੱਥੇ ਉਸਦੀ ਭਾਰਤੀ ਫੌਜ ਨੇ ਕਾਬਲ ਜਾਣ ਤੋਂ ਇਨਕਾਰ ਕਰ ਦਿੱਤਾ।

ਖ਼ੁਸਰੋ ਨੇ ਹੁਸੈਨ ਬੇਗ ਸਮੇਤ ਸ਼ਾਹਪੁਰ ਤੋਂ ਝਨਾਂ ਪਾਰ ਕਰਨ ਦੀ ਸਕੀਮ ਬਣਾਈ । ਇਸ ਵੇਲੇ ਤੱਕ ਸਭ ਪਿੰਡਾਂ ਵਿੱਚ ਖ਼ੁਸਰੋ ਦੇ ਭੱਜਣ ਦੀ ਡੌਂਡੀ ਪਿਟਵਾ ਦਿੱਤੀ ਗਈ ਸੀ । ਖ਼ੁਸਰੋ ਤੇ ਉਸ ਦੇ ਸਾਥੀ ਘਾਹ ਦੀਆਂ ਭਰੀਆਂ ਹੋਈਆਂ ਕਿਸ਼ਤੀਆਂ ਵਿਚ ਲੁਕ ਕੇ ਦਰਿਆ ਪਾਰ ਕਰ ਰਹੇ ਸਨ ਕਿ ਕਲੂਣ ਨਾਂ ਦੇ ਇੱਕ ਆਜੜੀ ਨੇ ਇਨ੍ਹਾਂ ਨੂੰ ਦੇਖ ਲਿਆ ਤੇ ਰੌਲਾ ਪਾ ਦਿੱਤਾ । ਦਿਨ ਛਿਪ ਚੁੱਕਾ ਸੀ । ਹੁਸੈਨ ਬੇਗ ਨੇ ਬਹੁਤ ਸਾਰੇ ਪੇਂਡੂ ਲੋਕਾਂ ਨੂੰ ਆਉਂਦੇ ਦੇਖ ਕੇ ਤੀਰ ਚਲਾਉਣੇ ਸ਼ੁਰੂ ਕਰ ਦਿੱਤੇ । ਮਾੜੀ ਕਿਸਮਤ ਖ਼ੁਸਰੋ ਦੀ ਕਿਸ਼ਤੀ ਰੇਤੇ ਵਿੱਚ ਖੁੱਭ ਗਈ ਤੇ ਉਸ ਨੂੰ ਕੱਢਣ ਵਿਚ ਕਾਫੀ ਸਮਾਂ ਲੱਗ ਗਿਆ । ਇੰਨੇ ਨੂੰ ਗੁਜਰਾਤ ਦਾ ਫੌਜਦਾਰ ਅਬੁਲਕਲਾਮ ਆ ਪੁੱਜਾ ਤੇ ੨੭ ਅਪ੍ਰੈਲ਼ ਨੂੰ ਖ਼ੁਸਰੋ ਤੇ ਉਸ ਦੇ ਸਾਥੀ ਸੰਗਲਾਂ ਨਾਲ ਨੂੜ ਲਏ ਗਏ ।

## ੩.੫ ਖ਼ੁਸਰੋ ਦੀ ਗ੍ਰਿਫ਼ਤਾਰੀ ਅਤੇ ਸਜ਼ਾਵਾਂ

ਝਨਾਂ ਦੇ ਕਿਨਾਰੇ ਖ਼ੁਸਰੋ ਦੇ ਪਕੜੇ ਜਾਣ ਦੀ ਖ਼ਬਰ ਜਹਾਂਗੀਰ ਨੂੰ ੨੮ ਅਪ੍ਰੈਲ ਨੂੰ ਪੁੱਜੀ ਜਦ ਕਿ ਉਸ ਨੇ ਲਾਹੌਰ ਨੇੜੇ ਬਾਗ ਕਾਮਰਾਨ ਵਿਚ ਡੇਰਾ ਕਰ ਲਿਆ ਸੀ । ਪਹਿਲੀ ਮਈ ਨੂੰ ਖ਼ੁਸਰੋ ਸੰਗਲਾਂ ਨਾਲ ਬਨ੍ਹਿਆਂ ਹੋਇਆ ਅਪਣੇ ਸਾਥੀਆਂ ਸਮੇਤ ਜਹਾਂਗੀਰ ਅੱਗੇ ਪੇਸ਼ ਕੀਤਾ ਗਿਆ । ਉਸੇ ਦਿਨ ਖ਼ਸਰੋ ਦੇ ਸਾਥੀ ਹੁਸੈਨ ਬੇਗ ਨੂੰ ਗਾਂ ਦੀ ਖੱਲ ਵਿਚ ਮੜ੍ਹਾ ਕੇ ਧੁੱਪੇ ਸੁੱਟ ਦਿੱਤਾ ਗਿਆ ਤੇ ਅਬਦੁਲ ਰਹੀਮ ਨੂੰ ਗਧੇ ਉੱਪਰ ਬਿਠਾ ਕੇ ਲਾਹੌਰ ਵਿਚ ਫੇਰਿਆ ਗਿਆ ਤੇ ਸ਼ਾਮ ਨੂੰ ਖੋਤੇ ਦੀ ਖੱਲ ਵਿੱਚ ਮੜ੍ਹਵਾ ਦਿੱਤਾ ਗਿਆ । ਖ਼ੁਸਰੋ ਨੂੰ ਅੰਨ੍ਹਾ ਕਰ ਦਿੱਤਾ ਗਿਆ ਅਤੇ ਬਾਦ ਵਿੱਚ ਕਤਲ ਕਰਵਾ ਦਿੱਤਾ ਗਿਆ।[73] ੭ ਮਈ ਤੱਕ ਜਹਾਂਗੀਰ ਬਾਗ ਕਾਮਰਾਨ ਵਿਚ ਹੀ ਟਿਕਿਆ ਰਿਹਾ ਤੇ ਸਜ਼ਾਵਾਂ ਦੇ ਹੁਕਮ ਦਿੰਦਾ ਰਿਹਾ ।

[73] ਇਸ ਕਤਲ ਦੀ ਖ਼ਬਰ ਸੁਣਦਿਆਂ ਹੀ ਖ਼ੁਸਰੋ ਦੀ ਮਾਂ ਨੇ ਜ਼ਹਿਰ ਖਾ ਕੇ ਆਤਮ ਹੱਤਿਆ ਕਰ ਲਈ । ਜਹਾਂਗੀਰ ਖ਼ਸਰੋ ਦੀ ਮਾਂ ਨੂ ਬਹੁਤ ਪਿਆਰ ਕਰਦਾ ਸੀ ।ਉਹ ਤੁਜ਼ਕ ਵਿੱਚ ਲਿਖਦਾ ਹੈ , " ਮੈਂ ਉਸ ਦੇ ਗੁਣ ਅਤੇ ਸਿਫ਼ਤਾਂ ਬਿਆਨ ਨਹੀਂ ਕਰ ਸਕਦਾ । ਉਹ ਬੇਹੱਦ ਅਕਲਮੰਦ ਸੀ । ਮੇਰੇ ਸਿਰ ਦੇ ਇੱਕ ਵਾਲ ਖਾਤਰ ਵੀ ਉਹ ਹਜ਼ਾਰਾਂ ਪੁੱਤਰਾਂ ਅਤੇ ਭਰਾਵਾਂ ਦੀ ਕੁਰਬਾਨੀ ਦੇ ਸਕਦੀ ਸੀ"।

ਉਹ ਲਿਖਦਾ ਹੈ, "**ਮੈਨੇ ਹੁਕਮ ਦੀਆ ਕਿ ਬਾਗ ਕਾਮਰਾਨ ਸੇ ਲੱਕੜੀਆਂ ਨਸਬ ਕਰਕੇ ਬਾਗ਼ੀਓਂ ਔਰ ਜਿਨ ਲੋਗੋਂ ਨੇ ਇਸ ਬਗ਼ਾਵਤ ਮੇਂ ਹਿੱਸਾ ਲੀਆ ਉਨ ਕੋ ਸੂਲੀਓਂ ਪਰ ਲਟਕਾ ਦੀਆ ਜਾਏ**" (ਤੁਜ਼ਕ ਪੰਨਾ ੭੮)

ਖ਼ੁਸਰੋ ਦੇ ਅਨੇਕਾਂ ਹਮਾਇਤੀਆਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ।[74] ਪੀਰ ਮੁਹੰਮਦ ਗੁਜਰਾਤੀ ਨਾਂ ਦੇ ਖ਼ੁਸਰੋ ਦੇ ਇੱਕ ਹਮਾਇਤੀ ਪਾਸੋਂ ਸੱਤ ਲੱਖ ਰੁਪਿਆ ਮਿਲਿਆ । ਹਜ਼ਾਰਾਂ ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ । ਬਾਦਸ਼ਾਹ ਦੇ ਹਮਾਇਤੀਆਂ ਨੂੰ ਜਾਗੀਰਾਂ, ਖ਼ਿਤਾਬ ਅਤੇ ਇਨਾਮ ਦਿੱਤੇ ਗਏ । ਇਨ੍ਹਾਂ ਦਾ ਵੇਰਵਾ ਜਹਾਂਗੀਰ ਤੁਜ਼ਕ ਦੇ ਪੰਨਾ ੭੦ ਤੋਂ ੮੦ ਤੱਕ ਲਿਖਦਾ ਹੈ । ਸ਼ੇਖ ਫਰੀਦ ਦੀ ਸੇਵਾ ਦੇ ਬਦਲੇ ਉਸ ਨੂੰ ਝਬਾਲ ਦਾ ਪਿੰਡ ਜਗੀਰ ਵਜੋਂ ਬਖਸ਼ਿਆ ਗਿਆ ਅਤੇ ਮੁਰਤਜ਼ਾ ਖਾਂ ਦਾ ਖ਼ਿਤਾਬ ਦਿੱਤਾ ਗਿਆ ।

ਅਜੇ ਫ਼ਤਿਹ ਦੀਆਂ ਖ਼ੁਸ਼ੀਆਂ ਮਨਾਈਆਂ ਹੀ ਜਾ ਰਹੀਆਂ ਸਨ ਕਿ ਜਹਾਂਗੀਰ ਨੂੰ ਕੰਧਾਰ ਵਿੱਚ ਬਗਾਵਤ ਹੋਣ ਦੀ ਸੂਚਨਾ ਪੁੱਜੀ । ਜਹਾਂਗੀਰ ਨੇ ਆਪਣਾ ਦਿੱਲੀ ਵਾਪਸ ਜਾਣ ਦਾ ਪ੍ਰੋਗਰਾਮ ਬਦਲ ਲਿਆ ਅਤੇ ਸ਼ੇਖ ਬੇਗ ਖਾਂ ਨੂੰ ਫੌਜ ਦੇ ਕੇ ਕੰਧਾਰ ਵਲ ਨੂੰ ਤੋਰ ਦਿੱਤਾ ।

## ੩.੬ ਗੁਰੂ ਜੀ ਦੀ ਗ੍ਰਿਫ਼ਤਾਰੀ

੨੩ ਮਈ ੧੬੦੬ ਨੂੰ ਕਿਸੇ ਨੇ ਜਹਾਂਗੀਰ ਪਾਸ ਸ੍ਰੀ ਗੁਰੂ ਅਰਜਨ ਦੇਵ ਜੀ ਵਿਰੁੱਧ ਚੁਗ਼ਲੀ ਕੀਤੀ ।[75] ਇਸ ਦਿਨ ਤੱਕ ਸਭ ਦੋਸ਼ੀਆਂ ਅਤੇ ਬਾਗ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਚੁੱਕੀਆਂ ਸਨ । ਇਸ ਚੁਗ਼ਲੀ ਦਾ ਜ਼ਿਕਰ ਜਹਾਂਗੀਰ ਤੁਜ਼ਕ ਦੇ ਪੰਨਾ ੮੦ ਤੇ ਇਸ ਤਰਾਂ ਕਰਦਾ ਹੈ , "**ਅਰਜਨ ਸ਼ਹਿਜ਼ਾਦਾ ਖ਼ੁਸਰੋ ਸੇ ਮਿਲਾ ਔਰ ਜੋ ਖ਼ੁਫ਼ੀਆ ਬਾਤੇਂ ਮਾਲੂਮ ਥੀਂ ਖ਼ੁਸਰੋ ਕੋ ਬਤਾ ਦੀਂ ਔਰ ਅਪਨੀ ਉਂਗਲੀ ਸੇ ਖ਼ੁਸਰੋ ਕੀ ਪੇਸ਼ਾਨੀ ਪਰ ਜ਼ਾਫਰਾਨ ਸੇ ਏਕ ਲਕੀਰ ਖੈਂਚੀ ਜਿਸੇ ਹਿੰਦੂ ਕਸ਼ਕਾ ਕਹਿਤੇ ਹੈਂ ਔਰ ਅੱਛਾ ਸ਼ਗਨ ਖ਼ਿਆਲ ਕਰਤੇ ਹੈਂ"।**

ਇਤਿਹਾਸਕਾਰ ਦਸਦੇ ਹਨ ਗੁਰੂ ਜੀ ਅੰਮ੍ਰਿਤਸਰ ਆ ਗਏ ਸਨ ਅਤੇ ਖ਼ੁਸਰੋ ਦੇ ਗੋਇੰਦਵਾਲ ਪੁੱਜਣ ਵੇਲੇ ਉੱਥੇ ਨਹੀਂ ਸਨ । ਖ਼ੁਸਰੋ ਗੋਇੰਦਵਾਲ ਦੇ ਪਤਨ ਤੋਂ ਲੰਘਿਆ ਇਸ ਲਈ ਉਪ੍ਰੋਕਤ ਦੂਸ਼ਨ ਨਿਰਮੂਲ਼ ਸੀ । ਫੇਰ ਖ਼ੁਸਰੋ ਦੇ ਮੱਥੇ ਉੱਪਰ ਤਿਲਕ ਲਾਉਣ ਵਾਲੀ ਗੱਲ ਵੀ ਇੱਕ ਝੂਠਾ ਇਲਜ਼ਾਮ ਹੀ ਸੀ ਕਿਉਂਕਿ ਕਿਸੇ ਵੀ ਗੁਰੂ ਨੇ ਕਿਸੇ ਦੇ ਮੱਥੇ ਤੇ ਕਦੇ ਕੋਈ ਤਿਲਕ ਆਦਿਕ ਨਹੀਂ ਸੀ ਲਗਾਇਆ ।[76] ਜੇ ਸੱਚ ਮੁੱਚ ਹੀ ਅਜਿਹੇ ਤਿਲਕ ਦਾ ਕੋਈ ਹੱਕਦਾਰ ਸੀ ਤਾਂ ਉਹ ਬਾਦਸ਼ਾਹ ਅਕਬਰ ਸੀ । ਉਸਦੇ ਵੀ ਗੁਰੂ ਅਮਰਦਾਸ ਨੇ ਜਾਂ ਗੁਰੂ ਰਾਮਦਾਸ ਨੇ ਤਿਲਕ ਨਹੀਂ ਸੀ ਲਾਇਆ । ਗੁਰੂ ਘਰ ਵਿੱਚ ਉਂਝ ਵੀ ਟਿੱਕੇ ਲਾਉਣ ਨੂੰ ਪਾਖੰਡ ਸਮਝਿਆ ਜਾਂਦਾ ਹੈ । ਗੁਰੂ ਨਾਨਕ ਦੇਵ ਜੀ ਨੇ ਪੰਡਤਾਂ ਨੂੰ ਇਨ੍ਹਾਂ ਸ਼ਬਦਾਂ ਵਿੱਚ ਭੰਡਿਆ ਸੀ , "**ਮੱਥੇ ਟਿੱਕਾ ਤੇੜ ਧੋਤੀ ਕਾਖਾਈ । ਹੱਥ ਛੁਰੀ ਜਗਤ ਕਸਾਈ"।** ਇਕ ਹੋਰ ਪੱਖੋਂ

---

[74] Elphinston ਇਨ੍ਹਾਂ ਦੀ ਗਿਣਤੀ ੭੦੦ ਲਿਖਦਾ ਹੈ ।

[75] ਛਿਬੱਰ ਜੀ ਬੰਨਸਾਵਲੀਨਾਮੇ ਵਿਚ ਇਹ ਚੁਗ਼ਲੀ ਪ੍ਰਿਥੀ ਚੰਦ ਵਲੋਂ ਕੀਤੀ ਗਈ ਲਿਖਦੇ ਹਨ , "ਫੇਰ ਪ੍ਰਿਥੀਆ ਆਇਆ ਲਾਹੌਰ॥ ਬਿਨਾ ਦੁਸ਼ਟੀ ਗੱਲ ਕਰੇ ਨਾ ਹੋਰ॥ ਨਿੱਤ ਨਿੱਤ ਦੀ ਚੁਗ਼ਲੀ ਆਇ ਇੱਕ ਦਿਨ ਫੁਰੀ॥ ਸੰਮਤ ਸੋਲ਼ਾ ਸੌ ਬਾਹਠਵੇਂ ਦਸਤਕ ਤੁਰੀ ॥੧੦੨॥ ।ਅਫ਼ਸੋਸ ਹੈ ਕਿ ਪ੍ਰਿਥੀ ਚੰਦ ਦੇ ਚਲਾਣੇ ਦੀ ਮਿਤੀ ਪ੍ਰਾਪਤ ਨਹੀਂ । ਭਾਈ ਸੰਤੋਖ ਸਿੰਘ ਅਤੇ Duncan Greenlees ਅਨੁਸਾਰ ਪਿਰਥੀਆ ਗੁਰੂ ਜੀ ਦੀ ਸ਼ਹੀਦੀ ਤੋਂ ਇੱਕ ਸਾਲ ਪਹਿਲਾਂ ੧੬੦੫ ਈਸਵੀ ਵਿੱਚ ਚਲਾਣਾ ਕਰ ਗਿਆ ਸੀ (ਸੂਰਜ ਪ੍ਰਕਾਸ਼ ਰਾਸ ੪ ਅੰਸ਼ੂ ੨੬-੨੭) । ਭਾਈ ਕਾਨ੍ਹ ਸਿੰਘ ਨਾਭਾ ਪ੍ਰਿਥੀ ਚੰਦ ਦੀ ਮ੍ਰਿਤਯੂ ੧੬੧੮ ਵਿੱਚ ਹੇਰ੍ਹ ਪਿੰਡ ਵਿੱਚ ਹੋਈ ਲਿਖਦੇ ਹਨ । ਸ੍ਰ: ਖਜ਼ਾਨ ਸਿੰਘ ਆਪਣੀ ਪੁਸਤਕ History of the Sikh Religion ਵਿਚ ਉਸਦੀ ਮੌਤ ੧੬੦੬ AD ਵਿਚ ਹੋਈ ਲਿਖਦੇ ਹਨ ।ਪਰ ਚੁਗ਼ਲੀ ਦੇ ਪ੍ਰਥੀ ਚੰਦ ਵਲੋਂ ਹੋਣ ਬਾਰੇ ਖੁਸ਼ਬਖਤ ਰਾਏ ਵੀ ਲਿਖਦੇ ਹਨ, " ਉਸਨੇ ਬਾਦਸ਼ਾਹ ਦੇ ਹਜ਼ੂਰ ਚੁਗਲੀ ਕੀਤੀ । ਸਾਰੀ ਦੁਨੀਆ ਦਾ ਮਾਲ ਗੁਰੂ ਦੇ ਘਰ ਹੈ । ਦੇਸ਼ ਦੇ ਅਕਸਰ ਰਾਜੇ ਉਸ ਨਾਲ ਮੇਲ ਜੋਲ ਰਖਦੇ ਹਨ । ਬਾਦਸ਼ਾਹ ਨੇ ਲੇਖਾ ਪਤਾ ਪੇਸ਼ ਕਰਨ ਵਾਸਤੇ (ਗੁਰੂ ਜੀ ਨੂੰ) ਤਲਬ ਕਰ ਕਿਆ (ਤਵਾਰੀਖ-ਏ-ਸਿਖਾਂ ਪੱਤਰਾ ੧੫)

[76] ਪ੍ਰਿਥੀ ਚੰਦ ਆਪ ਟਿੱਕਾ ਲਾਇਆ ਕਰਦੇ ਸਨ ਇਸ ਲਈ ਹੋ ਸਕਦਾ ਹੈ ਕਿ ਪ੍ਰਥੀ ਨੂੰ ਦੇਖ ਕੇ ਹੀ ਬਾਦਸ਼ਾਹ ਨੇ ਅਨੁਮਾਨ ਨਾਲ ਇਹ ਇਲਜ਼ਾਮ ਗੁਰੂ ਜੀ ਤੇ ਮੜ੍ਹ ਦਿੱਤਾ । ਸਿੱਖ ਧਰਮ ਵਿੱਚ ਟਿੱਕਾ ਲਾਉਣ ਦਾ ਰਿਵਾਜ ਨਹੀਂ।

ਦੇਖਿਆ ਜਾਵੇ ਤਾਂ ਟਿੱਕਾ ਲਾਉਣਾ ਕੋਈ ਗੁਨਾਹ ਵੀ ਨਹੀਂ । ਜੇ ਕੋਈ ਟਿੱਕਾ ਲਾਉਣਾ ਜਾਂ ਕਿਸੇ ਤੋਂ ਲਵਾਉਣਾ ਚਾਹੁੰਦਾ ਹੈ ਤਾਂ ਇਸ ਵਿੱਚ ਸਰਕਾਰ ਦੇ ਢਿੱਡ ਵਿਚ ਪੀੜ ਕਿਉਂ ਹੋਵੇ । ਇਹ ਤਾਂ ਟਿੱਕਾ ਲਵਾਉਣ ਵਾਲੇ ਦੀ ਮਰਜ਼ੀ ਹੈ । ਜਾਪਦਾ ਹੈ ਕਿ ਇਹ ਨਿਰਮੂਲ ਊਜ ਕੇਵਲ ਇੱਕ ਬਹਾਨਾ ਸੀ । ਹੋ ਸਕਦਾ ਹੈ ਕਿ ਇਹ ਚੁਗ਼ਲੀ ਸ਼ੇਖ ਫ਼ਰੀਦ ਜਾਂ ਮੁਜੱਦਦ ਦੇ ਕਿਸੇ ਚੇਲੇ ਨੇ ਹੀ ਜਹਾਂਗੀਰ ਦੇ ਕੰਨਾਂ ਵਿਚ ਪਾਈ ਹੋਵੇ । ਬਾਦਸ਼ਾਹ ਕੰਨਾਂ ਦੇ ਕੱਚੇ ਹੁੰਦੇ ਹਨ ।

ਇਹ ਦੋਸ਼ ਕਿ ਗੁਰੂ ਜੀ ਨੇ ਸ਼ਹਿਜ਼ਾਦੇ ਨੂੰ "ਖ਼ੁਫੀਆ ਗੱਲਾਂ ਦੱਸੀਆਂ" ਵੀ ਬੇਬੁਨਿਆਦ ਹੈ । ਖ਼ੁਸਰੋ ਦੀ ਬਗ਼ਾਵਤ ਆਗਰੇ ਤੋਂ ਹੋਈ ਜਿਸ ਬਾਰੇ ਜਹਾਂਗੀਰ ਨੂੰ ਐਨੇ ਸੂਹੀਏ ਹੁੰਦਿਆਂ ਵੀ ਪਤਾ ਨਾ ਲੱਗਾ ਪਰ ਗੁਪਤ ਗੱਲਾਂ ਗੁਰੂ ਜੀ ਤੱਕ ਜਹਾਂਗੀਰ ਦੇ ਪਹੁੰਚਣ ਤੋਂ ਵੀ ਪਹਿਲਾਂ ਪਹੁੰਚ ਗਈਆਂ । ਕੀ ਅਜਿਹੀਆਂ ਗੱਲਾਂ ਦੀ ਜਾਣਕਾਰੀ ਖ਼ੁਸਰੋ ਆਪਣਾ ਇੱਕ ਸੂਹੀਆ ਭੇਜ ਕੇ ਗੁਰੂ ਜੀ ਤੋਂ ਨਹੀਂ ਸੀ ਲੈ ਸਕਦਾ ? ਫੇਰ ਇਹ ਗੱਲ ਵੀ ਜਹਾਂਗੀਰ ਆਪ ਹੀ ਲਿਖਦਾ ਹੈ ਕਿ ਘੰਟੇ ਦੋ ਘੰਟੇ ਵਿੱਚ ਹੀ ਸ਼ੇਖ਼ ਫ਼ਰੀਦ ਨੂੰ ਖ਼ੁਸਰੋ ਦਾ ਪਿੱਛਾ ਕਰਨ ਲਈ ਭੇਜ ਦਿੱਤਾ ਗਿਆ । ਉਸ ਵੇਲੇ ਜਦ ਖ਼ੁਸਰੋ ਨੂੰ ਜਾਨ ਬਚਾਉਣ ਦਾ ਫ਼ਿਕਰ ਸੀ ਗੁਰੂ ਜੀ ਪਾਸ ਠਹਿਰ ਕੇ ਸਮਾਂ ਨਸ਼ਟ ਕਰਨਾ ਤਾਂ ਮੂਰਖਤਾ ਤੋਂ ਘੱਟ ਨਹੀਂ ਸੀ । ਇੰਨੇ ਸਮੇਂ ਵਿੱਚ ਕਿਹੜੇ ਗੁਪਤ ਭੇਦ ਸਨ ਜੋ ਜਾਨ ਖ਼ਤਰੇ ਵਿੱਚ ਪਾਕੇ ਉਸ ਨੇ ਗੁਰੂ ਜੀ ਪਾਸੋਂ ਜਾਣ ਲਏ ਤੇ ਉਨ੍ਹਾਂ ਦਾ ਉਸ ਨੂੰ ਕੀ ਫਾਇਦਾ ਹੋਇਆ? ਜੇ ਸੱਚ ਮੁੱਚ ਹੀ ਗੁਰੂ ਜੀ ਗੋਇੰਦਵਾਲ ਹੁੰਦੇ ਅਤੇ ਖ਼ੁਸਰੋ ਦੀ ਮਦਦ ਕਰਨਾਂ ਚਾਹੁੰਦੇ ਤਾਂ ਉਹ ਅਪਣੇ ਹਜ਼ਾਰਾਂ ਸੇਵਕਾਂ ਨੂੰ ਕਹਿੰਦੇ ਕਿ ਸ਼ੇਖ ਫ਼ਰੀਦ ਦੀਆਂ ਫੌਜਾਂ ਦਾ ਰਾਹ ਰੋਕੋ ਤੇ ਮੁਕਾਬਲਾ ਕਰੋ । ਇਸ ਤਰ੍ਹਾਂ ਕਰਨ ਨਾਲ ਖ਼ੁਸਰੋ ਨੂੰ ਭੱਜਣ ਦਾ ਨਾ ਕੇਵਲ ਹੋਰ ਸਮਾਂ ਮਿਲ ਜਾਂਦਾ ਸਗੋਂ ਉਸਦੇ ਦੁਸ਼ਮਣਾਂ ਦੀ ਤਾਕਤ ਵੀ ਕਮਜ਼ੋਰ ਹੁੰਦੀ । ਇਹ ਕੁੱਝ ਵਿਚਾਰ ਕੇ ਕੋਈ ਸ਼ੱਕ ਨਹੀਂ ਰਹਿ ਜਾਂਦੀ ਕਿ ਜਹਾਂਗੀਰ ਪਾਸ ਕਿਸੇ ਦੋਖੀ ਨੇ ਗੁਰੂ ਜੀ ਵਿਰੁੱਧ ਝੂਠੀ ਚੁਗ਼ਲੀ ਕੀਤੀ ਸੀ । ਖ਼ੁਸਰੋ ਦੇ ਗੋਇੰਦਵਾਲ ਪੁੱਜਣ ਤੋਂ ਇਕ ਮਹੀਨਾ ਬਾਦ ਗੁਰੂ ਜੀ ਤੇ ਇਹ ਦੋਸ਼ ਲਾਇਆ ਗਿਆ ਸੀ ।

ਅਸੀਂ ਪਿੱਛੇ ਦੱਸ ਆਏ ਹਾ ਕਿ ਜਹਾਂਗੀਰ ਵਾਹੋ ਦਾਹੀ ਖ਼ੁਸਰੋ ਦਾ ਪਿੱਛਾ ਕਰ ਰਿਹਾ ਸੀ ਅਤੇ ਜਿਨ੍ਹਾਂ ਲੋਕਾਂ ਨੇ ਖ਼ੁਸਰੋ ਦੀ ਮਦਦ ਕੀਤੀ ਸੀ ਉਨ੍ਹਾਂ ਨੂੰ ਸਜ਼ਾਵਾਂ ਵੀ ਦਿੰਦਾ ਆ ਰਿਹਾ ਸੀ । ਜੇ ਕਰ ਗੁਰੂ ਜੀ ਨੇ ਖ਼ੁਸਰੋ ਦੀ ਮਦਦ ਕੀਤੀ ਹੁੰਦੀ ਤਾਂ ਗਇੰਦਵਾਲ ਵਿਚ ਜ਼ਰੂਰ ਕਿਸੇ ਨੇ ਗੁਰੂ ਜੀ ਦੀ ਸ਼ਕਾਇਤ ਕਰਨੀ ਸੀ । ਮੌਕੇ ਤੇ ਸਬੂਤ ਲੱਭਣਾ ਵੀ ਔਖਾ ਨਹੀਂ ਸੀ ਅਤੇ ਨਾ ਹੀ ਗਵਾਹੀਆਂ ਦੀ ਘਾਟ ਹੋਣੀ ਸੀ । ਗੁਰੂ ਜੀ ਨੂੰ ਥਾਨੇਸਰੀ ਵਾਂਗ ਮੌਕੇ ਤੇ ਹੀ ਸਜ਼ਾ ਦੇ ਦਿੱਤੀ ਜਾਣੀ ਸੀ । ਅਸਲ ਗੱਲ ਇਹ ਹੈ ਕਿ ਗੁਰੂ ਜੀ ਗੋਇੰਵਾਲ ਵਿੱਚ ਨਹੀਂ ਸਨ । ਆਮ ਲੋਕਾਂ ਵਿਚ ਆਪਣੇ ਕੁਕਰਮ ਨੂੰ ਛੁਪਾਉਣ ਦਾ ਇਹੋ ਢੰਗ ਸੀ ਕਿ ਸਜ਼ਾ ਗੁਰੂ ਜੀ ਦੇ ਟਿਕਾਣੇ ਤੋਂ ਦੂਰ ਲਿਜਾ ਕੇ ਦਿੱਤੀ ਜਾਵੇ ਅਤੇ ਰਾਜਨੀਤਕ ਦੋਸ਼ ਵੀ ਕੁੱਝ ਦੇਰ ਬਾਦ ਲਾਏ ਜਾਣ ਤਾਂ ਜੋ ਦੋਸ਼ਾਂ ਦੇ ਸੱਚ ਝੂਠ ਹੋਣ ਬਾਰੇ ਭੁਲੇਖਾ ਪੈ ਸਕੇ ।

## ੩.੭ ਗੁਰੂ ਜੀ ਦੀ ਸ਼ਹੀਦੀ

ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥ (ਪੰਨਾ ੫੫੫)

ਚੁਗ਼ਲੀ ਸੁਣਦੇ ਸਾਰ ਹੀ ਬਗੈਰ ਪੁੱਛ ਪੜਤਾਲ ਕਰਨ ਅਤੇ ਅਸਲੀਅਤ ਜਾਨਣ ਦੇ ਜਹਾਂਗੀਰ ਵਲੋਂ ਗੁਰੂ ਜੀ ਦੀ ਗ੍ਰਿਫਤਾਰੀ ਦਾ ਹੁਕਮ ਦੇ ਦਿੱਤਾ ਗਿਆ। ਜਹਾਂਗੀਰ ਤੁਜ਼ਕ ਦੇ ਪੰਨਾ ੮੦ ਉਪਰ ਲਿਖਦਾ ਹੈ , "**ਮੈਂਨੇ ਹੁਕਮ ਦੀਆ ਕਿ ਅਰਜਨ ਕੋ ਹਮਾਰੇ ਦਰਬਾਰ ਮੇਂ ਹਾਜ਼ਰ ਕਰੋ**"। ਜਾਪਦਾ ਹੈ ਕਿ ਚੁਗ਼ਲੀ ੨੩ ਮਈ ਨੂੰ ਹੋਈ ਅਤੇ ਅਗਲੇ ਹੀ ਦਿਨ ਗੁਰੂ ਜੀ ਨੂੰ ਜਹਾਂਗੀਰ ਦੇ ਸਾਹਮਣੇ ਪੇਸ਼ ਕਰ ਦਿੱਤਾ ਗਿਆ । ਸੰਭਵ ਹੈ ਕਿ ਗੁਰੂ ਜੀ ਨੂੰ ਦੁਸ਼ਟ ਚੌਕੜੀ ਦੀ ਸਕੀਮ ਬਾਰੇ ਤਰਨ ਤਾਰਨ ਦੀ ਇੱਟਾਂ ਵਾਲੀ ਘਟਨਾ ਤੋਂ ਹੀ ਅੰਦਾਜ਼ਾ ਲੱਗ ਗਿਆ ਸੀ ਕਿ ਦੁਸ਼ਮਣਾਂ ਦੇ ਇਰਾਦੇ ਕੀ ਹਨ । ਜਦੋਂ ਲਾਹੌਰ ਆਪ ਦੀ ਜੀ ਗ੍ਰਿਫਤਾਰੀ ਦੇ ਹੁਕਮ ਦਿੱਤੇ ਜਾ ਰਹੇ ਸਨ ਤਾਂ ਆਪ ਜੀ ਅਦੁੱਤੀ ਬਲੀਦਾਨ ਲਈ ਤਿਆਰ ਹੋ ਰਹੇ ਸਨ । ਕੇਸਰ ਸਿੰਘ ਛਿੱਬਰ ਜੀ ਲਿਖਦੇ ਹਨ,

**"ਸਿਖਾਂ ਨੂੰ ਕੀਤੀ ਸਪੁਰਦ ਹਰਿਗੋਬਿੰਦ ਦੀ ਬਾਂਹ ਪਕੜਾਇ ॥ ਸਾਡੇ ਨਾਲ ਉਪਕਾਰ ਕੀਤਾ ਹੈ ਵੱਡੇ ਭਾਈ ॥ ੧੩੨॥**
**ਭਾਈ ਗੁਰਦਾਸ ਨੂੰ ਬੈਠ ਸਮਝਾਇਆ ॥ ਸਾਡਾ ਲੱਗੇਗਾ ਸੀਸ ਇਹ ਨਿਸਚਾ ਆਇਆ ॥**
**ਹਰਿਗੋਬਿੰਦ ਦਾ ਖਸਮਾਨਾ ਹੈ ਤੁਸਾਂ ਨੂੰ ॥ ਇਹ ਹੈ ਨਦਾਨ,ਨਿਆਣਾ ਤੁਸੀਂ ਰਾਜ਼ੀ ਰੱਖਣਾ ਇਨ੍ਹਾਂ ਨੂੰ ॥੧੩੩॥**
**ਅਸਾਂ ਹੋਇਆ ਤੁਰਕਾਂ ਵਿੱਚ ਜਾਣਾ ॥ ਉਨ੍ਹਾਂ ਕਰਨੀ ਹੈ ਹੁੱਜਤ ॥**
**ਤੁਸਾਂ ਦੁਆਬੇ ਵਿੱਚ ਕਰਨਾ ਟਿਕਾਣਾ ॥ ਸ੍ਰੀਰ ਹੈ ਛੱਡਣਾ ਸੰਸਾ ਨਹੀਂ ਕੋਈ ॥**
**ਰਜ਼ਾਇ ਖਾਵੰਦ ਦੀ ਹੈ ਇਸ ਤਰ੍ਹਾਂ ਹੋਈ ॥ ੧੩੪॥**
**ਸਾਹਿਬ ਮੱਥਾ ਟੇਕਿਆ ਵਿਦਾ ਹੋਇ ਗਏ ॥ ਦੁਸਟ ਚੌਕੜੀ ਵਿਚ ਆਵਤ ਭਏ ॥੧੩੫॥**

ਅੰਨ੍ਹੇ ਧਾਰਮਿਕ ਕੱਟੜਪੁਣੇ ਦਾ ਜੋ ਵਾਤਾਵਰਣ ਮੁਜੱਦਦ ਅਤੇ ਸ਼ੇਖ ਫ਼ਰੀਦ ਨੇ ਜਹਾਂਗੀਰ ਨੂੰ ਤਖਤ ਤੇ ਬੈਠਾਉਣ ਦੀ ਝੇਪ ਵਿੱਚ ਪੈਦਾ ਕਰਵਾ ਛੱਡਿਆ ਸੀ ਉਸ ਵਿਚ ਗੁਰੂ ਜੀ ਲਈ ਆਪਣੇ ਭਵਿੱਖ ਦਾ ਅੰਦਾਜ਼ਾ ਲਾਉਣਾ ਕੋਈ ਔਖੀ ਗੱਲ ਨਹੀਂ ਸੀ । ਇਹੋ ਕਾਰਨ ਹੈ ਕਿ ਉਨ੍ਹਾਂ ਨੇ ਆਪਣੇ ਪੁਤੱਰ ਨੂੰ ਮੱਥਾ ਟੇਕ ਕੇ ਗੁਰ-ਜੋਤੀ ਹਰਿਗੋਬਿੰਦ ਜੀ ਨੂੰ ਸੌਂਪ ਦਿੱਤੀ ਅਤੇ ਬਲੀਦਾਨ ਲਈ ਦਿੜ੍ਹਤਾ ਨਾਲ ਤਿਆਰ ਹੋ ਗਏ । ।"*My dear son, very hard times are ahead for the Sikh community.The forces of evil are cutting down the very roots of fundamental human rights. I have tried to break the shackles of slavery of common man in a peaceful manner but now the times have changed. The Moghul kings have lost all humaneness and have turned into beasts. I will still persuade Jahangir*[77] *to leave this policy* ***but if the peaceful persuation, even at the cost of my bodily tortures fails, then take it for granted that it is no use enduring tortures for changing the conscience of the Moghul rulers just as it is useless to lie down for sympathy before a horned beast. In that case, then try to meet the evil with armed resistance."*** **(C.H.paine)**

ਭਾਈ ਗੁਰਦਾਸ ਜੀ ਹੁਕਮ ਅਨੁਸਾਰ ਸ੍ਰੀ ਹਰਿਗੋਬਿੰਦ ਜੀ ਨੂੰ ਪਿੰਡ ਡੱਲੇ ਵਿਖੇ ਲੈ ਗਏ ਤੇ ਗੁਰੂ ਜੀ ਗ੍ਰਿਫ਼ਤਾਰ ਹੋ ਕੇ ਲਾਹੌਰ ਪੁੱਜ ਗਏ । ਜਿਵੇਂ ਕਿ ਪਹਿਲਾਂ ਹੀ ਮਿਥਿਆ ਗਿਆ ਸੀ ਗੁਰੂ ਜੀ ਤੋਂ ਕੋਈ ਪੁੱਛ ਗਿੱਛ ਨਹੀਂ ਕੀਤੀ ਗਈ। ਸਰੂਪ ਦਾਸ ਜੀ ਭੱਲਾ ਲਿਖਦੇ ਹਨ

**" ਸਤਿਗੁਰੂ ਜੀ ਲਾਹੌਰ ਜੋ ਆਏ ॥ ਜਾਇ ਅਹਿਦੀ ਨੇ ਅਰਜ਼ ਕਰਾਏ ॥**
**ਸੁਣ ਬਾਦਸ਼ਾਹ ਚੁੱਪ ਹੋ ਰਿਹਾ ॥ ਭਲਾ ਬੁਰਾ ਕੁਛ ਸੁਨਾ ਨਾ ਕਹਾ ॥ ੧੦॥**

ਸਪਸ਼ਟ ਹੈ ਕਿ ਗੁਰੂ ਜੀ ਨੂੰ ਉਨ੍ਹਾਂ ਦਾ ਦੋਸ਼ ਦੱਸ ਕੇ ਕਿਸੇ ਉਜ਼ਰ ਜਾਂ ਸਫ਼ਾਈ ਦਾ ਮੌਕਾ ਨਹੀਂ ਦਿੱਤਾ ਗਿਆ ਕਿਉਂਕਿ ਅਜਿਹਾ ਕਰਨ ਨਾਲ ਝੂਠ ਮੂਠ ਤੇ ਮਨ-ਘੜਤ ਥੋਪੇ ਗਏ ਦੋਸ਼ਾਂ ਦੀ ਸਹਿਜੇ ਹੀ ਕਲੀ ਖੁ਼ਲ੍ਹ ਜਾਣੀ ਸੀ । ਜਹਾਂਗੀਰ ਦੀ ਅਸਲ ਲਿਖਤ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ:-

**"ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਵਿੱਚ ਪੀਰਾਂ ਬਜ਼ੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦਾ ਇੱਕ ਹਿੰਦੂ ਰਹਿੰਦਾ ਸੀ । ਅਨੇਕਾਂ ਭੋਲੇ ਭਾਲੇ ਹਿੰਦੂ ਅਤੇ ਬਹੁਤ ਸਾਰੇ ਮੂਰਖ ਤੇ ਬੇਸਮਝ ਮੁਸਲਮਾਨ ਇਸ ਦੇ ਚੇਲੇ ਬਣ ਗਏ ਸਨ । ਇਹ ਅਪਣੇ ਆਪ ਨੂੰ ਪੀਰ ਪੈਗ਼ੰਬਰ ਹੋਣ ਦਾ ਦਾਅਵਾ ਕਰਦਾ ਸੀ । ਚੇਲੇ ਉਸ ਨੂੰ ਗੁਰੂ ਆਖਦੇ ਸਨ । ਸਭਨਾਂ ਪਾਸਿਆਂ ਤੋਂ ਫਰੇਬੀ ਅਤੇ ਠੱਗ ਲੋਕ ਉਸ ਕੋਲ ਆ ਕੇ ਉਸ ਵਿੱਚ ਪੂਰੀ ਸ਼ਰਧਾ ਪਰਗਟ ਕਰਦੇ ਸਨ । ਤਿੰਨ ਚਾਰ ਪੀੜ੍ਹੀਆਂ ਤੋਂ ਇਹ ਝੂਠ ਦੀ ਦੁਕਾਨ ਚਲਦੀ ਆ ਰਹੀ ਸੀ । ਕਾਫ਼ੀ ਸਮੇਂ ਤੋਂ ਮੇਰੇ ਮਨ ਵਿੱਚ ਖ਼ਿਆਲ ਆ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਅਤੇ ਉਸ ਨੂੰ ਮੁਸਲਮਾਨ ਬਣਾਉਣਾ ਚਾਹੀਦਾ ਹੈ ਮੈਂ ਹੁਕਮ ਦਿੱਤਾ ਕਿ ਉਸ ਨੂੰ ਮੇਰੇ ਦਰਬਾਰ ਵਿੱਚ ਪੇਸ਼ ਕੀਤਾ ਜਾਵੇ । । ਜਦ ਉਸ ਨੂੰ ਮੇਰੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਮੈਂ ਉਸ ਨੂੰ ਅਤੇ ਉਸ ਦੇ**

---

[77] ਦਿਲ਼ੀ ਦੇ ਬਾਦਸ਼ਾਹ ਜਹਾਂਗੀਰ ਨੇ ੩੦.੫.੧੬੦੬ ਨੂੰ ਲਹੌਰ ਵਿੱਚ ਗੁਰੂ ਜੀ ਨੂੰ ਤੱਤੀ ਤਵੀ ਉੱਪਰ ਬੈਠਾ ਕੇ ਸ਼ਹੀਦ ਕਰ ਦਿਤਾ ।

**ਬੱਚਿਆਂ ਨੂੰ ਮੁਰਤਜ਼ਾ ਖਾਂ ਦੇ ਹਵਾਲੇ ਕਰ ਕੇ ਉਸ ਦੇ ਘਰ ਦਾ ਮਾਲ ਅਸਬਾਬ ਸ਼ਾਹੀ ਖ਼ਜ਼ਾਨੇ ਵਿੱਚ ਜ਼ਬਤ ਕਰਕੇ ਉਸਨੂੰ ਯਾਸਾ ਅਨੁਸਾਰ ਕਤਲ ਕਰਨ ਦਾ ਹੁਕਮ ਦੇ ਦਿੱਤਾ" ।**[੭੮] (ਤੁਜ਼ਕ ਪੰਨਾ ੮੦)

ਜਹਾਂਗੀਰ ਖ਼ੁਦ ਲਿਖਦਾ ਹੈ ," **ਜਬ ਵੁਹ ਮੇਰੇ ਸਾਮਨੇ ਪੇਸ਼ ਕੀਆ ਗਿਆ ਤੋ ਇਸ ਕਾ ਘਰ ਬਾਰ ਔਰ ਅਹਿਲ-ਓ-ਇਆਲ (ਬਾਲ ਬੱਚੇ) ਮੁਰਤਜ਼ਾ ਖ਼ਾਂ ਕੋ ਇਨਾਇਤ ਕੀਏ ।**[੭੯] **ਉਸਕਾ ਮਾਲ-ਓ-ਦੌਲਤ ਸ਼ਾਹੀ ਖ਼ਜ਼ਾਨਾ ਮੇਂ ਜ਼ਬਤ ਕਰ ਕੇ ਕਤਲ ਕੀ ਸਜ਼ਾ ਦੀ ਗਈ"** ।[੮੦] ਇਹ ਸੀ ਇਨਸਾਫ਼ ਉਸ ਅਖੌਤੀ ਨਿਆਂਕਾਰ ਬਾਦਸ਼ਾਹ ਦਾ ਜਿਸਨੂੰ ਮੁਸਲਮਾਨ ਇਤਿਹਾਸਕਾਰਾਂ ਨੇ ਨਿਆਂਕਾਰ ਸਾਬਤ ਕਰਨ ਲਈ ਲਿਖਿਆ ਕਿ ਉਸਨੇ ਨਿਆਂ ਲਈ ਗ਼ਰੀਬਾਂ ਦੀ ਲਹੂ ਪਸੀਨੇ ਦੀ ਕਮਾਈ ਵਿਚੋਂ ੪ ਮਣ ਭਾਰੀ ਅਤੇ ੩੦ ਗਜ਼ ਲੰਮੀ ਇਕ ਜ਼ੰਜ਼ੀਰ ਲਟਕਾਈ ਹੋਈ ਸੀ ਜਿਸਨੂੰ ਖਿੱਚ ਕੇ ਕੋਈ ਵੀ ਇਨਸਾਫ਼ ਦੀ ਮੰਗ ਕਰ ਸਕਦਾ ਸੀ । ਵੱਡੇ ਤੋਂ ਵੱਡੇ ਗੁਨਾਹਗਾਰ ਨੂੰ ਵੀ ਅਪਣਾ ਪੱਖ ਪੇਸ਼ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ । ਪਰ ਜਹਾਂਗੀਰ ਤਾਂ ਤਖ਼ਤ ਤੇ ਬੈਠਣ ਵੇਲੇ ਹੀ ਸ਼ੇਖ਼ ਫ਼ਰੀਦ ਦੀ ਮੁੱਠੀ ਵਿੱਚ ਆ ਚੁੱਕਾ ਸੀ ਤੇ ਮੁਜੱਦਦ ਨੂੰ ਵਚਨ ਦੇ ਚੁੱਕਾ ਸੀ ਕਿ ਗੁਰੂ ਜੀ ਨੂੰ ਕੱਤਲ ਕਰਵਾਇਆ ਜਾਵੇਗਾ । ਜਹਾਂਗੀਰ ਨੂੰ ਉਸ (ਸ਼ੇਖ਼ ਫ਼ਰੀਦ) ਉੱਪਰ ਇਤਨਾ ਇਤਬਾਰ ਸੀ ਕਿ ਕਿਸੇ ਪੁੱਛ ਪੜਤਾਲ ਦੀ ਲੋੜ ਹੀ ਨਾ ਸਮਝੀ ਗਈ । ਉਸਦਾ ਕਿਹਾ ਜਹਾਂਗੀਰ ਕਿਵੇਂ ਮੋੜ ਸਕਦਾ ਸੀ ? ਸ਼ੇਖ਼ ਫ਼ਰੀਦ ਆਪ ਵੀ ਕਿਸੇ ਤਰ੍ਹਾਂ ਦੀ ਕੋਈ ਰਿਆਇਤ ਗੁਰੂ ਜੀ ਨੂੰ ਦੇਣ ਲਈ ਤਿਆਰ ਨਹੀਂ ਸੀ ।

ਗੁਰੂ ਜੀ ਨੂੰ ੨੪ ਮਈ ੧੬੦੬ ਨੂੰ ਕੈਦ ਵਿੱਚ ਬੰਦ ਕਰ ਦਿੱਤਾ ਗਿਆ । ਜਹਾਂਗੀਰ ਲਿਖਦਾ ਹੈ ਕਿ ਗੁਰੂ ਜੀ ਦੇ ਨਾਲ ਰਾਜੂ ਤੇ ਅੰਬਾ ਨਾਂ ਦੇ ਦੋ ਬਦਮਾਸ਼,ਜਿਨ੍ਹਾਂ ਨੂੰ ਉਹ ਗੁਰੂ ਜੀ ਦੇ ਸਾਥੀ ਲਿਖਦਾ ਹੈ, ਵੀ ਕੈਦ ਕੀਤੇ ਗਏ । ਸਿੱਖ ਇਤਿਹਾਸ ਵਿੱਚ ਅਜਿਹੇ ਦੋ ਸਿੱਖਾਂ ਦਾ ਕੋਈ ਜ਼ਿਕਰ ਨਹੀਂ । ਇਹ ਵੀ ਗੁਰੂ ਜੀ ਨੂੰ ਡਾਕੂਆਂ ਬਦਮਾਸ਼ਾਂ ਦਾ ਸਰਪ੍ਰਸਤ ਜ਼ਾਹਰ ਕਰ ਕੇ ਬਦਨਾਮ ਕਰਨ ਦੀ ਹੀ ਚਾਲ ਸੀ ਭਾਵੇਂ ਕਿ ਗੁਰੂ ਜੀ ਬਿਧੀ ਚੰਦ ਵਰਗੇ ਬਦਮਾਸ਼ਾਂ ਨੂੰ ਵੀ ਸੁਧਾਰ ਕੇ ਨੇਕ ਬਣਾ ਰਹੇ ਸਨ । ਜੇ ਸੱਚ ਮੁੱਚ ਹੀ ਅਜਿਹੇ ਕੋਈ ਸਿੱਖ ਹੁੰਦੇ ਤਾਂ ਬਿਧੀ ਚੰਦ ਵਾਂਗ ਹੀ ਸਿੱਖਾਂ ਨੇ ਉਨ੍ਹਾਂ ਨੂੰ ਵੀ ਸਤਿਕਾਰ ਸਹਿਤ ਯਾਦ ਕਰਨਾ ਸੀ ਤੇ ਸ਼ਹੀਦ ਦਾ ਦਰਜਾ ਦੇਣਾ ਸੀ । ਪ੍ਰੰਤੂ ਰਾਜੂ ਤੇ ਅੰਬਾ ਦਾ ਜ਼ਿਕਰ ਸਿਵਾਏ ਤੁਜ਼ਕ ਦੇ ਹੋਰ ਕਿਸੇ ਵੀ ਇਤਿਹਾਸਕਾਰ ਨੇ ਨਹੀਂ ਕੀਤਾ ਜਿਸ ਤੋਂ ਜ਼ਾਹਰ ਹੈ ਕਿ ਇਹ ਗੁਰੂ ਜੀ ਨੂੰ ਬਦਨਾਮ ਕਰਨ ਦੀ ਹੀ ਚਾਲ ਸੀ ।

ਗੁਰੂ ਜੀ ੨੪ ਮਈ ਤੋਂ ੩੦ ਮਈ ਤੱਕ ਕੈਦ ਵਿੱਚ ਬੰਦ ਰਹੇ । ਆਪ ਉੱਪਰ ਸਖ਼ਤ ਪਹਿਰਾ ਸੀ । ਪੰਜ ਸਿਖ (ਭਾਈ ਜੇਠਾ, ਭਾਈ ਬਿਧੀਆ, ਭਾਈ ਪਿਰਾਣਾ, ਭਾਈ ਪੈੜਾ ਅਤੇ ਭਾਈ ਲੰਗਾਹ) ਹਰ ਰੋਜ਼ ਗੁਰੂ ਜੀ ਨੂੰ ਮਿਲਣ ਲਈ ਜਾਂਦੇ ਰਹੇ ਪਰ ਪਹਿਰੇਦਾਰ ਵਲੋਂ ਬਾਹਰੋਂ ਹੀ ਮੋੜ ਦਿੱਤੇ ਜਾਂਦੇ ਸਨ । ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਸਿੰਘਾਂ ਵਲੋਂ ਬਿਲਾ ਨਾਗ਼ਾ ਆਉਣ ਕਾਰਣ ਪਹਿਰੇਦਾਰ ਚਿੜ੍ਹ ਗਏ ਤੇ ਉਨ੍ਹਾਂ ਉਪਰ ਸਖ਼ਤੀ ਵਰਤੀ ਗਈ । ਅਨੇਕਾਂ ਸ਼ਰਧਾਲੂਆਂ ਦੇ

---

[78] ਸਰਦਾਰ ਤਰਲੋਚਨ ਸਿੰਘ ਆਪਣੀ ਪੁਸਤਕ "ਗੁਰੂ ਤੇਗ ਬਹਾਦਰ" ਦੇ ਪੰਨਾ ੩੭ ਤੇ ਲਿਖਦੇ ਹਨ ਕਿ ਗੁਰੂ ਜੀ ਦਾ ਘਰ ਬਾਰ ਅਤੇ ਬੱਚੇ ਮਰੁਤਜ਼ਾ ਖਾਂ ਨੂੰ ਨਹੀਂ ਫੜਨ ਦਿੱਤੇ ਗਏ ਕਿਉਕਿ ਸਾਈਂ ਮੀਆਂ ਮੀਰ ਜੀ ਨੇ ਜਹਾਂਗੀਰ ਤੋਂ ਇਹ ਰਿਆਇਤ ਮਨਵਾ ਲਈ ਸੀ । ਇਹੋ ਗੱਲ ਖ਼ੁਸ਼ਵੰਤ ਸਿੰਘ ਲਿਖਦੇ ਹਨ ,"The Emperor's order to arrest the Guru's family and confiscate his property was not carried out."(A history of the Sikhs page 63)। ਆਪਣੀ ਪੁਸਤਕ, "Glossary of Panjab Tribes and castes" ਦੇ ਜਿਲਦ ੧ ਪੰਨਾ ੬੮੩ ਤੇ Mr. Rose ਲਿਖਦੇ ਹਨ ਕਿ ਸਾਈਂ ਮੀਆਂ ਮੀਰ ਜੀ ਰੋ ਪਏ ਅਤੇ ਗੁਰੂ ਜੀ ਨੇ ਧਰਿਜ ਦਿੰਦਿਆ ਕਿਹਾ, "ਮੀਰ ਜੀ ਇਹ ਸਭ ਕੁੱਝ ਅੱਲਾ ਦੇ ਭਾਣੇ ਵਿਚ ਵਾਪਰ ਰਿਹਾ ਹੈ"।

[79] ਅਸੂਲਨ ਪੰਜਾਬ ਦੇ ਕਿਸੇ ਵੀ ਦੋਸ਼ੀ ਨੂੰ ਸਜ਼ਾ ਦੇਣ ਦਾ ਹੱਕ ਪੰਜਾਬ ਦੇ ਸੂਬੇਦਾਰ ਕੁਲੀਜ ਖਾਂ ਦਾ ਸੀ । ਮੁਰਤਜ਼ਾ ਖਾਂ ਨੂੰ ਗੁਰੂ ਜੀ ਦੀ ਗ੍ਰਿਫਤਾਰੀ ਕਰਨ ਅਤੇ ਘਰ ਘਾਟ ਲੁੱਟ ਕੇ ਕਤਲ ਕਰਨ ਨੂੰ ਕਹਿਣ ਤੋਂ ਸਾਫ ਜ਼ਾਹਰ ਹੈ ਕਿ ਇਸ ਦੀ ਮੰਗ ਮੁਰਤਜ਼ਾ ਖਾਂ ਵਲੋਂ ਹੀ ਕੀਤੀ ਗਈ ਹੋਵੇਗੀ । ਮੁਰਤਜ਼ਾ ਖਾਂ ਉਸ ਵੇਲੇ ਗੁਜਰਾਤ ਦਾ ਸੂਬੇਦਾਰ ਸੀ । ਉਹ ਗੁਰੂ ਜੀ ਦੀ ਸ਼ਹੀਦੀ ਤੋਂ ਪੰਜ ਸਾਲ ਬਾਦ ਹੀ ੧੬੧੧ ਵਿੱਚ ਪੰਜਾਬ ਦਾ ਸੂਬੇਦਾਰ ਬਣਿਆ ਸੀ ।

[80] ਅਮਾ ਉਲਕਤਲ ਵਾ ਅਮਾਉਲਇਸਲਾਮ= ਜਾਂ ਕਤਲ ਕਰ ਦਿਓ ਜਾਂ ਇਸਲਾਮ ਕਬੂਲ ਕਰਵਾ ਲਵੋ।

ਕੈਦ ਦੇ ਬਾਹਰ ਆਉਣ ਤੇ ਸ਼ਰਧਾ ਜ਼ਾਹਰ ਕਰਨ ਦੇ ਅਸਰ ਨੂੰ ਘਟਾਉਣ ਲਈ ਗੁਰੂ ਜੀ ਨੂੰ ਚੁੱਪ ਚੁਪੀਤੇ ਇੱਕ ਹਵੇਲੀ ਵਿੱਚ ਬਦਲ ਦਿੱਤਾ ਗਿਆ ਤੇ ਇਹ ਟਿਕਾਣਾ ਗੁਪਤ ਰਖਿਆ ਗਿਆ।[੮੧]

ਪੁਸਤਕ Jehangir and the Jesuits ਦੇ ਪੰਨਾ ੧੨ ਉਪਰ ਲਿਖਿਆ ਹੈ, "Certain gentiles interceded on behalf of their holy man and in the end he was allowed to purchase his freedom for a hundred thousand crusadoes for which a wealthy gentile became his surety……… **<u>but neither the Guru nor those about him could meet the demands of his tomentor</u>**

**ਅਨੁਵਾਦ:** ਕੁੱਝ ਹਿੰਦੂਆਂ ਨੇ ਆਪਣੇ ਗੁਰੂ ਜੀ ਦੀ ਖ਼ਾਤਰ ਅਰਜ਼ ਗੁਜ਼ਾਰੀ ਤੇ ਅੰਤ ੧੦੦,੦੦੦ ਕਰੂਸੇਡੋ ਦੇਣੇ ਮੰਨ ਕੇ ਉਨ੍ਹਾਂ ਦੀ ਰਿਹਾਈ ਪ੍ਰਵਾਨ ਕਰਵਾ ਲਈ ਤੇ ਇਸ ਰਕਮ ਲਈ ਇਕ ਧਨਾਢ ਹਿੰਦੂ [੮੨] ਨੇ ਅਪਣੀ ਜ਼ਮਾਨਤ ਦੇ ਦਿਤੀ………<u>ਪਰ ਨਾਂ ਤਾਂ ਇਨ੍ਹਾਂ ਸ਼ਰਤਾਂ ਨੂੰ ਮੰਨਣ ਲਈ ਗੁਰੂ ਜੀ ਹੀ ਤਿਆਰ ਹੋਏ ਅਤੇ ਨਾਂ ਹੀ ਉਨ੍ਹਾਂ ਦੇ ਸਾਥੀ ਹੀ ਜ਼ਾਲਮ ਦੀਆਂ ਸ਼ਰਤਾਂ ਪੂਰੀਆਂ ਕਰ ਸਕਦੇ ਸਨ ।</u>

ਉਹ ਕਿਹੜੀਆਂ ਸ਼ਰਤਾਂ ਸਨ? ਇਸ ਬਾਰੇ ਵੱਖੋ ਵਖਰੇ ਲਿਖਾਰੀ ਵਖੋ ਵੱਖਰੀ ਰਾਏ ਰਖਦੇ ਹਨ । ਕੁੱਝ ਲਿਖਦੇ ਹਨ ਕਿ ਗੁਰੂ ਜੀ ਨੂੰ ਇਸਲਾਮ ਕਬੂਲ ਕਰਨ ਕਈ ਕਿਹਾ ਗਿਆ ਕੁੱਝ ਹੋਰ ਲਿਖਦੇ ਹਨ ਕਿ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਹਜ਼ਰਤ ਮੁਹੰਮਦ ਦੀ ਉਸਤਤ ਲਿਖਣ ਲਈ ਮਜਬੂਰ ਕੀਤਾ ਗਿਆ ।[83]

ਜਹਾਂਗੀਰ ਦੀ ਅਪਣੀ ਲਿਖਤ ਦਸਦੀ ਹੈ ਕਿ ਨਿਸ਼ਾਨਾ ਗੁਰੂ ਜੀ ਨੂੰ ਮੁਸਲਮਾਨ ਬਣਾਉਣਾ ਸੀ । ਜਿਸ ਗੱਲ ਨੂੰ ਗੁਰੂ ਜੀ ਬਿਲਕੁਲ ਮੰਨਣ ਲਈ ਤਿਆਰ ਨਹੀਂ ਹੋ ਸਕਦੇ ਸਨ । ਰੁਪਏ ਲੈ ਕੇ ਛੱਡਣ ਨਾਲ ਜਹਾਂਗੀਰ ਦੀ ਇਹ ਇੱਛਾ ਪੂਰੀ ਨਹੀਂ ਸੀ ਹੁੰਦੀ । ਹੋ ਸਕਦਾ ਹੈ ਕਿ ਰੁਪਏ ਲੈ ਕੇ ਛੱਡਣ ਲਈ ਜਹਾਂਗੀਰ ਇਸ ਲਈ ਮੰਨ ਗਿਆ ਹੋਵੇ ਕਿ ਛੱਡਣ ਉਪ੍ਰੰਤ ਗੁਰੂ ਜੀ ਮੁਸਲਮਾਨ ਹੋਣਾ ਪ੍ਰਵਾਨ ਕਰ ਲੈਣਗੇ । ਉਪ੍ਰੋਕਤ ਦਿੱਤੀਆਂ ਅੰਤਲੀਆਂ ਸਤਰਾਂ ਤੋਂ ਸਾਫ ਜ਼ਾਹਰ ਹੈ ਕਿ ਜ਼ਰੂਰ ਕੋਈ ਐਸੀ ਸ਼ਰਤ ਸੀ (ਜਾਂ ਸ਼ਰਤਾਂ ਸਨ) ਜਿਸ/ਜਿਨ੍ਹਾਂ ਨੂੰ ਗੁਰੂ ਜੀ ਤੇ ਸਿੱਖ ਕਿਸੇ ਹਾਲਤ ਵਿਚ ਵੀ ਮੰਨਣ ਲਈ ਤਿਆਰ ਨਹੀਂ ਸਨ ਹੋ ਸਕਦੇ ।

ਗੁਰੂ ਜੀ ਤੋਂ ਰਕਮ ਮੰਗਣ ਵਾਲੀ ਗੱਲ ਦਬਿਸਤਾਨ-ਏ-ਮਜ਼ਾਹਿਬ ਦੇ ਪੰਨਾ ੨੩੪ ਤੇ ਵੀ ਲਿਖੀ ਮਿਲਦੀ ਹੈ । ਉੱਥੇ ਲਿਖਿਆ ਹੈ, "**ਭਾਰੀ ਰਕਮ ਉਨ੍ਹਾਂ ਤੋਂ ਮੰਗੀ ਗਈ ਜੋ ਉਹ ਤਾਰਨ ਤੋਂ ਅਸਮਰਥ ਰਹੇ**" ਇਸ ਗੱਲ ਨੂੰ ਕੇਸਰ ਸਿੰਘ ਛਿੱਬਰ[੮੪] ਵੀ ਮੰਨਦੇ ਹਨ ਪਰ ਨਾਲ ਹੀ ਗੁਰੂ ਜੀ ਦਾ ਉੱਤਰ ਵੀ ਲਿਖਦੇ ਹਨ ।ਗੁਰੂ ਜੀ ਨੇ ਕਿਹਾ:

---

[81] H.R.Gupta writes, "The Guru was imprisoned in the Lahore Fort" (Histrory of the Sikhs P.151)

[82] ਇਹ ਧਨਾਢ ਹਿੰਦੂ ਕੌਣ ਸੀ ? ਇਸ ਬਾਰੇ ਲਿਖਾਰੀ ਨੇ ਕੋਈ ਇਸ਼ਾਰਾ ਨਹੀਂ ਕੀਤਾ । ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਲਾਹੌਰ ਵਿੱਚ ਗੁਰੂ ਜੀ ਦਾ ਇੱਕ ਅਮੀਰ ਵਪਾਰੀ ਅਨਿਨ ਸਿਖ ਰਹਿੰਦਾ ਸੀ ਜਿਸ ਦਾ ਨਾਂ ਚੰਦੂ ਸ਼ਾਹ ਸੀ (ਇਹ ਉਹ ਚੰਦੂ ਸ਼ਾਹ ਨਹੀਂ ਜਿਸ ਬਾਰੇ ਹਰਿਗੋਬਿੰਦ ਜੀ ਨਾਲ ਰਿਸ਼ਤੇ ਦੀ ਗੱਲ ਚੱਲੀ ਸੀ) ਦੇਖੋ ਮਹਾਨ ਕੋਸ਼ ਪੰਨਾਂ ੪੮੨ ( ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇੱਕ ਪ੍ਰੇਮੀ ਸਿੱਖ)। ਸ਼ਾਇਦ ਇਸੇ ਨੂੰ ਬਦਨਾਮ ਕਰਨ ਲਈ ਤੇ ਇਕ ਤੀਰ ਨਾਲ ਦੋ ਸ਼ਿਕਾਰ ਕਰਨ ਲਈ ਚੰਦੂ ਸ਼ਾਹ ਦੀ ਕਹਾਣੀ ਘੜੀ ਗਈ ਹੋਵੇ ਜਿਸ ਦੇ ਮੂੰਹ ਚੜ੍ਹਣ ਨਾਲ ਗੁਰੂ ਜੀ ਦੀ ਸ਼ਹੀਦੀ ਚੰਦੂ ਜ਼ਿਮੇਂ ਲੱਗਣ ਲੱਗ ਪਈ ਹੋਵੇ ।

[83] ਮੈਕਾਲਿਫ ਅਪਣੀ ਪੁਸਤਕ The Sikh Religion ਦੀ ਦੂਜੀ ਜਿਲਦ ਦੇ ਪੰਨਾ ੯੨ ਤੇ ਲਿਖਦਾ ਹੈ ਕਿ ਗੁਰੂ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਜ਼ਰਤ ਮੁਹੰਮਦ ਦੀ ਉਸਤਤੀ ਲਿਖਣ ਲਈ ਕਿਹਾ ਗਿਆ । ਗੁਰੂ ਜੀ ਨੇ ਕਿਹਾ, " Regarding the erasure of hymns in the *Granth Sahib* ,I cannot erase or alter an iota." (Macauliffe Page 91)

[84] ਕੇਸਰ ਸਿੰਘ ਛਿੱਬਰ (੧੭੦੫-੧੭੮੦) ਪਿੰਡ ਕੜਿਆਲੇ ਦਾ ਬ੍ਰਾਹਮਣ, ਗੁਰਬਖਸ਼ ਸਿੰਘ ਦਾ ਪੁੱਤਰ ਸੀ ਅਤੇ ਦੀਵਾਨ ਦਰਗਾਹ ਮੱਲ ਦੇ ਪਰਵਾਰ ਵਿਚੋਂ ਸੀ। ਇਸ ਦੇ ਖਾਨਦਾਨ ਦਾ ਇਕ ਵਡੇਰਾ ਭਾਈ ਪਰਾਗਾ ਗੁਰੂ ਹਰਿਗੋਬਿੰਦ ਜੀ ਦਾ ਅਨਿਨ ਭਗਤ ਸੀ। ਇਨ੍ਹਾਂ ਨੇ ਆਪਣਾ ਗ੍ਰੰਥ "ਬੰਸਾਵਲੀ ਨਾਮਾ ਦਸਾਂ ਪਤਾਸ਼ਾਹੀਆਂ ਕਾ ੧੭੬੯ ਵਿੱਚ ਪੂਰਾ ਕੀਤਾ। ਕੇਸਰ ਸਿੰਘ ਪਾਸ ਆਪਣੇ ਨਾਨੇ ਧਰਮ ਚੰਦ ਪਾਸੋਂ ਮਿਲੀ ਗੁਰੂ ਗੋਬਿੰਦ ਸਿੰਘ ਜੀ ਦੀ ਆਮਦਨ-ਖਰਚ ਦੀ ਵਹੀ ਰਖੀ ਹੋਈ ਸੀ । ਇਹ ਲਿਖਦਾ ਹੈ , "<u>ਧਰਮ ਚੰਦ ਗੁਰੂ ਕੇ ਖ਼ਜ਼ਾਨਚੀ ਕਾ ਨਾਤੀ ਹੈ, ਪਰ ਗੁਰੂ ਕੀ ਵਡਿਆਈ ਇੱਕ ਨਾ ਜਾਤੀ ਹੈ</u>" ॥੬੩੧॥ ਕੁਝ ਵਿਦਵਾਨ ਲਿਖਦੇ ਹਨ ਕਿ ਭਾਈ ਮਤੀ ਦਾਸ ਅਤੇ ਸਤੀ ਦਾਸ ਇਨ੍ਹਾਂ ਦੇ ਰਿਸ਼ਤੇਦਾਰ ਸਨ ।

"ਅਸਾਂ ਫ਼ਕੀਰਾਂ ਪਾਸ ਧਨ ਕਿੱਥੇ, ਸਾਡੀ ਦੌਲਤ ਤਾਂ ਰੱਬ ਦਾ ਨਾਮ ਹੈ"।[੮੫]

ਜਾਪਦਾ ਹੈ ਕਿ ਰਕਮ ਜਾਂ ਤਾਂ ਧੌਂਸ ਨਾਲ ਮੰਗੀ ਜਾ ਰਹੀ ਸੀ ਜਿਸ ਨੂੰ ਮੰਨਣ ਲਈ ਗੁਰੂ ਜੀ (ਅਤੇ ਸਿੱਖ) ਤਿਆਰ ਨਹੀਂ ਸਨ ਜਾਂ ਇਸ ਨਾਲ ਇਸਲਾਮ ਕਬੂਲਣ ਦੀ ਸ਼ਰਤ ਲੱਗੀ ਹੋਈ ਸੀ । ਇਹ ਮੰਨਣਾ ਮੁਸ਼ਕਿਲ ਹੈ ਕਿ ਜਿਹੜਾ ਜਹਾਂਗੀਰ ਗੁਰੂ ਜੀ ਨੂੰ ਮੁਸਲਮਾਨ ਬਣਾਉਣ ਲਈ ਲਿਖਦਾ ਹੈ ਕਿ ਉਹ ਕਈ ਸਾਲਾਂ ਤੋਂ ਸੋਚ ਰਿਹਾ ਸੀ ਉਹ ਹੱਥ ਆਏ ਗੁਰੂ ਨੂੰ ਪੈਸੇ ਲੈਕੇ ਹੀ ਛੱਡ ਦਿੰਦਾ । ਫੇਰ ਇਹ ਵੀ ਦੇਖਣ ਵਾਲੀ ਗੱਲ ਹੈ ਕਿ ਗੁਰੂ ਜੀ ਦਾ ਘਰ ਘਾਟ ਲੁੱਟਣ ਦਾ ਹੁਕਮ ਤਾਂ ਉਹ ਪਹਿਲਾਂ ਦੀ ਦੇ ਚੁੱਕਾ ਸੀ (ਹੋਰ ਕਿਹੜਾ ਧਨ ਲੈਣਾ ਸੀ?)। ਇਸ ਸਬੰਧ ਵਿੱਚ ਸੂਰਜ ਪ੍ਰਕਾਸ਼ ਦੀ ਗਵਾਹੀ ਵਧੇਰੇ ਮੰਨਣਯੋਗ ਹੈ ।

" ਨਿਕਟ ਬੁਲਾਏ ਅਪਨ ਸਪਾਹੀ । ਜਲ ਭੋਜਨ ਪਹੁੰਚਣ ਦੇਹੁ ਨਾਹੀਂ ॥
ਜਬ ਲਾਗਹਿਗੀ ਤ੍ਰਿਖਾ ਮਹਾਨੀ, ਦੇ ਗਿਣ ਲਾਖ ਦੇਹੁ ਤਬ ਪਾਨੀ ॥
ਬਯਾਕੁਲ ਹੋਇ ਛੁਧਿਤ ਬਹੁ ਜਬੈ, ਲੇਹੁ ਲਾਖ ਦੇਹੁ ਭੋਜਨ ਤਬੈ ॥
ਨਿੰਦਰਾ ਤੇ ਜਬ ਸੁਪਤਣ ਚਹੈ ਲੇਹੁ ਲਾਖ ਤੋ ਸੋਵਨਿ ਦਹੈ ॥

ਅਨੁਵਾਦ:- ਅਪਣੇ ਸਪਾਹੀਆਂ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਅੰਨ ਪਾਣੀ ਅੰਦਰ ਜਾਣਾ ਬੰਦ ਕਰ ਦਿਉ । ਜਦ ਤ੍ਰੇਹ ਨਾਲ ਵਿਆਕੁਲ ਹੋ ਕੇ ਪਾਣੀ ਮੰਗੇ ਤਾਂ ਇਕ ਲੱਖ ਰੁਪਿਆ ਗਿਣਵਾ ਲਵੋ ਤਾਂ ਪਾਣੀ ਦਿਉ । ਜਦੋਂ ਭੁੱਖ ਨਾਲ ਬੁਰਾ ਹਾਲ ਹੋ ਜਾਵੇ ਤਾਂ ਇੱਕ ਲਖ ਹੋਰ ਗਿਣਵਾ ਲਵੋ ਤੇ ਭੋਜਨ ਕਰਨ ਦਿਉ । ਇਸ ਨੂੰ ਸੌਣ ਵੀ ਨਾ ਦਿਉ । ਜੇ ਕਰ ਸੌਣਾ ਚਾਹੇ ਤਾਂ ਇੱਕ ਲਖ ਰੁਪਿਆ ਲੈ ਕੇ ਹੀ ਅੱਖ ਲੱਗਣ ਦਿਉ ।

ਸੋ ਜਿਸ ਰਕਮ ਦੀ ਗੱਲ ਕੀਤੀ ਜਾ ਰਹੀ ਹੈ ਉਹ ਕੇਵਲ ਗੁਰੂ ਜੀ ਤੱਕ ਅੰਨ ਪਾਣੀ ਪਹੁੰਚਾਉਣ ਦਾ ਮੁੱਲ ਹੀ ਸੀ ਕੋਈ ਜੁਰਮਾਨਾ ਆਦਿਕ ਨਹੀਂ ਸੀ ਅਤੇ ਨਾਂ ਹੀ ਗੁਰੂ ਜੀ ਨੂੰ ਛੱਡਣ ਬਦਲੇ ਖ਼ਲਾਸੀ ਭੇਂਟ (Ransom) ਸੀ । ਇਹ ਤਾਂ ਗੁਰੂ ਜੀ ਨੂੰ ਦਿੱਤੇ ਜਾ ਰਹੇ ਤਸੀਹਿਆਂ ਦਾ ਹੀ ਇੱਕ ਭਾਗ ਸੀ । ਕਿਸੇ ਬੰਦੇ ਨੂੰ ਉਸਦੇ ਮਿਸ਼ਨ ਤੋਂ ਡੇਗਣ ਲਈ ਦੋ ਵੱਡੇ

---

ਕੁਝ ਵਿਦਵਾਨ ਲਿਖਦੇ ਹਨ ਕਿ ਇਹ ਸਿਖ ਵਿਰੋਧੀ ਸੀ । ਸਿਖ 'ਫਤਹਿ' ਨੂੰ ਰੌਲਾ ਕਹਿੰਦਾ ਹੁੰਦਾ ਸੀ ਅਤੇ ਚਿੜਦਾ ਸੀ ਕਿ ਸਿਖ ਧਰਮ ਵਿਚ ਸ਼ੂਦਰਾਂ ਨੂੰ ਬਰਾਬਰ ਦਾ ਹੱਕ ਕਿਉਂ ਦਿਤਾ ਗਿਆ ਹੈ । ਕੋਇਰ ਸਿੰਘ ਵਲੋਂ ਜੋ ਕਹਾਣੀ ਗੁਰੂ ਗੋਬਿੰਸ ਸਿੰਘ ਨੂ ਦੇਵੀ ਦੀ ਪੂਜਾ ਕਰਨ ਬਾਰੇ ਲਿਖੀ ਗਈ ਸੀ ਇਹ ਉਸ ਨੂੰ ਸਹੀ ਕਹਿੰਦਾ ਸੀ ।

[85] ਦਬਿਸਤਾਨ-ਏ-ਮਜ਼ਾਹਬ ਦਾ ਕਰਤਾ ਮੁਹਸਨ ਫਾਨੀ ਲਿਖਦਾ ਹੈ ਕਿ ਗੁਰੂ ਜੀ ਨੂੰ ਦੋ ਲੱਖ ਰੁਪਏ ਜੁਰਮਾਨਾ ਕੀਤਾ ਗਿਆ ਸੀ । ਹਰਮੰਦਰ ਸਾਹਿਬ ਅਤੇ ਅੰਮ੍ਰਿਤਸਰ ਦੇ ਸ੍ਰੋਵਰਾਂ ਨੂੰ ਖ਼ਰੀਦਣ ਲਈ ਕੋਈ ਤਿਆਰ ਨਹੀਂ ਸੀ । ਇਸ ਲਈ ਜੁਰਮਾਨਾ ਨਾ ਤਾਰਿਆ ਜਾ ਸਕਿਆ ।ਸਜ਼ਾ ਲਈ ਗੁਰੂ ਜੀ ਦੇ ਸਪੁੱਤਰ ਹਰਿਗੋਬਿੰਦ ਨੂੰ ਪਕੜ ਕੇ ੧੨ ਸਾਲ ਲਈ ਗਵਾਲੀਆਰ ਦੇ ਕਿਲ੍ਹੇ ਵਿੱਚ ਬੰਦ ਕਰ ਦਿੱਤਾ ਗਿਆ । ਸਰਦਾਰ ਗੰਡਾ ਸਿੰਘ ਜੀ ਲਿਖਦੇ ਹਨ ਕਿ ਚੱਕ ਰਾਮਦਾਸ ਅਤੇ ਗੁਰੂ ਜੀ ਦੀਆਂ ਹੋਰ ਜ਼ਮੀਨਾਂ ਨੂੰ ਜ਼ਬਤ ਕਰ ਲਿਆ ਗਿਆ ਸੀ । ਅਖ਼ਬਾਰਾਤ-ਏ- ਦਰਬਾਰ-ਏ-ਮੁਅੱਲਾ (੩੦.ਦਸੰਬਰ ੧੭੧੧) ਵਿੱਚ ਲਿਖਿਆ ਹੈ ਕਿ ਜਦ ਬਾਬਾ ਬੰਦਾ ਬਹਾਦਰ ਲਾਹੌਰ ਵੱਲ ਨੂੰ ਧਾਈ ਕਰੀ ਜਾ ਰਿਹਾ ਸੀ ਤਾਂ ਬਹਾਦਰ ਸ਼ਾਹ ਨੇ ਇਹ ਹੁਕਮ ਕੱਢਿਆ ਸੀ ਕਿ ਗੁਰੂ ਜੀ ਦੀ ਸਾਰੀ ਜ਼ਬਤ ਕੀਤੀ ਜਾਇਦਾਦ ਗੁਰੂ ਜੀ ਦੇ ਮੁਤਬੰਨੇ ਪੁੱਤਰ ਅਜੀਤ ਸਿੰਘ ਦੇ ਨਾਂ ਕਰ ਦਿੱਤੀ ਜਾਵੇ । ordered "the release of the long confiscated lands of Chak Guru,Amritsar,in the name of Ajit Singh,the son of Guru Gobind Singh" (Ganda Singh .The Sikh Review 1972 page 11) ਕੀ ਐਨੇ ਸਾਲ ਜਾਇਦਾਦ ਜ਼ਬਤ ਹੀ ਰਹੀ ?

ਨੋਟ:- ਅਜੀਤ ਸਿੰਘ ਬੁਰਹਾਨਪੁਰ ਦੇ ਸੁਨਿਆਰਿਆਂ ਦਾ ਲੜਕਾ ਸੀ ਜਿਸ ਨੂੰ ਮਾਤਾ ਜੀਤੋ ਜੀ ਨੇ ਆਪਣੇ ਪੁੱਤਰ ਅਜੀਤ ਸਿੰਘ ਦੀ ਸ਼ਕਲ ਨਾਲ ਸ਼ਕਲ ਮਿਲਣ ਕਰਕੇ ਮੁਤਬੰਨਾ ਪੁੱਤਰ ਬਣਾ ਲਿਆ ਸੀ । ਪਿੱਛੋਂ ਇਹ ਗੁਰੂ ਬਣ ਬੈਠਾ,ਤਮਾਕੂ ਵਰਤਣ ਲੱਗਾ ਤੇ ਕੇਸ ਕਤਲ ਕਰਵਾ ਦਿੱਤੇ । ਮਾਤਾ ਜੀ ਨੇ ਤਿਆਗ ਦਿੱਤਾ । ਇੱਕ ਮੁਸਲਮਾਨ ਸਾਧ ਨੂੰ ਮਾਰਨ ਦੇ ਜੁਰਮ ਵਿੱਚ ਫੜਿਆ ਗਿਆ ਅਤੇ ਹਾਥੀ ਮਗਰ ਬੰਨ੍ਹ ਕੇ ਦਿੱਲੀ ਦੇ ਬਜ਼ਾਰਾਂ ਵਿੱਚ ਘੜੀਸੀਦਾ ਮੋਇਆ । ਇਸਦੀ ਸਮਾਧ ਸਬਜ਼ੀ ਮੰਡੀ ਦਿੱਲੀ ਵਿੱਚ ਹੈ ।ਪਿਛੋਂ ਇਸ ਦਾ ਪੁੱਤਰ ਹਾਥੀ ਸਿੰਘ ਗੁਰੂ ਅਖਵਾਉਣ ਲੱਗ ਪਿਆ ।

ਹਥਿਆਰ ਹੁੰਦੇ ਹਨ ਇਕ ਲਾਲਚ ਤੇ ਦੂਜਾ ਡਰ । ਪੈਸੇ ਅਤੇ ਐਸ਼ੋਇਸ਼ਰਤ ਦਾ ਲਾਲਚ ਗੁਰੂ ਜੀ ਲਈ ਕੋਈ ਖਿੱਚ ਨਹੀਂ ਸੀ ਰਖਦਾ ਤੇ ਰਕਮ ਉਹ ਬੜੀ ਆਸਾਨੀ ਨਾਲ ਤਾਰ ਸਕਦੇ ਸਨ । ਉਨ੍ਹਾਂ ਦੇ ਦੋਖੀ ਵੀ ਮੰਨਦੇ ਹਨ ਕਿ "ਬਹੁਤ ਖ਼ਜ਼ਾਨਾ ਤਾਕਉ ਆਵੇ, ਬਹੁਤ ਗ਼ਰੂਰ ਮਾਇਆ ਕਾ ਵਾ ਕਉ "। ਉਂਝ ਸਿਧਾਂਤਕ ਪਖੋਂ ਵੀ ਗੁਰੂ ਜੀ ਮਾਇਆ ਦੀ ਲੇਸ ਤੋਂ ਵਿਰਕਤ ਸਨ । ਉਹ ਤਾਂ ਆਪ ਹੀ ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ

"ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥ ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥ (ਪੰਨਾ ੧੪੨੫

ਆਪ ਜੀ ਦਾ ਸ੍ਰੀਰ ਬੇਹੱਦ ਕਮਜ਼ੋਰ ਹੋ ਚੁੱਕਾ ਸੀ ਪ੍ਰੰਤੂ ਆਪ ਦੀ ਦ੍ਰਿੜ੍ਹਤਾ ਵਿੱਚ ਰਤੀ ਭਰ ਵੀ ਫ਼ਰਕ ਨਹੀਂ ਸੀ ਆਇਆ । **"ਰਹੇ ਬਦੇਹੀ ਹੋਇ ਦ੍ਰਿੜ੍ਹ; ਬ੍ਰਹਮ ਗਿਆਨੀ ਨੀਕ ॥ ਜੋ ਬਰਨਿਉ ਮੱਧ ਸੁਖਮਨੀ,ਪਾਲ ਦਿਖਾਲਿਉ ਠੀਕ**

ਸੂਰਜ ਪ੍ਰਕਾਸ਼ ਦੇ ਕਰਤਾ ਜੀ ਲਿਖਦੇ ਹਨ ਕਿ "**ਪੰਜ ਦਿਵਸ ਬੀਤੇ ਇਸ ਭਾਤੀ**" । ਇਨ੍ਹਾਂ ਪੰਜ ਦਿਨਾਂ ਦੇ ਅਸਹਿ ਕਸ਼ਟਾਂ ਕਾਰਨ ਦਾਤਾਰ ਪਾਤਸ਼ਾਹ ਸ਼ਾਂਤੀ ਦੇ ਪੁੰਜ ਸਤਿਗੁਰੂ ਜੀ ਕਿੰਨ੍ਹਾਂ ਆਤਮਿਕ ਰੰਗਣਾਂ ਵਿੱਚ ਵਿੱਚਰ ਰਹੇ ਸਨ ਇਸ ਨੂੰ ਕੋਈ ਆਤਮਿਕ ਪਾਂਧੀ ਹੀ ਜਾਣੇ ਤਾਂ ਜਾਣੇ ਸਾਧਾਰਣ ਬੁੱਧੀ ਲਈ ਇਸ ਅਵਸਥਾ ਦਾ ਕਿਆਸ ਕਰਨਾ ਅਸੰਭਵ ਹੈ । ਭਾਈ ਸਾਹਿਬ ਭਾਈ ਗੁਰਦਾਸ ਜੀ ਸਤਿਗੁਰੂ ਜੀ ਦੀ ਆਖਰੀ ਰਾਤ ਦੀ ਮਾਨਸਿਕ ਅਵਸਥਾ ਦਾ ਚਿਤਰਣ ਅਪਣੀ ੨੪ਵੀਂ ਵਾਰ ਦੀ ੨੩ ਵੀਂ ਪੌੜੀ ਵਿਚ ਇਸ ਤਰ੍ਹਾਂ ਕਰਦੇ ਹਨ :

"ਰਹਿੰਦੇ ਗੁਰ ਦਰਿਆਉ ਵਿਚ ॥ ਮੀਨ ਕੁਲੀਨ ਹੇਤ ਨਿਰਬਾਣੀ ॥
ਦਰਸ਼ਨ ਦੇਖ ਪਤੰਗ ਜਿਉਂ,ਜੋਤੀ ਅੰਦਰ ਜੋਤ ਸਮਾਣੀ ॥
ਸ਼ਬਦ ਸੁਰਤ ਲਿਵ ਮਿਰਗ ਜਿਉਂ, ਭੀੜ ਪਈ ਚਿੱਤ ਅਵਰ ਨਾ ਆਣੀ॥
ਚਰਨ ਕੰਵਲ ਮਿਲ ਭੰਵਰ ਜਿਉਂ, ਸੁਖ ਸੰਪਟ ਵਿੱਚ ਰੈਣ ਵਿਹਾਣੀ ॥
ਗੁਰ ਉਪਦੇਸ਼ ਨਾ ਵੀਸਰੈ, ਬਾਬੀਹੇ ਜਿਉਂ ਆਖ ਵਖਾਣੀ ॥
ਗੁਰਮੁਖ ਸੁਖਫਲ ਪ੍ਰੇਮ ਰਸ, ਸਹਿਜ ਸਮਾਧਿ ਸਾਧ ਸੰਗ ਜਾਣੀ ॥
ਗੁਰੂ ਅਰਜਣ ਵਿਟਹੁੰ ਕੁਰਬਾਣੀ ॥ ॥੨੩॥

**ਅਨੁਵਾਦ**:- ਜਿਵੇਂ ਮੱਛੀ ਡੂੰਘੇ ਜਲ ਵਿੱਚ ਪ੍ਰਸੰਨ ਚਿੱਤ ਰਹਿੰਦੀ ਹੈ ਇਸੇ ਤਰਾਂ ਗੁਰੂ ਜੀ ਆਤਮਿਕ ਸਮਾਧੀ ਦੀ ਡੂੰਘਾਈ ਵਿੱਚ ਬਦੇਹ ਹੋ ਗਏ । ਜਿਵੇਂ ਪਤੰਗਾ ਅੱਗ ਦੀ ਲਾਟ ਤੇ ਆਪਾ ਕੁਰਬਾਨ ਕਰ ਦਿੰਦਾ ਹੈ ਗਰੂ ਜੀ ਨੇ ਤਪਸ਼ ਰਾਹੀਂ ਆਪਣਾ ਸਰੀਰ ਤਿਆਗ ਕੇ ਆਪਣੀ ਜੋਤ ਮਹਾਂ ਜੋਤ ਵਿਚ ਲੀਣ ਕਰ ਦਿੱਤੀ । ਜਿਵੇਂ ਹਿਰਨ ਘੰਡੇ ਰੇੜੇ ਦੀ ਆਵਾਜ਼ ਵੱਲ ਬਿਨਾਂ ਮੌਤ ਦੇ ਡਰ ਤੋਂ ਉੱਠ ਭੱਜਦਾ ਹੈ ਇਸੇ ਤਰ੍ਹਾਂ ਗੁਰੂ ਜੀ ਸਰੀਰਕ ਮੌਤ ਤੋਂ ਬੇਪਰਵਾਹ ਹੋ ਕੇ ਸ਼ਹੀਦੀ ਪਰਾਪਤ ਕਰ ਕੇ ਪਰਮ ਜੋਤ ਵਿੱਚ ਸਮਾ ਗਏ । ਜਿਵੇਂ ਭੌਰਾ ਕੰਵਲ ਫੁੱਲ ਦੀ ਸੁਗੰਧੀ ਦੀ ਖਾਤਰ ਕੰਵਲ ਫੁੱਲ ਵਿੱਚ ਕੈਦ ਹੋ ਜਾਂਦਾ ਹੈ ਸਤਗਿਰੂ ਜੀ ਸ਼ਾਨਤੀ ਪੂਰਵਕ ਬਾਣੀ ਨਾਲ ਜੁੜੇ ਰਹੇ ਅਤੇ ਇਸੇ ਤਰ੍ਹਾਂ ਆਤਮਿਕ ਸ਼ਾਤੀ ਵਿੱਚ ਕੈਦ ਹੋ ਕੇ ਰਾਤ ਗੁਜ਼ਾਰੀ । ਜਿਵੇਂ ਬਬੀਹਾ ਕੇਵਲ ਸਵਾਂਤੀ ਬੂੰਦ ਲਈ ਹੀ ਪੀਉ ਪੀਉ ਪੁਕਾਰਦਾ ਹੈ ਸਤਿਗੁਰੂ ਜੀ ਵੀ ਗੁਰ ਉਪਦੇਸ਼ ਨੂੰ ਪਰਚਾਰਨ ਹਿੱਤ ਹੀ ਤਾਣ ਲਾਉਂਦੇ ਰਹੇ ਅਤੇ ਸਿੱਖਾਂ ਨੂੰ ਗੁਰਬਾਣੀ ਪ੍ਰਤੀ ਦ੍ਰਿੜ ਰਹਿਣ ਦਾ ਹੀ ਉਪਦੇਸ਼ ਦਿੰਦੇ ਰਹੇ । ਗੁਰਮੁਖ ਪ੍ਰੇਮ ਰਸ ਦੇ ਸੁਖ ਫਲ ਵਿੱਚ ਇਨੇ ਮਸਤ ਹੋ ਗਏ ਕਿ ਸਹਿਜ ਅਵਸਥਾ ਵਿਚ ਰਹਿੰਦੇ ਹੋਏ ਤਸੀਹੇ ਭੁੱਲ ਕੇ ਸਮਾਧੀ ਵਿੱਚ ਹੀ ਡੁੱਬੇ ਰਹੇ । ਮੈਂ ਤਾਂ ਅਜਿਹੇ ਅਦੁਤੀ ਗੁਰੂ ਤੋਂ ਕੁਬਾਨ ਜਾਂਦਾ ਹਾਂ ।

ਉਨ੍ਹਾਂ ਦਿਨਾਂ ਵਿਚ ਦਰਿਆ ਰਾਵੀ ਦੀ ਇਕ ਸ਼ਾਖ ਉਥੋਂ ਦੀ ਲੰਘਦੀ ਸੀ ਜਿਥੇ ਅੱਜ ਕੱਲ੍ਹ ਲਾਹੌਰ ਵਿਚ ਗੁਰਦਵਾਰਾ ਡੇਰ੍ਹਾ ਸਾਹਿਬ ਸਥਿੱਤ ਹੈ । ਉਨ੍ਹਾ ਦਿਨਾਂ ਵਿੱਚ ਇੱਥੇ ਕਾਫ਼ੀ ਰੌਣਕ ਰਿਹਾ ਕਰਦੀ ਸੀ । ਅੱਜ ਕਲ੍ਹ ਇਹ ਸ਼ਾਖ ਐਵੇਂ ਨਾਂ ਮਾਤਰ ਇੱਕ ਬੁੱਢਾ ਨਾਲਾ ਜਿਹਾ ਹੀ ਰਹਿ ਗਈ ਹੈ । ਗੁਰੂ ਜੀ ਨੂੰ ਅਨੇਕਾਂ ਤਸੀਹੇ ਦੇ ਕੇ ਅਧਮੋਇਆ ਕਰ ਦਿੱਤਾ

ਗਿਆ । ਉਮਦਾਤ-ਉਲ-ਤਵਾਰੀਖ (ਸੋਹਣ ਲਾਲ-ਸੂਰੀ ੧੯੪੮) ਵਿੱਚ ਲਿਖਿਆ ਹੈ ਕਿ ਗੁਰੂ ਜੀ ਦੇ ਦੁਰਬਲ ਸ੍ਰੀਰ ਨੂੰ ਜਕੜ ਕੇ ਦਰਿਆ ਵਿਚ ਰੋੜ੍ਹ ਦਿੱਤਾ ਗਿਆ ।

ਉਸ ਦਿਨ ਪਤਾ ਨਹੀਂ ਲਾਹੌਰ ਦੀ ਕਿੰਨੀ ਖ਼ਲਕਤ ਇਹ ਭਿਆਨਕ ਨਜ਼ਾਰਾ ਦੇਖ ਰਹੀ ਹੋਵੇਗੀ । ਪਤਾ ਨਹੀਂ ਗੁਰੂ ਜੀ ਦੇ ਸੇਵਕਾਂ ਦੇ ਵਲੂੰਧਰੇ ਹਿਰਦਿਆਂ ਵਿੱਚ ਕਿੰਨੀ ਕੁ ਜੁਆਲਾ ਭੜਕ ਰਹੀ ਹੋਵੇਗੀ । ਪਤਾ ਨਹੀਂ ਰਹਿਮਾਨ-ਉਲ-ਰਹੀਮ ਅਲ੍ਹਾ ਦੇ ਨਿਰਦਈ ਦਾਵੇਦਾਰਾਂ ਨੇ ਕਿੰਨਾ ਕੁ ਕਹਿਰ ਕਮਾਇਆ ਹੋਵੇਗਾ । ਐਸਾ ਨਜ਼ਾਰਾ ਦੇਖ ਕੇ ਹਸਨ ਹੁਸੈਨ ਦੀਆਂ ਰੂਹਾਂ ਵੀ ਕੰਬ ਉੱਠੀਆਂ ਹੋਣਗੀਆਂ । ਇਸ ਤਰ੍ਹਾਂ ੩੦ ਮਈ ੧੬੦੬ ਨੂੰ ਗੁਰੂ ਜੀ ਅਪਣੇ ਪ੍ਰੀਤਮ ਦੇ ਚਰਨਾਂ ਵਿਚ ਜਾ ਬਿਰਾਜੇ ਅਤੇ ਅਪਣੀ ਅਦੁੱਤੀ ਕੁਰਬਾਨੀ ਨਾਲ ਸੰਸਾਰ ਨੂੰ ਗੁਰਬਾਣੀ ਦੀ ਸੀਤਲਤਾ ਦੇ ਨਾਲ ਨਾਲ ਕੁਰਬਾਨੀ ਦਾ ਸਿਰੜ ਵੀ ਬਖਸ਼ ਗਏ । ਇਸ ਦਿਨ ਆਪ ਦੀ ਉਮਰ ਕੇਵਲ ੪੩ ਸਾਲ ਇਕ ਮਹੀਨਾ ਅਤੇ ੧੫ ਦਿਨ ਸੀ ।

ਆਪ ਜੀ ਦੀ ਕੁਰਬਾਨੀ ਦੇ ਅਸਲੀ ਜ਼ਿਮੇਦਾਰ ਸ਼ੇਖ ਅਹਿਮਦ ਸਰਹੰਦੀ ਮੁਜੱਦਦ ਅਲਫ਼ ਸਾਨੀ ਨੇ ਇਸ ਸ਼ਹੀਦੀ ਦੀ ਖ਼ਬਰ ਪੁਜਦਿਆਂ ਹੀ ਬੇਹੱਦ ਖ਼ੁਸ਼ੀ ਮਨਾਈ ਤੇ ਅਪਣੇ ਕੱਠਪੁਤਲੀ ਚੇਲੇ ਸੇਖ ਫ਼ਰੀਦ ਮੁਰਤਜ਼ਾ ਖਾਂ ਨੂੰ ਹੇਠ ਲਿਖਿਆ ਪੱਤਰ ਲਿਖਿਆ

**"ਗੋਇੰਦਵਾਲ ਕੇ ਕਾਫ਼ਰ ਔਰ ਉਸਕੀ ਔਲਾਦ ਕਾ ਮਾਰਾ ਜਾਨਾ ਬਹੁਤ ਖ਼ੂਬ ਹੂਆ ਔਰ ਹਨੂਦ ਮਰਦੂਦ ਕੀ ਬੜੀ ਸ਼ਿਕਸ਼ਤ ਕਾ ਬਾਇਸ ਹੂਆ । ਖ਼ਵਾਹ ਉਸੇ ਕਿਸੀ ਨੀਯਤ ਸੇ ਕਤਲ ਕੀਆ ਗਿਆ ਹੈ ਔਰ ਖਵਾਹ ਕਿਸੀ ਗ਼ਰਜ਼ ਸੇ ਉਸੇ ਹਲਾਕ ਕੀਆ ਗਿਆ ਇਸ ਮੇਂ ਕੁਫ਼ਰ ਕੀ ਖ਼ੁਆਰੀ ਔਰ ਅਹਿਲਿ ਇਸਲਾਮ ਕੀ ਤਰੱਕੀ ਹੈ । ਮੈਂ ਨੇ ਇਸ ਕਾਫ਼ਰ ਕੇ ਕਤਲ ਹੋਨੇ ਸੇ ਪਹਿਲੇ ਖ਼ੁਆਬ ਮੇਂ ਦੇਖਾ ਕਿ ਬਾਦਸ਼ਾਹਿ-ਵਕਤ ਨੇ ਸ਼ਰਕ ਕੇ ਸਿਰ ਕੀ ਖੋਪੜੀ ਕੋ ਤੋੜਾ ਹੈ । ਵਾਕਈ ਵੁਹ ਬੁਤੱ-ਪ੍ਰਸਤ[੮੬] ਅਹਲਿ ਸ਼ਰਕ ਕਾ ਰਈਸ ਔਰ ਅਹਿਲਿ ਕੁਫ਼ਰ ਕਾ ਅਮਾਮ ਥਾ । ਅਲ੍ਹਾ ਤੁਆਲਾ ਇਨਹੇਂ ਖ਼ੁਆਰ ਕਰੇ"** (ਚਿੱਠੀ ਨੰਬਰ ੧੯੩ ਜਿਲਦ ਪਹਿਲੀ ਹਿੱਸਾ ਤੀਜਾ)

**Princip ਲਿਖਦਾ ਹੈ, "ਜਹਾਂਗੀਰ ਨੇ ਤਖਤ ਉਤੇ ਬੈਠਦੇ ਸਾਰ ਇਸਲਾਮ ਦੇ ਅਸੂਲਾਂ ਨੂੰ ਉਜਾਗਰ ਕੀਤਾ ਜਿਨ੍ਹਾਂ ਨੂੰ ਅਕਬਰ ਦੇ ਸਮੇਂ ਤਿਲਾਂਜਲੀ ਦੇ ਦਿੱਤੀ ਗਈ ਸੀ । ਨਾਲ ਹੀ ਗ਼ੈਰ-ਮੁਸਲਮਾਨਾਂ ਉਪਰ ਸਖ਼ਤੀ ਦਾ ਦੌਰ ਸ਼ੁਰੂ ਹੋ ਗਿਆ."**
ਸੋ ਇਹ ਗੱਲ ਸਪਸ਼ਟ ਹੈ ਕਿ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਮੁਜੱਦਦ ਵਰਗੇ ਕਟੜ ਮੁਸਲਮਾਨਾਂ ਵਲੋਂ ਜਹਾਂਗੀਰ ਨੂੰ ਉਕਸਾ ਕੇ ਹਿੰਦੂਆ ਦਾ ਮਲੀਆਮੇਟ ਕਰਨ ਦੀ ਗੁਪਤ ਨੀਤੀ ਸੀ ।

## ੩.੮ ਤਸੀਹੇ ਅਤੇ ਅੰਤਮ ਸੰਸਕਾਰ

ਗੁਰੂ ਜੀ ਤੋਂ ਇਸਲਾਮ ਕਬੂਲ ਕਰਵਾਉਣ ਦਾ ਸ਼ਰਈ ਤ੍ਰੀਕਾ ਤਸੀਹੇ ਦੇ ਕੇ ਦੁਖੀ ਕਰਕੇ ਈਨ ਮਨਵਾਉਣਾ ਸੀ । ਗੁਰੂ ਜੀ ਨੂੰ ਜਿਹਲ ਵਿੱਚ ਕੀ ਕੀ ਤਸੀਹੇ ਦਿੱਤੇ ਗਏ ਇਨ੍ਹਾਂ ਬਾਰੇ ਅਪਣੀ ਤੁਜ਼ਕ ਵਿਚ ਜਹਾਂਗੀਰ ਕੋਈ ਇਸ਼ਾਰਾ ਨਹੀਂ ਕਰਦਾ । ਹੋਰ ਕਿਧਰੇ ਵੀ ਕੋਈ ਪ੍ਰਮਾਣੀਕ ਵੇਰਵਾ ਨਹੀਂ ਮਿਲਦਾ । ਪ੍ਰੰਤੂ ਐਸੇ ਤਸੀਹਿਆਂ ਦਾ ਕਿਆਸ ਕਰਨਾ ਕੋਈ ਮੁਸ਼ਕਲ ਵੀ ਨਹੀਂ ਕਿਉਂਕਿ ਗੁਰੂ ਜੀ ਨੂੰ ਯਾਸਾ ਦੇ ਕਾਨੂੰਨ[੮੭] ਹੇਠ ਸ਼ਹੀਦ ਕਰਨ ਦੀ ਸਜ਼ਾ ਦਿੱਤੀ ਗਈ ਸੀ ਜਿਸ ਵਿੱਚ ਕਿਸੇ ਧਾਰਮਿਕ ਵਿਅਕਤੀ ਨੂੰ ਉਸ ਦਾ ਖ਼ੂਨ ਡੁਲ੍ਹਣ ਤੋਂ ਬਿਨਾ ਤਸੀਹੇ ਦੇ ਕੇ ਮਾਰਨਾ ਹੁੰਦਾ ਹੈ ।

---

[86] ਬੁਤ-ਪਰਸਤੀ ( ਬੁੱਤਾਂ ਦੀ ਪੂਜਾ) ਸਿੱਖਾਂ ਵਿਚ ਮੁੱਢ ਤੋਂ ਹੀ ਵਿਵਰਜਤ ਕੀਤੀ ਗਈ ਹੈ । ਇਸ ਲਿਖਤ ਤੋਂ ਜ਼ਾਹਰ ਹੈ ਕਿ ਗੁਰੂ ਜੀ ਬਾਰੇ ਮੁਜੱਦਦ ਨੂੰ ਕੋਈ ਬਹੁਤੀ ਵਾਕਫ਼ੀਅਤ ਨਹੀਂ ਸੀ । ਉਨ੍ਹਾਂ ਨੂੰ ਉਹ ਹਿੰਦੂ (ਬੁਤ ਪੂਜ) ਸਮਝਦਾ ਸੀ ਤੇ ਬੱਸ ਇਹੋ ਗੁਰੂ ਜੀ ਦਾ ਕਸੂਰ ਸੀ ।

[87] ਯਾਸਾ ਦਾ ਕਾਨੂੰਨ ਪਹਿਲੀ ਵਾਰ ਚੰਗੇਜ਼ ਖਾਂ (੧੧੫੪-੧੨੨੭) ਨੇ ਵਰਤਿਆ ਸੀ । ਇਸ ਅਨੁਸਾਰ ਆਤਮਿਕ ਤੌਰ ਤੇ ਬਲਵਾਨ ਜਾਂ ਰਾਜ ਦੰਡ ਦੇ ਅਧਿਕਾਰੀ ਨੂੰ ਤਸੀਹੇ ਦੇ ਕੇ ਇਸ ਤਰ੍ਹਾਂ ਮਾਰਿਆ ਜਾਂਦਾ ਸੀ ਕਿ ਉਸ ਦਾ ਖ਼ੂਨ ਨਾ ਨਿਕਲੇ ।ਚੀਨ, ਕੋਰੀਆਂ ਅਤੇ ਈਰਾਨ ਵਿੱਚ ਇਸ ਕਾਨੂਨ ਅਧੀਨ ਲੱਖਾਂ ਲੋਕ ਮਰਵਾਏ ਗਏ ਸਨ । ਦੁਨੀਆਂ ਦਾ ਸਭ ਤੋਂ ਨਿਰਦਈ ਸ਼ਾਸ਼ਕ ਇਸੇ ਨੂੰ ਮੰਨਿਆ ਜਾਂਦਾ ਹੈ ।

ਵੱਖੋ ਵੱਖਰੇ ਲਿਖਾਰੀ ਵੱਖੋ ਵੱਖਰੇ ਤਸੀਹੇ ਲਿਖਦੇ ਹਨ ਕਿਉਂਕਿ ਗੁਰੂ ਜੀ ਤੱਕ ਕਿਸੇ ਨੂੰ ਪਹੁੰਚਣ ਹੀ ਨਹੀਂ ਦਿੱਤਾ ਜਾਂਦਾ ਸੀ । ਇਸ ਗੱਲ ਨਾਲ ਸਭ ਲਿਖਾਰੀ ਹੀ ਸਹਿਮਤ ਹਨ ਕਿ ਗੁਰੂ ਜੀ ਨੂੰ ਭੁੱਖੇ ਤਿਹਾਏ ਰੱਖਿਆ ਗਿਆ । ਕੁੱਝ ਲਿਖਾਰੀ ਇਹ ਵੀ ਲਿਖਦੇ ਹਨ ਕਿ ਗੁਰੂ ਜੀ ਨੂੰ ਬਾਰ ਬਾਰ ਗਰਮ ਪਾਣੀ ਵਿੱਚ ਬਿਠਾਇਆ ਗਿਆ ਅਤੇ ਬਾਹਰ ਕੱਢ ਕੇ ਸੋਚਣ ਦਾ ਮੌਕਾ ਦਿੱਤਾ ਗਿਆ । ਇਹ ਵੀ ਲਿਖਿਆ ਮਿਲਦਾ ਹੈ ਕਿ ਗਰਮ ਗਰਮ ਰੇਤਾ ਗੁਰੂ ਜੀ ਦੇ ਸੀਸ ਉੱਪਰ ਪਾਇਆ ਗਿਆ (ਦੇਖੋ ਸੂਰਜ ਪ੍ਰਕਾਸ਼) ।[੮੮] ਸਿੱਖ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਜੀ ਨੂੰ ਤੱਤੀ ਤਵੀ ਉੱਪਰ ਬਿਠਾਇਆ ਗਿਆ।[੮੯]

ਕੇਸਰ ਸਿੰਘ ਛਿਬੱਰ ਲਿਖਦੇ ਹਨ:

**"ਓੜਕ ਬੰਧ ਕੇ ਰੇਤੀ ਵਿੱਚ ਸੁਟਵਾਏ ॥ ਜੇਠ ਹਾੜ ਦੀ ਧੁੱਪ ਪਿੰਡਾ ਸੜ ਜਾਏ ॥**
**ਇਕ ਸੌ ਮੁਗਲ ਕਾਫ਼ਰ ਨੇ ਇੱਟ ਚਲਾਈ, ਨਾਲੇ ਮੂੰਹ ਤੇ ਮੰਦਾ ਅਲਾਈ ॥ ੧੩੯॥**
**ਸੋ ਭਰਵੱਟੇ ਉੱਪਰ ਚੋਟ ਆਇ ਲੱਗੀ, ਚਲਿਆ ਲਹੂ ਧਾਰਾਂ ਵੱਗੀ ॥**
**ਤਿਸੀ ਚੋਟ ਕਰ ਛੁੱਟੀ ਦੇਹ, ਪਈ ਸਿਰ ਦੁਸ਼ਟਾਂ ਦੇ ਖੇਹ ॥੧੪੦॥**
**ਡਰਦਾ ਹਿੰਦੂ ਪਾਸ ਨਾ ਕੋਈ ਜਾਏ, ਸੋ ਬੱਧੇ ਹੀ ਦਿੱਤੇ ਨਦੀ ਰੁੜ੍ਹਾਏ ॥**
**ਸੰਮਤ ਸੋਲ੍ਹਾ ਸੌ ਤ੍ਰੇਹਠ ਜੇਠ ਮਹੀਨੇ, ਚੰਨ ਚਾਨਣੀ ਚੌਥ ਬਹਾਇ ਦੀਨੇ ॥**
**ਬਿਗਾੜੀ ਖੱਤ੍ਰੀਆਂ ਤੁਰਕਾਂ ਨਿਆਉਂ ਨਾ ਕੀਤਾ ॥**
**ਸੋ ਇਹ ਬਦਲਾ ਤੁਰਕਾਂ ਪਾਸੋਂ ਕਿਸੇ ਸਿੱਖ ਨਾ ਲੀਤਾ ॥੧੪੨॥**

ਇਸ ਸਿਸਿਲੇ ਵਿੱਚ ਸਰੂਪ ਦਾਸ ਭੱਲਾ ਜੀ[੯੦] ਲਿਖਦੇ ਹਨ ਕਿ ਗੁਰੂ ਜੀ ਨੇ ਇਸ਼ਨਾਨ ਕੀਤਾ, ਨਵੇਂ ਕਪੜੇ ਪਾਏ, ਅਤੇ ਭੂਮ ਆਸਣ ਕਰ ਕੇ ਆਪ ਹੀ ਸਰੀਰ ਤਿਆਗ ਦਿੱਤਾ। **"ਪੁਨ ਬਸਤਰ ਓਢ ਸੁੰਦਰ ਤਨ ਲੀਆ ਪਰਮ ਧਾਮ ਕੋ ਪਿਆਨਾ ਕੀਆ ॥ ਜਿਉਂ ਗੰਗਾ ਸਾਗਰ ਮਿਲ ਜਾਏ ॥ ਜਿਉਂ ਰਵਿ ਪ੍ਰਕਾਸ਼ ਰਵਿ ਮਾਂਹਿ ਸਮਾਏ ॥੪੦॥** ਉਪ੍ਰੰਤ ਸੰਗਤ ਨੇ ਬੇਬਾਣ ਬਣਾਇਆ ਅਤੇ ਰਾਵੀ ਦਰਿਆ ਕੋਲ ਲਿਆ ਕੇ ਚੰਦਨ ਦੀ ਚਿਤਾ ਤਿਆਰ ਕਰ ਕੇ ਸਸਕਾਰ ਕਰ ਦਿੱਤਾ ।**"ਐਰਾਵਤੀ ਨਦੀ ਪਰ ਲਿਅਏ ॥ ਚੰਦਨ ਚਿਤਾ ਪਰ ਆਨ ਰਖਾਏ ॥ ਪਾਵਨ ਦੇਹ ਕਰਾ ਸਸਕਾਰ ॥ ਤੀਨ ਲੋਕ ਭਇਆ ਜੈ ਜੈ ਕਾਰ ॥ (੪੪)** ( ਮਹਿਮਾ ਪ੍ਰਕਾਂਸ਼ ਪੰਨਾ ੪੧੬) ।

ਰਘਬੀਰ ਸਿੰਘ ਬੀਰ ਲਿਖਦੇ ਹਨ, "ਆਪਣੀ ਮਰਜ਼ੀ ਨਾਲ ਆਪਣੇ ਸਾਹਿਬਜ਼ਾਦੇ ਨੂੰ ਗੁਰਸਿੱਖਾਂ ਰਾਹੀਂ ਪੰਜ ਪੈਸੇ ਤੇ ਨਰੇਲ ਭੇਜ ਕੇ ਅਤੇ ਗੁਰਿਆਈ ਸੌਂਪ ਕੇ ਦਰਿਆ ਵਿਚ ਇਸ਼ਨਾਨ ਕਰਨ ਗਏ ਅਤੇ ਆਪਣੀ ਖ਼ੁਸ਼ੀ ਨਾਲ ਪਾਣੀ ਵਿੱਚ ਚੁੱਭੀ ਲਾ ਕੇ ਅਲੋਪ ਹੋ ਗਏ" (ਆਤਮ ਸਾਇੰਸ ਜੁਲਾਈ ੧੯੭੧ ਪੰਨਾ ੯)[੯੧]

ਡਾਕਟਰ ਗੰਡਾ ਸਿੰਘ ਹਿਸਟੋਰੀਅਨ ਲਿਖਦੇ ਹਨ। "He was seated in a cauldron of boiling water and burning sand was poured on his naked body."(A brief account of the Sikhs page 20)

---

[88] ਪਰੇ ਫਲੂਹੇ ਸਗਰੀ ਦੇਹੀ (ਸੂਰਜ ਪ੍ਰਕਾਸ਼)

[89] ਜਾ ਕੈ ਹਰਿ ਵਸਿਆ ਮਨ ਮਾਹੀ ॥ ਤਾ ਕਉ ਦੁਖੁ ਸੁਪਨੈ ਭੀ ਨਾਹੀ ॥ ੧ ॥ ਰਹਾਉ ॥ ਸਰਬ ਨਿਧਾਨ ਰਾਖੇ ਜਨ ਮਾਹਿ ॥ ਤਾ ਕੈ ਸੰਗਿ ਕਿਲਵਿਖ ਦੁਖ ਜਾਹਿ ॥ (ਪੰਨਾ ੧੩੯) ਹਰਿ ਜਪਿ ਜਪਿ ਅਉਖਧ ਖਾਧਿਆ ਸਭਿ ਰੋਗ ਗਵਾਤੇ ਦੁਖਾ ਘਾਣਿ ॥ (ਪੰਨਾ ੬੫੧)

[90] ਇਸੇ ਨੇ "ਗੁਰਬਿਲਾਸ ਪਾਂਤਸ਼ਾਹੀ ੬" ਲਿਖੀ ਦੱਸੀ ਜਾਂਦੀ ਹੈ (ਕੁਝ ਵਿਦਵਾਨ ਇਸ ਨੂੰ ਕਵੀ ਸੋਹਣ ਦੀ ਰਚਨਾ ਦਸਦੇ ਹਨ) ਜਿਸ ਨੂੰ ਅਕਾਲ ਤਖ਼ਤ ਦੇ ਜਥੇਦਾਰ ਵੇਦਾਂਤੀ ਨੇ ਛਪਵਾ ਕੇ ਰੌਲਾ ਪਵਾਇਆ । ਗੁਰਬਿਲਾਸ ਬਾਰੇ ਸੁਰਜੀਤ ਸਿੰਘ ਹਾਂਸ਼ ਲਿਖਦੇ ਹਨ, " Magic and decline of religion" (A reconstruction of Sikh History from Sikh literature page 272)

[91] Also see Chapter 5 of "The Book of Ten masters" by Prof Puran Singh.

ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ, " ਤੱਤੀ ਤਵੀ ਉੱਤੇ ਬਿਠਾ ਕੇ ਉੱਤੇ ਤੱਤੀ ਰੇਤ ਪਾਈ ਗਈ,ਫਿਰ ਉੱਬਲਦੇ ਪਾਣੀ ਵਿੱਚ ਉਬਾਲਿਆ ਗਿਆ । ਸਰੀਰ ਛਾਲੇ ਛਾਲੇ ਹੋ ਗਿਆ ਪਰ ਗੁਰੂ ਜੀ ਨੇ 'ਤੇਰੇ ਭਾਣੇ ਵਿਚ ਅੰਮ੍ਰਿਤ ਵਸੈ' ਦੀ ਧੁਨੀ ਜਾਰੀ ਰੱਖੀ । (ਸਾਡਾ ਇਤਿਹਾਸ ਭਾਗ ੧ ਪੰਨਾ ੧੯੩) [੯੨]

ਪ੍ਰੋਫੈਸਰ ਸਾਹਿਬ ਸਿੰਘ ਲਿਖਦੇ ਹਨ, " **ਚੰਦੂ ਨੇ ਗੁਰੂ ਅਰਜਨ ਸਾਹਿਬ ਨੂੰ ਸੜਦੇ ਉਬਲਦੇ ਪਾਣੀ ਦੀ ਦੇਗ ਵਿੱਚ ਬਿਠਾਇਆ । ਅਗਲੇ ਦਿਨ ਉਹਨਾਂ ਦੇ ਨੰਗੇ ਪਿੰਡੇ ਉਤੇ ਸੜਦੀ ਸੜਦੀ ਰੇਤ ਪੁਆਈ ਗਈ । ਫਿਰ ਉਨ੍ਹਾਂ ਨੂੰ ਲੋਹ ਉਤੇ ਬਿਠਾ ਕੇ ਹੇਠਾਂ ਅੱਗ ਦਾ ਭਾਂਬੜ ਮਚਾਇਆ ਗਿਆ"**[੯੩] ਫੇਰ ਲਿਜਾ ਕੇ ਰਾਵੀ ਦੇ ਠੰਢੇ ਪਾਣੀ ਵਿਚ ਬਿਠਾ ਦਿੱਤਾ ਗਿਆ ਜਿਸ ਕਾਰਨ ਆਪ ਦੀ ਜੋਤ ਇਸ ਅਸਾਰ ਸੰਸਾਰ ਨੂੰ ਛੱਡ ਕੇ ਰੱਬੀ ਜੋਤ ਵਿਚ ਜਾ ਰਲੀ ।

ਹਰੀ ਰਾਮ ਗੁਪਤਾ ਲਿਖਦੇ ਹਨ , "The Guru was imprisoned in the Lahore Fort. May-June are the hottest months there. He was chained to a post in an open place exposed to the sun from morning to evening. Below his feet a heap of sand was put which burnt like a furnace. Boiling water was poured on his naked body at intervals. His body was covered with blisters all over. In this agony the Guru used to utter, "ਤੇਰਾ ਕੀਆ ਮੀਠਾ ਲਾਗੇ, ਨਾਮ ਪਦਾਰਥ ਨਾਨਕ ਮਾਂਗੈ "

ਸ਼ਿਤ ਬਹਿਰਾਮ ਦਬਿਸਤਾਨੇ ਮਜ਼ਾਹਿਬ ਦੇ ਪੰਨਾ ੨੩੪ ਤੇ ਲਿਖਦੇ ਹਨ,"ਉਨ੍ਹਾਂ ਨੂੰ ਬੰਨ੍ਹ ਕੇ ਲਾਹੌਰ ਰਾਵੀ ਦੀ ਬ੍ਰੇਤੀ ਵਿਚ ਸੁਟਿਆ ਗਿਆ। ਸੂਰਜ ਦੀ ਤਪਸ਼, ਕੜਾਕੇ ਦੀ ਗਰਮੀ ਤੇ ਮੁਗ਼ਲਾਂ ਦੇ ਅਤਿਆਚਾਰਾਂ ਕਰਕੇ ਉਨ੍ਹਾ ਜਿੰਦ ਵਾਰ ਦਿੱਤੀ। ਇਹ ਘਟਨਾ ਸੰਨ ਇਕ ਹਜ਼ਾਰ ਪੰਦਰਾਂ ਹਿਜਰੀ ਦੀ ਹੈ"।

ਇਨ੍ਹਾਂ ਤਸੀਹਿਆਂ ਦਾ ਕੋਈ ਸਰਕਾਰੀ ਜਾਂ ਸਮਕਾਲੀ ਲਿਖਤੀ ਸਬੂਤ ਨਹੀਂ ਮਿਲਦਾ ਪ੍ਰੰਤੂ ਸ਼ਰਈ ਮੁਲਾਣੇ ਮੁਜੱਦਦ ਦੇ ਕਟੜ ਤੇ ਜਨੂੰਨੀ ਚੇਲੇ ਮੁਰਤਜ਼ਾ ਖਾਂ ਪਾਸੋਂ ਐਸੀਆਂ ਸਜ਼ਾਵਾਂ ਮਿਲਣਾ ਕੋਈ ਅਤਿਕਥਨੀ ਵੀ ਨਹੀਂ ਹੈ ।

ਗੁਰਸਿੱਖਾਂ ਦੀ ਆਤਮਿਕ ਦ੍ਰਿੜ੍ਹਤਾ ਲਈ ਤਾਂ ਇੰਨਾ ਜਾਣ ਲੈਣਾ ਹੀ ਕਾਫ਼ੀ ਹੈ ਕਿ
"**ਤਨ ਪੀਰਾ ਤੇ ਡਿੱਗੀ ਨਾ ਸੋਈ ਮੇਰੁ ਹਿਲਾਇ ਨਾ ਜਿਮ ਕਰ ਕੋਈ** (ਸੂਰਜ ਪ੍ਰਕਾਸ਼ ਰਾਸ ੪ ਅੰਕ ੨੩)

(ਸ੍ਰੀਰਕ ਪੀੜਾ ਕਾਰਨ ਸੁਰਤੀ ਨਾਂ ਡਿੱਗੀ ਤੇ ਗੁਰੂ ਜੀ ਪਹਾੜ ਵਾਂਗ ਦ੍ਰਿੜ੍ਹ ਰਹੇ । ਉਸ ਪਹਾੜ ਵਾਂਗ ਜਿਸ ਨੂੰ ਇਨਸਾਨ ਕਦੇ ਹਿਲਾ ਨਹੀਂ ਸਕਦਾ)

---

[92] ਇਹੋ ਗਲ ਕਰਤਾਰ ਸਿੰਘ ਦੁਗਲ ਲਿਖਦੇ ਹਨ, "They made him sit on a red hot iron plate.They poured burning hot sand on his body.They gave him a dip in boiling water. " (The Sikh Gurus page 137)

[93] The Quran sanctions such punishments for non-believers. Unbelievers are offered boling water to drink in hell. Their blackened skin is changed time and again so that it burns again and again causing suffering. (Quran IV 59, LVI40, LXIX 36 and LXXVIII25-30)

# ਅਧਿਆਏ ੪

# ਈਰਖਾਲੂ ਤੇ ਚੁਗਲਖ਼ੋਰ

ਜਹਾਂਗੀਰ ਅਤੇ ਉਸ ਦੇ ਸਰਕਾਰੀ ਟੁੱਕੜਬੋਚਾਂ ਤੋਂ ਇਲਾਵਾ ਗੁਰੂ ਜੀ ਦੇ ਹੋਰ ਵੀ ਕਈ ਵੱਡੇ ਦੁਸ਼ਮਣ ਸਨ । ਇਕ ਸੀ ਸ਼ੇਖ਼ ਅਹਿਮਦ ਸਰਹੰਦੀ ਅਤੇ ਦੂਸਰਾ ਚੰਦੂ । ਇਨ੍ਹਾਂ ਦੋਹਾਂ ਬਾਰੇ ਜੋ ਜਾਣਕਾਰੀ ਪ੍ਰਾਪਤ ਹੈ ਉਸ ਬਾਰੇ ਇੱਥੇ ਵਿਚਾਰ ਕੀਤਾ ਜਾਵੇਗਾ । ਪਿਰਥੀ ਚੰਦ ਦਾ ਜ਼ਿਕਰ ਪਿੱਛੇ ਆ ਚੁੱਕਾ ਹੈ ।

## ੪.੧ ਸ਼ੇਖ ਅਹਿਮਦ ਸਰਹੰਦੀ

ਸ਼ੇਖ ਅਹਿਦ ਸਰਹੰਦੀ ਮੁੱਜਦਦ[੯੪] ਨੇ ਅਪਣੇ ਰਸੂਖ ਨਾਲ ਜਹਾਂਗੀਰ ਉੱਪਰ ਗ਼ਲਬਾ ਪਾ ਕੇ ਭਾਰਤ ਦੇ ਇਤਿਹਾਸ ਉੱਪਰ ਇੱਕ ਅਮਿੱਟ ਛਾਪ ਲਾਈ ਹੈ । ਇਸ ਬਾਰੇ ਪਾਠਕਾਂ ਨੂੰ ਕੁੱਝ ਵਾਕਫ਼ੀ ਦੇਣੀ ਜ਼ਰੂਰੀ ਹੈ । ਸ਼ੇਖ ਅਹਿਮਦ ਸਰਹੰਦੀ ( ੧੫੬੧-੧੬੨੪) ਸਰਹੰਦ ਵਿੱਚ ਪੈਦਾ ਹੋਏ ਸਨ । ਇਹ ਬਕੀ ਬਿਲੱਾ ਦੇ ਚੇਲੇ ਸਨ ਜੋ ਕਿ ਬੁਖ਼ਾਰਾ ਦੇ ਨਕਸ਼ਬੰਦੀਆਂ[੯੫] ਵਲੋਂ ਭਾਰਤ ਵਿਚ ਇਸਲਾਮ ਫੈਲਾਉਣ ਲਈ ਭੇਜਿਆ ਗਿਆ ਸੀ । ਬਕੀ ਬਿੱਲਾ ਨੇ ਦਿੱਲੀ ਵਿੱਚ ਨਿਵਾਸ ਕੀਤਾ ਤੇ ਲਗ ਪਗ ਪੰਜ ਸਾਲ ਲਾ ਕੇ ਦਿੱਲੀ ਵਿੱਚ ਨਕਸ਼ਬੰਦੀ ਲਹਿਰ ਚਾਲੂ ਕਰ ਦਿੱਤੀ । ਇੱਥੇ ਹੀ ਸ਼ੇਖ ਅਹਿਮਦ ਦਾ ੧੫੯੯ ਵਿੱਚ ਬਕੀ ਬਿੱਲਾ ਨਾਲ ਮਿਲਾਪ ਹੋਇਆ ਜਿਸ ਨੇ ਉਸ ਨੂੰ ਨਕਸ਼ਬੰਦੀ ਨਿਯਮਾਂ ਵਿੱਚ ਸਿਖਲਾਈ ਦੇ ਕੇ ਅਪਣਾ ਚੇਲਾ ਬਣਾਇਆ । ਸ਼ੇਖ ਅਹਿਮਦ ਛੇਤੀ ਹੀ ਨਕਸ਼ਬੰਦੀ ਨਿਯਮਾਂ ਵਿਚ ਨਿਪੁੰਨ ਹੋ ਗਏ । ਆਪਣੇ ਇਸ ਵਿਦਵਾਨ ਚੇਲੇ ਤੇ ਬਕੀ ਬਿਲਾ ਬਹੁਤ ਖ਼ੁਸ਼ ਸਨ ਤੇ ਲਿਖਦੇ ਹਨ,

---

[94] ਮੁਜੱਦਦ ਦਾ ਅਰਥ ਹੈ "ਧਰਮ ਰਖਿਯਕ"। ਮੁਜਦੱਦ ਨੇ ਲਿਖਿਆ ਹੈ ਕਿ ਉਹ ਸਤ ਅਸਮਾਨ ਚੜ੍ਹ ਕੇ ਸੁਰਗ ਵਿਚ ਜਾ ਕੇ ਮੁਹੰਮਦ ਸਾਹਿਬ ਨੂੰ ਵੀ ਮਿਲਿਆ ਸੀ । ਉਹ ਇਹ ਵੀ ਲਿਖਦਾ ਹੈ ਕਿ ਅਲ੍ਹਾ ਤੁਆਲਾ ਨਾਲ ਉਸ ਦਾ ਸਿੱਧਾ ਸੰਪਰਕ ਹੈ ਤੇ ਉਹ ਮੁਹੰਮਦ ਦਾ ਚੇਲਾ ਵੀ ਅਤੇ ਧਰਮ ਭਰਾ (ਮੁਰੀਦ ਵ ਹਮਪੈਰਾ)ਵੀ ਹੈ । (ਇਸਲਾਮ ਅਨੁਸਾਰ ਅਲ੍ਹਾ ਤੱਕ ਪਹੁੰਚਣ ਲਈ ਮੁਹੰਮਦ ਦੀ ਵਿਚੋਲਗੀਰੀ ਜ਼ਰੂਰੀ ਹੈ। ਮੁਹੰਮਦ ਤੋਂ ਬਿਨਾਂ ਅਲ੍ਹਾ ਤਕ ਪਹੁੰਚਣ ਦੀ ਗੱਲ ਕਰਨਾ ਇਸਲਾਮ ਅਨੁਸਾਰ ਕੁਫ਼ਰ ਮੰਨਿਆ ਜਾਂਦਾ ਹੈ। ਮੁਹੰਮਦ ਦੀ ਬ੍ਰਾਬਰੀ ਕਰਨਾ ਹੋਰ ਵੀ ਵੱਡਾ ਕੁਫ਼ਰ ਹੈ। ਮੁਜੱਦਦ ਆਪਣੇ ਆਪ ਨੂੰ 'ਕਿਊਮ ' ਅਖਵਾਉਂਦਾ ਸੀ ਜਿਸ ਦਾ ਮਤਲਬ ਹੈ 'ਅੱਲ੍ਹਾ ਦਾ ਏਲਚੀ') । ਸ਼ਾਇਦ ਇਸੇ ਕਾਰਨ ਜਹਾਂਗੀਰ ਨੇ ਮੁਜੱਦਦ ਨੂੰ ਇਕ ਵਾਰ ਕੈਦ ਵੀ ਕਰ ਲਿਆ ਸੀ । ਜਹਾਂਗੀਰ ਖ਼ੁਦ ਤੁਜ਼ਕੇ ਜਹਾਂਗੀਰੀ ਵਿਚ ਲਿਖਦਾ ਹੈ, " ਮੈਨੂੰ ਸਾਫ਼ ਹੋ ਗਿਆ ਸੀ ਕਿ ਇਸ ਦੇ ਦਿਮਾਗ਼ ਨੂੰ ਟਿਕਾਣੇ ਸਿਰ ਲਿਆਉਣ ਲਈ ਇਸ ਨੂੰ ਕੈਦ ਕਰਨਾ ਪਵੇਗਾ ਤਾਂ ਜੋ ਇਸ ਦੀਆਂ ਬੇਥਵੀਆਂ ਗੱਲਾਂ ਨਾਲ ਲੋਕਾਂ ਵਿੱਚ ਪੈ ਰਹੀ ਗ਼ਲਤਫਹਿਮੀ ਨੂੰ ਠੀਕ ਕੀਤਾ ਜਾ ਸਕੇ"। ਮੁਜੱਦਦ ਗੁਰੂ ਅਰਜਨ ਦੇਵ ਜੀ ਨੂੰ ਕੁਲਾ-ਏ-ਸ਼ਰੀਕ ਅਤੇ ਇਮਾਮ-ਏ-ਕੁਫ਼ਰ ਆਖਿਆ ਕਰਦਾ ਸੀ।

ਮੁਸਲਮਾਨ ਮੰਨਦੇ ਹਨ ਕਿ ਅਸਮਾਨ ਦੇ ੧੪ ਤਬਕ ਹਨ ਜਿਨ੍ਹਾਂ ਨੂੰ "ਮਕਾਂ" ਕਿਹਾ ਜਾਂਦਾ ਹੈ। ਇਸ ਤੋਂ ਅੱਗੇ "ਲਾ ਮਕਾਂ" ਹੈ ਜਿਥੇ ਅੱਲ੍ਹਾ ਅਤੇ ਮੁਹਮੰਦ ਹੀ ਜਾ ਸਕਦੇ ਹਨ । "ਲਾ ਮਕਾਂ" ਤੱਕ ਜਿਬਰਾਈਲ ਫਰਿਸ਼ਤਾ ਵੀ ਨਹੀਂ ਜਾ ਸਕਦਾ ਉਹ ਵੀ "ਮਕਾਂ" ਦੀ ਹੱਦ ਪਾਰ ਨਹੀਂ ਕਰ ਸਕਦਾ । ਮੁਜੱਦਦ ਸਾਹਿਬ "ਲਾ ਮਕਾਂ" ਤੱਕ ਸਹਿਜੇ ਹੀ ਪਹੁੰਚ ਗਏ । ਉਹ ਕਿਹਾ ਕਰਦੇ ਸਨ ਕਿ ਪਹਿਲੇ ੧੦੦੦ ਸਾਲ ਇਸਲਾਮ ਦਾ ਪ੍ਰਚਾਰ ਕਰਨ ਲਈ ਅੱਲਾ ਨੇ ਮੁਹੰਮਦ ਦੀ ਡਿਊਟੀ ਲਾਈ ਸੀ (ਜੋ ੧੬੦੧ ਈ: ਵਿੱਚ ਮੁੱਕ ਗਈ) ਪਰ ਅਗਲੇ ੧੦੦੦ ਸਾਲ ਲਈ ਅਲ੍ਹਾ ਨੇ ਉਸ ਨੂੰ ਰਸੂਲ ਬਣਾ ਕੇ ਭੇਜਿਆ ਹੈ ।

[95] ਇਹ ਕੱਟੜ ਮੁਸਲਮਾਨਾਂ ਦਾ ਇੱਕ ਫਿਰਕਾ ਹੈ । ਮਸੁਲਮਾਨਾਂ ਦੇ ੭੨ ਵੱਡੇ ਫਿਰਕੇ ਹਨ । ਇਨ੍ਹਾਂ ਵਿਚੋਂ ੧੨ ਰਾਫ਼ਜ਼ੀ,੧੨ ਖ਼ਾਰਜੀ,੧੨ ਜਬਰੀਆ,੧੨ ਜ਼ਹੀਮੀਆ, ੯ ਮਰਜ਼ੀਆ,੧੨ ਕਜ਼ਰੀਆ ਅਤੇ ਕਰਾਮੀਆਂ ਆਦਿਕ ਹਨ। ਵੇਰਵੇ ਲਈ ਗ਼ਿਆਸੁ-ਉਲ-ਲੁਗਾਤ ਵੇਖੋ । ਛੋਟੇ ਫ਼ਿਰਕਿਆਂ ਵਿਚੋਂ ਚਿਸ਼ਤੀ ੧੨੩੬ ਵਿੱਚ ਅਜਮੇਰ ਆ ਕੇ ਵਸੇ (ਸਢੌਰੇ ਵਾਲੇ ਪੀਰ ਬੁੱਧੂ ਸ਼ਾਹ ਇਸੇ ਫਿਰਕੇ ਦੇ ਸਨ), ਸੁਹਰਾਵਰਦੀ ੧੨੬੬ ਵਿੱਚ ਮੁਲਤਾਨ ਵਿੱਚ ਵਸੇ (ਬਾਬਾ ਫ਼ਰੀਦ ਇਸੇ ਫਿਰਕੇ ਵਿਚੋਂ ਸਨ), ਕਾਦਰੀਆ ੧੪੮੨ ਵਿੱਚ ਸਿੰਧ ਆ ਕੇ ਵਸੇ (ਸਾਈਂ ਮੀਆਂ ਮੀਰ ਇਸੇ ਫਿਰਕੇ ਵਿਚੋਂ ਸਨ)। ਇਹ ਤਿੰਨੇ ਛੋਟੇ ਫ਼ਿਰਕੇ ਸਿੱਖ ਧਰਮ ਦਾ ਆਦਰ ਕਰਦੇ ਸਨ ਅਤੇ ਬਹੁਤੇ ਕੱਟੜ ਨਹੀਂ ਸਨ । ਇਨ੍ਹਾਂ ਵਿੱਚ ਧਾਰਮਿਕ ਸਹਿਨਸ਼ੀਲਤਾ ਸਿੱਖ ਧਰਮ ਵਰਗੀ ਹੀ ਸੀ ।

**"ਸਰਹੰਦ ਨਿਵਾਸੀ ਸ਼ੇਖ ਅਹਿਮਦ[96] ਪੂਰਣ ਵਿਦਵਾਨ ਅਤੇ ਕਰਨੀ ਵਿੱਚ ਪਰਪੱਕ ਹੈ । ਮੈਂ ਕੁਝ ਸਮਾਂ ਉਸ ਨਾਲ ਗੁਜ਼ਾਰਿਆ ਹੈ ਅਤੇ ਉਸ ਦੇ ਆਤਮਿਕ ਕਰਤਵ ਦੇਖ ਕੇ ਉਨ੍ਹਾਂ ਤੋਂ ਬੇਹੱਦ ਪ੍ਰਭਾਵਤ ਹੋਇਆ ਹਾਂ । ਉਹ ਇਸਲਾਮ ਦਾ ਇੱਕ ਐਸਾ ਦੀਪਕ ਹੈ ਜਿਸ ਰਾਹੀਂ ਅਨੇਕਾਂ ਲੋਕ ਇਸਲਾਮਿਕ ਰੌਸ਼ਨੀ ਪ੍ਰਾਪਤ ਕਰਨਗੇ"।**

ਨਕਸ਼ਬੰਦੀ ਫਿਰਕੇ ਦੇ ਨਿਯਮਾਂ ਵਿੱਚ ਸਰਕਾਰੀ ਅਸਰ ਰਸੂਖ ਨਾਲ ਅਤੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾਉਣਾ ਦੋ ਵੱਡੇ ਨਿਯਮ ਸਨ । ਇਨ੍ਹਾਂ ਦਾ ਨਾਹਰਾ ਸੀ "ਸ਼ਰਅ ਤਹਤ ਅਸ-ਸੈਫ਼" (ਇਸਲਾਮ ਦੀ ਸ਼ਰਅ ਦਾ ਫੈਲਾਉ ਤਲਵਾਰ ਦੇ ਆਸਰੇ ਹੈ ) । ਏਕਾਕੇਂਦਰਤ ਸ਼ਰਈ ਸਮਾਜ ਦੀ ਸਿਰਜਣਾ ਕਰਨਾ ਇਨ੍ਹਾਂ ਦਾ ਮੁੱਖ ਪਰਯੋਜਨ ਸੀ । ਅਜਿਹੇ ਸਮਾਜ ਵਿੱਚ ਇੱਕੋ ਧਰਮ ਅਤੇ ਇੱਕੋ ਸਭਿਅਤਾ ਪਣਪ ਸਕਦੀ ਹੈ । ਦਾਰ-ਉਲ-ਹਰਬ (ਗ਼ੈਰ ਇਸਲਾਮੀ ਸਮਾਜ) ਦਾ ਖ਼ਾਤਮਾ ਕਰਕੇ ਦਾਰ-ਉਲ-ਇਸਲਾਮ (ਇਸਲਾਮੀ ਮੁਆਸ਼ਰਾ) ਲਿਆਉਣਾ ਇਨ੍ਹਾਂ ਦਾ ਮੁੱਖ ਨਿਸ਼ਾਨਾ ਸੀ । ਮੁਜੱਦਦ ਖ਼ੁਦ ਲਿਖਦੇ ਹਨ, " **ਇਹ ਕੰਮ ਬਾਦਸ਼ਾਹਾਂ ਦੀ ਸਹਾਇਤਾ ਨਾਲ ਹੀ ਸਿਰੇ ਚੜ੍ਹ ਸਕਦਾ ਹੈ । ਰਾਜ-ਸੱਤਾ ਤੇ ਅਸਰ ਪਾਕੇ ਰਾਜ ਪਰਬੰਧ ਨੂੰ ਮੁਸਲਮਾਨਾਂ ਦੀ ਸਰਦਾਰੀ ਕਾਇਮ ਕਰਨ ਲਈ ਵਰਤਣਾ ਸਾਡਾ ਮੁੱਖ ਕੰਮ ਹੈ"** । ਇਸ ਮਤਲਬ ਦੀ ਪੂਰਤੀ ਲਈ ਖ਼ਵਾਜਾ ਬਕੀ ਬਿੱਲਾ ਵਲੋਂ ਅਤੇ ਮੁਜੱਦਦ ਵਲੋਂ ਅਪਣੇ ਅਪਣੇ ਸ਼ਰਧਾਲੂ ਸਰਕਾਰੀ ਮੁਲਾਜ਼ਮਾਂ ਨੂੰ ਅਤੇ ਖ਼ਾਸ ਕਰਕੇ ਸ਼ੇਖ ਫ਼ਰੀਦ ਨੂੰ ਅਨੇਕਾਂ ਪੱਤਰ ਲਿਖੇ ਗਏ ਸਨ[97] ਜੋ ਅੱਜ ਕੱਲ੍ਹ ਪੁਸਤਕ ਦੇ ਰੂਪ ਵਿੱਚ ਉਪਲਬਧ ਹਨ

ਡਾਕਟਰ ਮੁਹੰਮਦ ਯਾਸੀਨ ਅਪਣੀ ਪੁਸਤਕ A social history of India ਦੇ ਪੰਨਾ ੧੭੧ ਤੇ ਲਿਖਦੇ ਹਨ, "Occasional outbursts of bigotry on the part of Jehangir and his anti-Hindu sentiments may be traced to the influence of Mujadid on the fickle-minded Emperor.

ਸ੍ਰੀ A.C. Bannerjee ਅਪਣੀ ਪੁਸਤਕ Guru Nanak to Guru Gobind Singh ਦੇ ਸਫਾ ੧੨੪ ਤੇ ਲਿਖਦੇ ਹਨ, "Jehangir indeed was the pioneer of the religious persecution of Mughal History. Apart from killing the Sikh Guru he desecrated the Hindu temples in Kangra and Pushkar.

ਪੰਥ ਦੇ ਪ੍ਰਸਿੱਧ ਵਿਦਵਾਨ ਸਰਦਾਰ ਕਪੂਰ ਸਿੰਘ ਲਿਖਦੇ ਹਨ, "**ਸਤਾਰ੍ਹਵੀਂ ਅਠਾਰ੍ਹਵੀਂ ਸਦੀ ਦਾ ਮੁਗ਼ਲ ਸਾਮਰਾਜ ਨਾਲ ਸਿੱਖ ਮੱਤ ਤੇ ਸਿੱਖ ਪੰਥ ਦਾ ਸੰਘਰਸ਼ ਕੋਈ ਐਵੇਂ ਓਪਰੀ ਤੇ ਇਤਫ਼ਾਕੀਆ ਘਟਨਾ ਨਹੀਂ ਸੀ ਸਗੋਂ ਬੁਨਿਆਦੀ ਆਤਮਿਕ ਤੇ ਸਮਾਜਕ ਸਿਧਾਂਤਾਂ ਦਾ ਘੋਰ ਸੰਘਰਸ਼ ਅਤੇ ਇਤਿਹਾਸਕ ਭੇੜ ਸੀ ਅਤੇ ਸ਼ੇਖ ਮੁਹੰਮਦ ਅਲਫਸਾਨੀ ਸਰਹੰਦੀ ਇਸਲਾਮੀ ਰਾਜ ਦੇ ਝੰਡੇ ਅਤੇ ਅਸੀਮ ਸ਼ਕਤੀ ਹੇਠਾਂ ਇਸ ਸੰਘਰਸ਼ ਦਾ ਜਰਨੈਲ ਸੀ ਜਿਸ ਨੇ ਅਤੇ ਜਿਸ ਦੇ ਉਤ੍ਰਾਧਿਕਾਰੀ ਗੱਦੀਦਾਰਾਂ ਨੇ ਸਾਹਿਬ ਪੰਚਮ ਪਾਤਸ਼ਾਹ ਨੂੰ ਅੱਤ ਦੇ ਤਸੀਹੇ ਦੇ ਕੇ ਕਤਲ ਕਰਾਇਆ । ਗੁਰੂ ਹਰਿਗੋਬਿੰਦ ਸਾਹਿਬ ਨੂੰ ਮਰਵਾਉਣ ਦੀ ਕੋਸ਼ਿਸ਼ ਕੀਤੀ ਤੇ ਬੰਦੀਖਾਨੇ ਪੁਆਇਆ,ਗੁਰੂ ਹਰਿ ਕ੍ਰਿਸ਼ਨ ਨੂੰ ਸਮਾਪਤ ਕਰਨ ਦਾ ਯਤਨ ਕੀਤਾ,ਗੁਰੂ ਤੇਗ਼ ਬਹਾਦਰ ਦਾ ਸੀਸ ਕਲਮ ਕਰਵਾਇਆ,ਸ਼ੀਰਖ਼ੋਰ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਵਾਇਆ,ਸਾਹਿਬ ਦਸਮ ਪਾਤਸ਼ਾਹ ਉੱਤੇ ਘਾਤਕ ਹਮਲਾ ਕਰਵਾਇਆ,ਸਿੱਖਾਂ ਵਿਰੁੱਧ ਕਤਲਿਆਮ ਦਾ ਸ਼ਾਹੀ ਹੁਕਮ ਜਾਰੀ ਕਰਵਾਇਆ,ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਦਿੱਲੀ ਵਿੱਚ ਕਤਲ ਕਰਵਾਇਆ, ਵੱਡੇ ਘੱਲੂਘਾਰੇ ਦੇ**

---

[96] ਅਜੇ ਪੂਰੀ ਤਰ੍ਹਾਂ ਸਰਕਾਰੀ ਰਸੂਖ ਵਿੱਚ ਥਾਂ ਨਹੀਂ ਸੀ ਬਣੀ ਕਿ ਬਾਦਸ਼ਾਹ ਜਹਾਂਗੀਰ ਵਿਰੁੱਧ ਕੁੱਝ ਬੋਲ ਬੈਠਾ ਜਿਸ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਗਿਆ ਸੀ । ਇਸੇ ਦਾ ਜ਼ਿਕਰ ਕਰਦਿਆਂ ਮੁਹੰਮਦ ਇਕਬਾਲ ਲਿਖਦੇ ਹਨ,"ਗਰਦਨ ਝੁਕੀ ਨਾ ਜਿਸ ਕੀ ਜਹਾਂਗੀਰ ਕੇ ਆਗੇ, ਜਿਸ ਕੇ ਨਫਸਿ ਗਰਮ ਸੇ ਹੈ ਗਰਮੀਏ ਇਰਾਰ"

[97] ਹੁਣ ਤੱਕ ਪ੍ਰਾਪਤ ਹੋਏ ਪੱਤਰਾਂ ਦੀ ਕੁਲ ਗਿਣਤੀ ੫੩੪ ਹੈ । ਇਨ੍ਹਾਂ ਦੀ ਅਸਲ ਇਬਾਰਤ ਫਾਰਸੀ ਵਿੱਚ ਹੈ । ਉਰਦੂ ਵਿੱਚ ਅਨੁਵਾਦ ਕਰ ਕੇ ਤਿੰਨ ਵਡੇ ਗ੍ਰੰਥਾਂ ਵਿਚ ਮਦੀਨਾ ਪਬਲਿਸ਼ਿੰਗ ਕੰਪਨੀ ਲਾਹੌਰ ਨੇ ਛਾਪ ਦਿੱਤਾ ਹੈ । ਭਾਰਤ ਵਿੱਚ ਇਨ੍ਹਾਂ ਨੂੰ ਅਹਿਮਦੀ ਲਿਥੋ ਪ੍ਰੈਸ ਦਿੱਲੀ ਵਾਲਿਆਂ ਨੇ ਵੀ ਛਾਪਿਆ ਹੈ । ਕੁਲ ੨੦੦ ਬੰਦਿਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਮਿਲੀਆਂ ਹਨ ਜਿਨ੍ਹਾਂ ਵਿਚੋਂ ੭੦ ਤੋਂ ਵੱਧ ਇੱਕਲੇ ਸੇਖ ਫ਼ਰੀਦ (ਮੁਰਤਜ਼ਾ ਖਾਂ) ਨੂੰ ਲਿਖੀਆਂ ਗਈਆਂ ਹਨ ਜਿਸ ਨੂੰ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਫੜਨ ਅਤੇ ਸ਼ਹੀਦ ਕਰਨ ਲਈ ਵਰਤਿਆ ।

**ਸੰਚਾਲਕ ਬਣੇ ,ਅਤੇ ਉਨ੍ਹੀਵੀਂ ਸਦੀ ਵਿੱਚ ਅਹਿਮਦ ਸ਼ਾਹ ਬ੍ਰੇਲਵੀ**[੯੮] **ਦੀ ਸਿਰਕਰਦਗੀ ਹੇਠ ਸਿੱਖ ਰਾਜ ਦੇ ਵਿਰੁੱਧ ਜਹਾਦ ਦਾ ਝੰਡਾ ਖੜ੍ਹਾ ਕੀਤਾ."** (ਸਾਚੀ ਸਾਖੀ ਪੰਨਾ ੬ ਕਪੂਰ ਸਿੰਘ)

ਇਤਿਹਾਸਕਾਰ ਤਾਂ ਇਹ ਵੀ ਲਿਖਦੇ ਹਨ ਕਿ ਸ਼ਾਹ ਜਹਾਨ ਨੇ ਵੀ ਇਨ੍ਹਾਂ ਹੀ ਅਸੂਲਾਂ ਤੇ ਅਮਲ ਕੀਤਾ ਸੀ । ਉਸ ਨੇ ਇਸਲਾਮ ਤੋਂ ਬਿਨਾ ਬਾਕੀ ਧਰਮਾਂ ਦੇ ਪਰਚਾਰ ਤੇ ਪਾਬੰਦੀ ਲਾਈ ਤੇ ਇੱਕ ਵਾਰ ਫਿਰ ਹਿਜਰੀ ਕਲੰਡਰ ਵਰਤਣਾ ਸ਼ੁਰੂ ਕੀਤਾ । ਬਾਦਸ਼ਾਹ ਨਾਮਾ ਵਿਚ ਲਿਖਿਆ ਹੈ ਕਿ ਸ਼ਾਹਜਹਾਨ (੧੬੨੭-੧੬੫੮) ਨੇ ਇਕੱਲੇ ਬਨਾਰਸ ਸ਼ਹਿਰ ਵਿੱਚ ੭੬ ਮੰਦਰ ਢਵਾਏ । ਉਸ ਨੇ ਹੀ ਲਾਹੌਰ ਦੀ ਬਾਉਲੀ ਢੁਆ ਕੇ ਉੱਥੇ ਮਸੀਤ ਬਨਾਉਣ ਦਾ ਹੁਕਮ ਦਿੱਤਾ ਸੀ ਤੇ ਕੌਲਾਂ ਦਾ ਕੇਸ ਖੜਾ ਕਰ ਕੇ ਗੁਰੂ ਹਰਿਗੋਬਿੰਦ ਜੀ ਉੱਪਰ ਤੁਹਮਤ ਲਾਈ ਸੀ ।

ਮੁਜੱਦਦ ਦੀਆਂ ਨੀਤੀਆਂ ਦਾ ਆਪਣੇ ਸਮੇਂ ਦੀ ਸਰਕਾਰ, ਮੁਲਾਣਿਆਂ ਅਤੇ  ਜਨ ਸਾਧਾਰਣ ਉੱਪਰ ਜੋ ਅਸਰ ਹੋਇਆ ਉਸ ਦਾ ਨਤੀਜਾ ਭਾਰਤ ਵਰਸ਼ ਹੁਣ ਤੱਕ ਭੁਗਤ ਰਿਹਾ ਹੈ । ਜਹਾਂਗੀਰ ਦਾ ਇਕ ਸਰਦਾਰ ਜਹਾਂਗੀਰ ਨਾਲੋਂ ਵੀ ਮੁਜੱਦਦ ਦੇ ਵੱਧ ਨੇੜੇ ਸੀ ਤੇ ਕੱਟੜਪੁਣੇ ਵਿੱਚ ਨੰਬਰ ਇਕ ਕਿਹਾ ਜਾ ਸਕਦਾ ਸੀ । ਇਹ ਸੀ ਲਲਾ ਬੇਗ (ਅਸਲੀ ਨਾਮ ਜਹਾਂਗੀਰ ਕੁਲੀ ਖਾਂ ਚਾਰ ਹਜ਼ਾਰੀ) ਜਿਸ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਸੀਸ ਕੱਟ ਕੇ ਲਿਆਉਣ ਦੀ ਸੌਂਹ ਚੁੱਕੀ ਸੀ । ਇਸ ਨੇ ਨਥਾਣੇ ਦੇ ਕੋਲ ੬੦੦੦ ਸਪਾਹੀਆਂ ਨਾਲ ਗੁਰੂ ਜੀ ਨੂੰ ਧੋਖੇ ਨਾਲ ਕੈਦ ਕਰਨ ਦਾ ਯਤਨ ਕੀਤਾ ਸੀ ਪਰ ਸਿੰਘਾਂ ਨਾਲ ਝੜੱਪ ਵਿੱਚ ਆਪ ਹੀ ਮਾਰਿਆ ਗਿਆ ਸੀ ।

ਸ਼ੇਖ ਮੁਹੰਮਦ ਅਕਰਮ ਰੌਦਿ ਕੌਸਰ ਲਾਹੌਰ (੧੯੫੮) ਦੇ ਪੰਨਾ ੪੧੪ ਤੇ ਲਿਖਦੇ ਹਨ:

**"ਔਰੰਗਜ਼ੇਬ (੧੬੫੮-੧੭੦੭) ਨੇ ਭੀ ਜਿਨ ਅਸੂਲੋਂ ਪਰ ਮਜ਼ਹਬੀ ਹਕੂਮਤ ਕਾ ਨਜ਼ਮੋ-ਨਸਕ ਕਾਇਮ ਕੀਆ ਵੁਹੀ ਥੇ ਜਿਨ ਕੀ ਤਲਕੀਨ ਹਜ਼ਰਤ ਮੁਜੱਦਦ ਕੇ ਮਕਤੂਬਾਤ ਮੇਂ ਹੋ ਚੱਕੀ ਥੀ"।**[੯੯]

ਔਰੰਗਜ਼ੇਬ ਮੁਜੱਦਦ ਦੇ ਪੁੱਤਰ ਖਵਾਜਾ ਮਾਸੂਮ ਦਾ ਚੇਲਾ ਸੀ ਅਤੇ ਮਾਸੂਮ ਦੇ ਪੁੱਤਰ ਮੁਹੰਮਦ ਸੈਫ-ਉ-ਦੀਨ ਨੂੰ ਧਾਰਮਿਕ ਸਲਾਹਕਾਰ ਦੇ ਤੌਰ ਤੇ ਅਪਣੇ ਪਾਸ ਰਖਦਾ ਸੀ । ਚੇਲੇ ਜਾਣ ਛੜੱਪ ਦੀ ਕਹਾਵਤ ਵਾਂਗ ਪੋਤਾ ਦਾਦੇ ਨਾਲੋਂ ਵੀ ਚਾਰ ਕਦਮਾਂ ਅੱਗੇ ਨਿਕਲਿਆ । ਔਰੰਗਜ਼ੇਬ ਦੀ ਜੁਰੱਤ ਨਹੀਂ ਸੀ ਕਿ ਉਸ ਤੋਂ ਬਾਹਰ ਚਲਦਾ । ਸਰਦਾਰ ਕਪੂਰ ਸਿੰਘ

---

[98] ਅਹਿਮਦ ਸ਼ਾਹ ਬਰੇਲਵੀ (੧੮੨੫-੧੮੩੧) ਮੁਜੱਦਦ ਦਾ ਚੇਲਾ ਸੀ ਜਿਸ ਨੇ ਸਿੱਖਾਂ ਵਿਰੁੱਧ ਜਹਾਦ ਛੇੜਿਆ ਹੋਇਆ ਸੀ । ਇਸ ਨੇ ਸਿੱਖਾਂ ਦਾ ਖ਼ਾਤਮਾ ਕਰਨਾ ਮਿਥਿਆ ਹੋਇਆ ਸੀ ਅਤੇ ਅਫ਼ਗ਼ਾਨਿਸਤਾਨੀਆਂ ਨੂੰ ਚਿੱਠੀਆਂ ਲਿਖ ਕੇ ਮਦਦ ਵੀ ਮੰਗੀ ਸੀ ਕਿ ਜਦ ਦਿੱਲੀ ਵਲੋਂ ਸਿੱਖਾਂ ਤੇ ਫੌਜਕਸ਼ੀ ਕੀਤੀ ਜਾਵੇ ਤਾਂ ਉਹ ਉਸੇ ਵੇਲੇ ਅਫਗ਼ਾਨਿਸਤਾਨ ਵਲੋਂ ਵੀ ਹਮਲਾ ਕਰ ਦੇਣ। *Islamic Culture in the Indian environment* ਦੇ ਕਰਤਾ  Aziz Ahmad  ਇਸ ਦੀਆਂ ਚਿੱਠੀਆਂ ਬਾਰੇ ਲਿਖਦੇ ਹਨ "The primary objective explained in them was the Jihad against the Sikh tyranny p.215)

[99] "A systematic plan was followed for carrying out the policy of iconoclasm. Officers were appointed in all subdivisions and the cities of the Empire to enforce the regulations of Islam……………..The destruction of the Hindu places of worship was one of their chief duties, and so large was the number of officers employed in the task that a Director General had to be placed over them to guide their activity……..Hindu schools were destroyed,the temples of Somnath,Mathura and Benares were the objects of special destructive attention. *Jazia* was re-imposed. He issued proclamations throughout the empie that the Hindus should embrace Islam, and that those who did so should receive jagirs, state services and all the amenities granted to royal favourites." (Jadu Nath Sarkar page 267. See also S.R.Sharma page 107)

"Sher Afghan Khan, the Emperor's viceroy in Kashmir, set about converting Kashmiris by sword and massacred those who persevered in their adherence to the faith of the forefathers."(Macaliffe page 369-70)

ਜੀ ਲਿਖਦੇ ਹਨ ਕਿ ਸੈਫ-ਉ-ਦੀਨ ਨੇ ਹੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਕਤਲ ਕਰਵਾਉਣ ਲਈ ਦਿੱਲੀ ਬੁਲਵਾਇਆ ਸੀ। ਇਸੇ ਨੇ ਹੀ ਰਾਮ ਰਾਏ ਦਾ ਮਸਲਾ ਖੜਾ ਕੀਤਾ ਸੀ ਤੇ ਗੁਰੂ ਤੇਗ਼ ਬਹਾਦਰ ਨੂੰ ਸ਼ਹੀਦ ਕਰਵਾਇਆ ਸੀ ।

ਜਿਸ ਸਰਹੰਦੀ ਪਠਾਣ ਜਮਸ਼ੈਦ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਨੰਦੇੜ ਵਿੱਚ ਛੁਰਾ ਮਾਰ ਕੇ ਸ਼ਹੀਦ ਕੀਤਾ ਸੀ ਉਹ ਸਰਹੰਦ ਦੇ ਸੂਬੇਦਾਰ ਵਜੀਦ ਖਾਂ ਦਾ ਨੌਕਰ ਸੀ ਅਤੇ ਮੁਜੱਦਦ ਦੀ ਗੱਦੀ ਦਾ ਸੇਵਾਦਾਰ ਸੀ । ਨਵਾਬ ਵਜੀਦ ਖਾਂ ਜਿਸ ਨੇ ਗੁਰੂ ਜੀ ਦੇ ਸ਼ਾਹਿਬਜ਼ਾਦਿਆਂ ਨੂ ਨੀਹਾਂ ਵਿੱਚ ਚਿਣਵਾਇਆ ਸੀ ਉਹ ਆਪ ਇਸੇ ਮੁਜੱਦਦ ਦਾ ਚੇਲਾ ਸੀ ।

ਜਿਸ ਵੇਲੇ ਬਾਬਾ ਬੰਦਾ ਬਹਾਦਰ ਨੇ ਸਰਹਿੰਦ ਉਪਰ ਧਾਵਾ[੧੦੦] ਬੋਲਿਆ ਉਸ ਵੇਲੇ ਮੁਜੱਦਦ ਦੀ ਗੱਦੀ ਦਾ ਗੱਦੀਨਸ਼ੀਨ ਖਵਾਜਾ ਕਮਾਲ-ਉ-ਦੀਨ ਸੀ ਜੋ ਆਪਣੀ ਜਾਨ ਬਚਾ ਕੇ ਦਿੱਲੀ ਭੱਜ ਗਿਆ ਸੀ । ਇਸੇ ਨੇ ਪਿਛੋਂ ੧੭੧੬ ਵਿੱਚ ਫ਼ਰੁਖ਼ਸੀਅਰ ਪਾਸੋਂ ਸਿੱਖਾਂ ਦਾ ਕਤਲਿ-ਆਮ ਕਰਵਾਇਆ ।

ਸਾਡੇ ਸਮੇਂ ਵਿੱਚ ਦੇਸ਼ ਦੀ ਵੰਡ ਕਰਵਾ ਕੇ ਲੱਖਾਂ ਲੋਕਾਂ ਦਾ ਕਤਲ ਕਰਵਾਉਣ ਵਾਲਿਆਂ ਵਿੱਚ ਮੁਹੰਮਦ ਇਕਬਾਲ ਵੀ ਸੀ[੧੦੧] । ਉਹ ਮੁਜਦੱਦ ਦੀ ਗੱਦੀ ਦਾ ਅਨਿਨ ਸੇਵਕ ਸੀ । ਉਹ ਖ਼ੁਦ ਹੀ ਲਿਖਦਾ ਹੈ।

"ਹਾਜ਼ਰ ਹੂਆ ਮੈਂ ਸ਼ੇਖ ਮੁਜੱਦਦ ਜੀ ਲਹਿਦ[੧੦੨] ਪਰ, ਵੁਹ ਖ਼ਾਕ ਹੈ ਕਿ ਜ਼ੇਰਿ ਫ਼ਲਕ ਮਤਲਾਹ ਅਨਵਾਰ ।*

---

[100] ਸਿਖ ਵੀਰ ਅਕਸਰ ਸ਼ਕਾਇਤ ਕਰਦੇ ਹਨ ਕਿ ਬੰਦਾ ਸਿੰਘ ਨੇ ਸਿਆਂਣਪ ਤੋਂ ਕੰਮ ਨਹੀ ਲਿਆ । ਜੇ ਕਰ ਉਹ ਸਰਹੰਦ ਦੀ ਥਾਂ ਦਿੱਲੀ ਉੱਪਰ ਹਮਲਾ ਕਰਦਾ ਤਾਂ ਸਹਿਜੇ ਹੀ ਹਿੰਦੋਸਤਾਨ ਦਾ ਬਾਦਸ਼ਾਹ ਬਣ ਸਕਦਾ ਸੀ ਤੇ ਸਿੱਖੀ ਦਾ ਢੰਡੋਰਾ ਸਾਰੀ ਦੁਨੀਆਂ ਵਿਚ ਪਿਟਿਆ ਜਾਣਾ ਸੀ । ਇਹ ਗੱਲ ਬਿਲਕੁਲ ਠੀਕ ਹੈ ਪਰ ਇਹ ਸਿੱਖ ਸਿਧਾਂਤ ਅਨੁਸਾਰ ਠੀਕ ਨਹੀਂ ਸੀ ਬੈਠਦੀ । ਤੁਅੱਸਬ ਅਤੇ ਈਰਖਾ ਦਾ ਗੜ੍ਹ ਸਰਹੰਦ ਵਿੱਚ ਕਾਇਮ ਰਹਿ ਜਾਣਾ ਸੀ ਅਤੇ ਗੁਰੂ ਜੀ ਵਲੋਂ ਕਲਪਿਆ "ਹਲੇਮੀ ਰਾਜ" ਸਥਾਪਤ ਨਹੀਂ ਸੀ ਹੋ ਸਕਣਾ । ਦੁਨਿਆਵੀ ਰਾਜ ਨਾਲੋਂ ਹਲੇਮੀ ਰਾਜ ਦੀ ਲੋੜ ਉਸ ਵੇਲੇ ਵਧੇਰੇ ਸੀ । ਬੰਦਾ ਸਿੰਘ ਨੇ ਸਰਹੰਦ ਦਾ ਅੰਨ੍ਹਾ ਧਾਰਮਿਕ ਗੜ੍ਹ ਤੋੜਨਾ ਜ਼ਿਆਦਾ ਠੀਕ ਸਮਝਿਆ ਅਤੇ ਉਹ ਇਸ ਵਿਚ ਸੌ ਫੀ ਸਦੀ ਕਾਮਯਾਬ ਵੀ ਰਿਹਾ । ਇਹੀ ਕਾਰਨ ਹੈ ਅੱਜ ਵੀ ਸਿਖ ਸਰਹੰਦ ਨੂੰ "ਸਰਹੰਦ ਸੜੀ" ਜਾਂ "ਗੁਰੂ ਮਾਰੀ ਸਰਹੰਦ" ਆਖਦੇ ਹਨ । ਕੱਟੜ ਧਰਮਗੜ੍ਹ ਨੂੰ ਪੂਰੀ ਤਰਾਂ ਨਸ਼ਟ ਕਰਨ ਲਈ ਬੰਦਾ ਸਿੰਘ ਨੇ ਉਹੀ ਥਾਂ ਹਮਲੇ ਲਈ ਚੁਣੇ ਜਿਥੋਂ ਇਹ ਨਫ਼ਰਤ ਦੀ ਚੰਗਿਆੜੀ ਉੱਠਦੀ ਸੀ । ਸਮਾਣੇ ਵਿਚੱ ਜਲਾਲ ਦੀਨ ਮਾਰਿਆਂ ਜਿਸ ਨੇ ੧੬੭੫ ਵਿੱਚ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ । ਕਪੂਰੀ ਤੇ ਹਮਲਾ ਕਮਰ-ਉ-ਦੀਨ ਨੂ ਨਸ਼ਟ ਕਰਨ ਲਈ ਕੀਤਾ ਗਿਆ । ਸਢੌਰਾ ਇਸ ਲਈ ਬਰਬਾਦ ਕਰਨਾ ਜ਼ਰੂਰੀ ਸੀ ਕਿਉਂਕਿ ਇੱਥੇ ਦੇ ਸ਼ਾਸਕ ਨੇ ਫਕੀਰ ਬੁੱਧੂ ਸ਼ਾਹ ਅਤੇ ਉਸਦੀ ਪਤਨੀ ਨਸੀਰਾਂ ਨੂੰ ਜ਼ਮੀਨ ਵਿੱਚ ਗੱਡ ਕੇ ਕੁੱਤਿਆਂ ਤੋਂ ਪੜਵਾਇਆ ਸੀ

[101] It was Iqbal (1873-1938) who said "Nationalism is a coffin of Islam since Islam is more international than national, more universal than territory-tied". It is cronies of people like Iqbal who even declared the Ahmediya community of Pakistan as non-Muslim and killed them in large numbers. However they ignore Quran if it does not suit their way of interpretation

(a) Zakat is the only tax that can be levied on Muslims. All other taxes are a negation of Islam and yet Pakistan and other Muslim countries impose taxes.
(b) Quran says produce more and more children and therefore Mullahs oppose population control in Pakistan and Bangla Desh.One wonders how they will feed the growing population. The population of Bangla Desh was 41,997,297 in 1951. It rose to 89,921,000 in 1981. Some Muslim countries do impose control on population.
(c) Pakistan and Sudan (in 1991) required women to wear a Burqa. Sudan even provided 3000 Sudanese pounds per woman to popularize it but many Muslim politicians attack it as infringement of human rights and not required by Shariat.
(d) Embalming or mummifying a dead body is forbidden in Islam and yet Shah Jahan's wife Mumtaz Mahal (Who died in Burhanpur in 1631) was embalmed, and mummified. She was buried nearly a year later in 1632 .No Mullah issued any Fatwa against it.
(e) Music is forbidden in Islam. Only Aurangzeb observed this restriction, the other Mughal kings regularly listened to Music.Jehangir himself had Bakhtiar Khan as his favourite musician whom he once rewarded with 10,000 rupees (see Tuzak-e-Jehangiri P.170)

ਗਰਦਨ ਝੁਕੀ ਨਾ ਜਿਸ ਕੀ ਜਹਾਂਗੀਰ ਕੇ ਆਗੇ,ਜਿਸ ਕੇ ਨਫਸਿ ਗਰਮ ਸੇ ਹੈ ਗਰਮੀਏ ਅਹਿਰਾਰ । **
ਵੁਹ ਹਿੰਦ ਮੇਂ ਸਰਮਾਇਆ-ਏ-ਮਿਲਤ ਕਾ ਨਿਗਹਬਾਨ, ਅਲ੍ਹਾ ਨੇ ਬਰਵਕਤ ਕੀਆ ਜਿਸ ਕੋ ਖ਼ਬਰਦਾਰ"***

ਇਕਬਾਲ ਪਹਿਲਾਂ ਲਿਖਿਆ ਕਰਦਾ ਸੀ "ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰਖਣਾ, ਹਿੰਦੀ ਹੈਂ ਹਮ ਵਤਨ ਹੈ ਹਿੰਦੋਸਤਾਂ ਹਮਾਰਾ" ਪਿਛੋਂ ਜਾ ਕੇ ਲਿਖਣ ਲੱਗ ਪਿਆ

੧ ਹੈ ਫ਼ਕਤ ਤੌਹੀਦ-ਓ-ਸੁੰਨਤ ਹੀ ਅਮਨ-ਓ-ਰਾਹਤ ਕਾ ਤ੍ਰੀਕ,
ਫ਼ਿਤਨਾ-ਓ-ਜੰਗ-ਓ-ਜਦਲ ਤਕਲੀਦ ਸੇ ਪੈਦਾ ਨਾ ਕਰ ।

੨ ਲਾ ਅਲ੍ਹਾ ਸੇ ਫੂਂਕ ਦੇ ਖ਼ਾਸ਼ਾਕ ਗ਼ੈਰ-ਅਲ੍ਹਾ ਕੋ,
ਬੁੱਤ-ਸ਼ਿਕਨ* ਬਨ ਦਿਲ ਮੇ ਆਜ਼ਰ[੧੦੩] ਕੇ ਸਨਮ** ਪੈਦਾ ਨਾ ਕਰ ।

੩ ਆਲਮ ਹੈ ਫ਼ਕਤ ਮੋਮਿਨੇ ਜਾਂ-ਬਾਜ਼ ਕੀ ਮੀਰਾਸ
ਮੋਮਿਨ ਨਹੀਂ ਜੋ ਸਾਹਿਬੇ ਲੌਕਾਕ ਨਹੀਂ ਹੈ ॥

ਭੱਟ ਵਹੀ ਮੁਲਤਾਨੀ ਵਿੱਚ, ਜੋ ਸਿੰਧੀ ਵਿੱਚ ਲਿਖੀ ਮਿਲੀ ਹੈ ਲਿਖਿਆ ਹੈ, ਗੁਰੂ ਤੇਗ਼ ਬਹਾਦਰ ਜੀ ਦੀ ਗ੍ਰਿਫ਼ਤਾਰੀ[੧੦੪] ਵੀ ਸਰਹੰਦ ਦੇ ਕੱਟੜ ਮੁਲਾਣਿਆ ਦੇ ਪੈਰੋਂ ਹੀ ਹੋਈ ਸੀ ।(ਦੇਖੋ ਸੁਰਜੀਤ ਸਿੰਘ ਗਾਂਧੀ ਦੀ ਪੁਸਤਕ History of the Sikh Gurus ). ਇਸ ਵਿੱਚ ਲਿਖਿਆ ਹੈ

**"ਗੁਰੂ ਤੇਗ ਬਹਾਦ ਜੀ ਮਹਲ ਨਾਵਾਂ ਕੋ ਨੂਰ ਮੁਹੰਮਦ ਖਾਨ ਮਿਰਜ਼ਾ ਚੌਕੀ ਰੋਪੜ ਵਾਲੇ ਨੇ ਸਾਲ ਸਤਾਰਾਂ ਸੈ ਬਤੀਸ ਸਾਵਣ ਪ੍ਰਵਿਸ਼ਟੇ ਵਾਰਾਂ ਦੇ ਦਿਹੁੰ ਗਾਉਂ ਮਲਕ ਪੁਰ ਰੰਘੜ ਪਰਗਨਾ ਘਨੌਲਾ ਸੇ ਪਕੜ ਕਰ ਸਰਹੰਦ ਪਹੁੰਚਾਇਆ। ਗੈਲੋ ਦੀਵਾਨ ਮਤੀ ਦਾਸ ਸਤੀ ਦਾਸ ਬੇਟੇ ਹੀਰਾ ਮੱਲ ਛਿੱਬਰ ਕੇ ਗੈਲ ਦਿਆਲ ਦਾਸ ਬੇਟਾ ਮਾਈ ਦਾਸ ਬਲੌਂਤ ਕਾ ਪਕੜਿਆ ਆਇਆ। ਗੁਰੂ ਜੀ ਚਾਰ ਮਾਸ ਬਸੀ ਪਠਾਣਾਂ ਕੇ ਬੰਦੀਖਾਨੇ ਬੰਦ ਰਹੇ । ਅੱਠ ਦਿਵਸ ਦਿੱਲੀ ਕੁਤਵਾਲੀ ਮੇਂ ਬੰਦ ਰਹੇ"।**

ਗੁਰੂ ਅਰਜਨ ਦੇਵ ਜੀ ਦਾ ਪ੍ਰਚਾਰ ਅਤੇ ਇਸ ਦੀ ਸਫਲਤਾ ਮੁਜੱਦਦ ਦੀਆਂ ਅੱਖਾਂ ਵਿਚ ਰੜਕਦੀ ਸੀ । ਸਿੱਖੀ ਬੜੀ ਤੇਜ਼ੀ ਨਾਲ ਫ਼ੈਲ ਰਹੀ ਸੀ । ਦਬਿਸਤਾਨਿ ਮਜ਼ਾਹਬ (੧੬੪੪ ਈਸਵੀ) ਦੇ ਪੰਨਾ ੨੩੩ ਤੇ ਲਿਖਿਆ ਹੈ ," **ਗੱਲ ਕੀ ਸਿੱਖਾਂ ਦੀ ਗਿਣਤੀ ਹਰ ਥਾਂ ਵਧਦੀ ਗਈ । ਗੁਰੂ ਅਰਜਨ ਦੇ ਸਮੇਂ ਬਹੁਤ ਹੀ ਜ਼ਿਆਦਾ ਸਿੱਖ ਹੋ ਗਏ । ਇੱਥੇ ਤੱਕ ਕਿ ਕੋਈ ਵੀ ਵੱਡਾ ਸ਼ਹਿਰ ਮੁਲਕ ਵਿੱਚ ਨਹੀਂ ਸੀ ਜਿੱਥੇ ਕੁੱਝ ਨਾ ਕੁੱਝ ਸਿੱਖ ਨਾ ਵਸਦੇ ਹੋਣ" ।**[੧੦੫] ਸਿੱਖਾਂ ਦੀ ਇਹ

---

[102] ਕਬਰ * ਇਸ ਪਵਤਿਰ ਧਰਤੀ ਦੀ ਮਿੱਟੀ ਵਿਚੋਂ ਨੂਰ ਵਰ੍ਹਦਾ ਹੈ । ** ਜਿਸ ਦੀ ਧਰਮ ਪ੍ਰੇਰਣਾ ਨਾਲ ਇਸਲਾਮੀ ਪੁਰਸ਼ਾਂ ਵਿਚ ਇਸਲਾਮ ਦਾ ਜਜ਼ਬਾ ਹੈ । *** ਹਿੰਦੋਸਤਾਨ ਵਿਚ ਮੁਸਲਮਾਨਾਂ ਦੀ ਇਜ਼ੱਤ ਦਾ ਰਾਖਾ ਸੀ ਜਿਸ ਨੂੰ ਐਨ ਮੌਕੇ ਤੇ ਅੱਲ੍ਹਾ ਨੇ ਚੁਕੰਨਾ ਕਰ ਦਿੱਤਾ ਸੀ ।

[103] * ਬੁੱਤ ਤੋੜਨ ਵਾਲਾ । ਆਜ਼ਰ ਇਬਰਾਹੀਮ ਦਾ ਚਾਚਾ ਸੀ ਜੋ ਬੁੱਤ ਬਣਾਕੇ ਵੇਚਿਆ ਕਰਦਾ ਸੀ ।** ਬੁੱਤ । ਇਕਬਾਲ ਮੁੜ ਕੇ ਅਮੀਰ ਤੈਮੂਰ ਵਾਲਾ ਰਾਜ ਲਿਆਉਣ ਦੇ ਹੱਕ ਵਿਚ ਸੀ । ਉਹ ਲਿਖਦਾ ਹੈ, "ਨਾ ਫਿਕਰ ਕੇ ਲੀਏ ਮੌਜ਼ੂੰ ਨਾ ਸਲਤਨਤ ਕੇ ਲੀਏ, ਵੁਹ ਕੌਮ ਜਿਸ ਨੇ ਗੰਵਾਇਆ ਮਤਾਇ ਤੈਮੂਰੀ ॥ "ਸਨਮ ਕਦਾਹ ਹੈ ਜਹਾਂ ਔਰ ਮਰਦਿ ਹੱਕ ਹੈ ਖ਼ਲੀਲ, ਯਿਹ ਨੁਕਤਾ ਵੁਹ ਹੈ ਕਿ ਪੋਸ਼ੀਦਾ ਲਾ ਇੱਲਾ ਮੇਂ ਹੈ ॥ ( ਇਕਬਾਲ ਦੀ ਪੁਸਤਕ *'ਬਾਲਿ ਜਬਰਾਈਲ'* ਵਿੱਚੋਂ)

[104] "The Guru fell a victim to religious bigotry and it is understandable why later Muhammedan writers sought to cloud the issue giving it a political colour"(Evolution of the Khalsa Vol. II P.63)

[105] "At every place the Sikhs increased in the the time of Guru Arjan Mal their number became very large. In most of the towns in the country a few Sikhs were definitely found."(Dabistan-e-Mazahib Mohsin Fani Page 225. See also page 233)

ਚੜ੍ਹਤ ਭਲਾ ਈਰਖਾਲੂ ਮੁਲਾਣੇ,ਨਕਸ਼ਬੰਦੀ ਮੁਜੱਦਦ ਅਤੇ ਕੰਨਾਂ ਦਾ ਕੱਚਾ ਜਹਾਂਗੀਰ ਕਿਵੇਂ ਸਹਿਣ ਕਰ ਸਕਦੇ ਸਨ ? ਜਹਾਂਗੀਰ ਖ਼ੁਦ ਇਹ ਗੱਲ ਲਿਖਦਾ ਹੈ ਕਿ ਗੁਰੂ ਜੀ ਪਾਸ ਲੋਕਾਂ ਦਾ ਆਉਣਾ ਉਸ ਨੂੰ ਚੁਭਦਾ ਸੀ । ਉਹ ਲਿਖਦਾ ਹੈ , **"ਹਜ਼ਾਰੋਂ ਸਾਦਾ ਲੋਗ ਹਿੰਦੂ ਔਰ ਮੁਸਲਮਾਨ ਉਸ ਕੇ ਮਰੀਦ ਮੁਇਤਕਿਦ (ਸ਼ਰਧਾਲੂ) ਹੋ ਗਏ।** ਉਸ ਨੂੰ ਬਹੁਤਾ ਚੁਭਣ ਵਾਲੀ ਗੱਲ ਇਹ ਸੀ ਕਿ ਸ਼ਾਹ ਹੁਸੈਨ ਤੇ ਮੀਆਂ ਮੀਰ ਵਰਗੇ ਮੁਸਲਮਾਨ ਵੀ ਗੁਰੂ ਜੀ ਪਾਸ ਜਾਂਦੇ ਸਨ ਅਤੇ ਉਨ੍ਹਾਂ ਦਾ ਸਤਿਕਾਰ ਕਰਦੇ ਸਨ । ਮੁਸਲਮਾਨਾਂ ਦੀਆ ਲਿਖਤਾਂ ਵਿੱਚ ਵੀ ਸਿੱਖ ਸ਼ਬਦਾਵਲੀ ਥਾਂ ਬਣਾ ਚੁੱਕੀ ਸੀ । ਗੁਰੂ ਜੀ ਲਈ ਸਿੱਖ ਸ਼ਬਦ "ਸਤਿਗੁਰ" ਵਰਤਦੇ ਸਨ ਤੇ ਸ਼ਾਹ ਹਸੈਨ ਵਰਗੇ ਮੁਸਲਮਾਨ ਵੀ ਇਹ ਸ਼ਬਦ ਆਮ ਵਰਤਣ ਲੱਗ ਗਏ ਸਨ । ਉਦਾਹਰਣ ਲਈ ਹੁਸੈਨ ਜੀ ਲਿਖਦੇ ਹਨ, **ਪ੍ਰੇਮ ਪਿਆਲਾ ਸਤਿਗੁਰ ਵਾਲਾ ਪੀਵਤ ਹੀ ਮੈਂ ਭੁੱਲੀਆਂ" ਜਾਂ "ਕਹੇ ਹੁਸੈਨ ਫ਼ਕੀਰ ਨਿਮਾਣਾ ਸਤਿਗੁਰ ਥੀਂ ਬਲ ਜਾਈਂ"** । ਇਨ੍ਹਾ ਹੀ ਨਹੀਂ ਸਿੱਖ ਅਤੇ ਬਹੁਤ ਸਾਰੇ ਗ਼ੈਰ-ਸਿਖ ਵੀ ਗੁਰੂ ਜੀ ਨੂੰ "**ਸੱਚਾ ਪਾਤਸ਼ਾਹ**" ਕਹਿੰਦੇ ਸਨ ਜਿਸ ਦਾ ਅਰਥ ਇਹ ਕੱਢ ਕੇ ਜਹਾਂਗੀਰ ਦੇ ਕੰਨ ਭਰੇ ਜਾ ਰਹੇ ਸਨ ਕਿ ਜਹਾਂਗੀਰ "**ਝੂਠਾ ਪਾਤਸ਼ਾਹ**" ਸਾਬਤ ਹੁੰਦਾ ਹੈ। ਉਸ ਨੂੰ ਸੰਗਤ, ਗੱਦੀ,ਤਖਤ,ਮਸੰਦ ਆਦਕ ਸ਼ਬਦ ਕਿਸੇ ਰਾਜਸੀ ਮੰਤਵ ਦੀ ਤਿਆਰੀ ਦਾ ਪੇਸ਼ ਖ਼ੈਮਾ ਬਣਾ ਕੇ ਦੱਸੇ ਗਏ । ਗੁਰੂ ਜੀ ਉੱਪਰ ਇਹ ਦੋਸ਼ ਲੱਗਾਉਣਾ ਸੌਖਾ ਸੀ ਕਿ ਉਹ ਮੁਗ਼ਲਾਂ ਦੀ ਬਾਦਸ਼ਾਹਤ ਖੋਹਣ ਲਈ ਅਪਣੇ ਸਿੱਖਾਂ ਨੂੰ ਤਿਆਰ ਕਰ ਰਹੇ ਹਨ ।

ਮੁਜੱਦਦ ਨੂੰ ਗੁਰੂ ਜੀ ਦੇ ਪਰਚਾਰ ਅਤੇ ਵਿਚਾਰਾਂ ਦੀ ਪੂਰੀ ਪੂਰੀ ਜਾਣਕਾਰੀ ਸੀ । ਸਰਕਾਰ ਵਲੋਂ ਗੁਰੂ ਜੀ ਉੱਪਰ ਇਸਲਾਮ ਵਿਰੋਧੀ ਪਰਚਾਰ ਕਰਨ ਦੀ ਤੁਹਮਤ ਲਾ ਕੇ ਮੁਜਰਮ ਬਨਾਉਣਾ ਉਸ ਲਈ ਬਹੁਤ ਸੌਖਾ ਸੀ ਕਿਉਂਕਿ ਉਸ ਦਾ ਅਨਿਨ ਸੇਵਕ ਸ਼ੇਖ ਫ਼ਰੀਦ ਜਹਾਂਗੀਰ ਉੱਪਰ ਹਾਵੀ ਹੋ ਚੁੱਕਿਆ ਸੀ । ਉਹ ਬਾਦਸ਼ਾਹ ਦਾ ਇਤਬਾਰੀ ਅਤੇ ਨਿਕਟਵਰਤੀ ਸਲਾਹਕਾਰ ਬਣ ਚੁੱਕਾ ਸੀ ਜਿਸ ਦੀ ਰਾਹੀਂ ਅਸੰਭਵ ਨੂੰ ਵੀ ਸੰਭਵ ਬਨਾਉਣ ਦੀ ਗਿੱਦੜਸਿੰਗੀ ਮੁਜੱਦਦ ਦੇ ਹੱਥ ਲੱਗ ਚੁੱਕੀ ਸੀ । ਜਹਾਂਗੀਰ ਦੇ ਬਾਦਸ਼ਾਹ ਬਨਣ ਤੋਂ ਕਾਫੀ ਸਮਾਂ ਪਹਿਲਾਂ ਤੋਂ ਉਸ ਨੂੰ ਗੁਰੂ ਜੀ ਵਿਰੁੱਧ ਭੜਕਾਇਆ ਜਾਂਦਾ ਰਿਹਾ ਸੀ । ਇਸ ਗੱਲ ਨੂੰ ਉਹ ਆਪ ਵੀ ਮੰਨਦਾ ਹੈ । ਉਹ ਅਕਤੂਬਰ ਵਿਚ ਗੱਦੀ ਤੇ ਬੈਠਾ ਅਤੇ ਮਈ ਵਿੱਚ ਗੁਰੂ ਜੀ ਨੂੰ ਸ਼ਹੀਦ ਕੀਤਾ । ਇਸ ਤਰਾਂ ਉਸ ਦਾ ਬਾਦਸ਼ਾਹ ਬਨਣ ਦਾ ਸਮਾਂ ਤਾਂ ਛੇ ਕੁ ਮਹੀਨੇ ਹੀ ਬਣਦਾ ਹੈ ਪਰ ਉਹ ਲਿਖਦਾ ਹੈ , **"ਕਾਫੀ ਅਰਸਾ ਸੇ (ਲੰਮੇ ਸਮੇਂ ਤੋਂ) ਮੇਰੀ ਖਵਾਹਿਸ਼ ਥੀ ਕਿ ਇਸ ਕੁਫ਼ਰੋ ਜ਼ੁਲਮਤ ਕੀ ਦੁਕਾਨ ਕੋ ਖ਼ਤਮ ਕਰ ਕੇ ਇਸੇ ਮੁਸਲਮਾਨ ਬਣਾਊਂ"** । ਜ਼ਾਹਿਰ ਹੈ ਕਿ ਕੱਟੜਤਾ ਵਸ ਗੁਰੂ ਜੀ ਨੂੰ ਮਾਰਨ ਦੀ ਸਕੀਮ ਤਾਂ ਕਈ ਸਾਲ ਪਹਿਲਾਂ ਤੋਂ ਹੀ ਬਣ ਚੁੱਕੀ ਸੀ । ਗੋਚਲ ਚੰਦ (੧੯੧੨) ਲਿਖਦੇ ਹਨ , "The Guru's fate was sealed when Jehangir ascended the throne.The tortures inflicted on him and his death as the result of those tortures was directly due to the bigotry of Jehangir"(Tranformation of Sikhism page 47)

ਮੁਜੱਦਦ ਅਤੇ ਉਸ ਦੇ ਨਕਸ਼ਬੰਦੀ ਚੇਲਿਆਂ ਨੇ ਸਿੱਖਾਂ ਅਤੇ ਭਾਰਤ ਵਰਸ਼ ਦਾ ਜੋ ਨੁਕਸਾਨ ਕੀਤਾ ਉਹ ਬਿਆਨ ਕਰਨ ਤੋਂ ਬਾਹਰ ਹੈ । ਉਸ ਬਾਰੇ ਸਹੀ ਜਾਣਕਾਰੀ ਲੈਣ ਵਾਲੇ ਪਾਠਕਾਂ ਨੂੰ ਅਸੀਂ ਸਲਾਹ ਦਿਆਂਗੇ ਕਿ ਉਹ ਹੇਠ ਲਿਖੀਆਂ ਉਰਦੂ ਦੀਆਂ ਪੁਸਤਕਾਂ ਜ਼ਰੂਰ ਪੜ੍ਹਨ।

1. ਹਯਾਤਿ ਮੁਜੱਦਦ (ਮੁਜੱਦਦ ਦੀ ਜੀਵਨ ਕਥਾ) ਲ਼ਿਖਾਰੀ ਮੁਹੰਮਦ ਫੁਰਮਾਨ । ਮਦੀਨਾ ਪਬਲਿਸ਼ਰਜ਼ ਕਰਾਚੀ
2. ਮਕਤੂਬਾਤ ਅਮਾਮ ਰੱਬਾਨੀ ਲਿਖਾਰੀ ਸ਼ੇਖ ਅਹਿਮਦ ਸਰਹੰਦੀ ਮੁਜੱਦਦ । ਮਦੀਨਾ ਪਬਲਿਸ਼ਰਜ਼ ਕਰਾਚੀ
3. ਤੁਜ਼ਕਿ ਜਹਾਂਗੀਰੀ ਬਾਦਸ਼ਾਹ ਜਹਾਂਗੀਰ ਦੀ ਆਤਮ-ਕਥਾ ਸੰਗਿ ਮੀਲ਼ ਪਬਲਿਸ਼ਰਜ਼ ਲਾਹੌਰ

## ੪.੨ ਚੰਦੂ ਕੌਣ ਸੀ ?

ਸਿੱਖ ਇਤਿਹਾਸ ਲਿਖਣ ਵਾਲੇ ਬਹੁਤ ਸਾਰੇ ਵਿਦਵਾਨਾਂ ਨੇ ਕਿਸੇ ਚੰਦੂ ਨਾਂ ਦੇ ਵਿਅਕਤੀ ਦਾ ਵੀ ਜ਼ਿਕਰ ਕੀਤਾ ਹੈ ਜਿਸ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਲਈ ਅਪਣਾ ਸਾਰਾ ਜ਼ੋਰ ਲਾਇਆ । ਭਾਵੇਂ ਇਸ ਪੁਸਤਕ ਵਿੱਚ ਦਿੱਤੇ ਗਏ ਹਾਲਾਤ ਅਤੇ ਜਹਾਂਗੀਰ ਦੀ ਅਪਣੀ ਲਿਖੀ ਜੀਵਨ-ਕਥਾ ਤੋਂ ਭਲੀ ਭਾਂਤ ਸਪਸ਼ਟ ਹੈ ਕਿ ਗੁਰੂ ਜੀ ਦੀ ਸ਼ਹੀਦੀ ਧਾਰਮਿਕ ਅੰਧ-

ਵਿਸ਼ਵਾਸ ਅਤੇ ਕੱਟੜ ਪੁਣੇ ਦਾ ਨਤੀਜਾ ਸੀ ਪਰ ਤਾਂ ਵੀ ਅਸੀਂ ਇਤਿਹਾਸਕਾਰਾਂ ਵਲੋਂ ਪ੍ਰਾਪਤ ਸਮਗਰੀ ਨੂੰ ਵਾਚ ਲੈਣਾ ਅਣਉਚਿੱਤ ਨਹੀਂ ਸਮਝਦੇ ।

ਭਾਈ ਕਾਨ੍ਹ ਸਿੰਘ ਜੀ ਨਾਭਾ ਚੰਦੂ ਬਾਰੇ ਲਿਖਦੇ ਹਨ, "ਲਾਹੌਰ ਨਿਵਾਸੀ ਇੱਕ ਖਤਰੀ ਜੋ ਬਾਦਸ਼ਾਹ ਜਹਾਂਗੀਰ ਵੇਲੇ ਮਾਲੀ ਔਹਦੇਦਾਰ ਸੀ । ਇਹ ਆਪਣੀ ਪੁਤ੍ਰੀ ਦਾ ਨਾਤਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਕਰਨਾ ਚਾਹੁੰਦਾ ਸੀ ਪਰ ਦਿੱਲੀ ਦੀ ਸੰਗਤ ਨੇ ਇਸਦੇ ਅਹੰਕਾਰ ਭਰੇ ਬਚਨ ਸੁਣਕੇ ਪੰਜਵੇਂ ਸਤਿਗੁਰੂ ਜੀ ਦੀ ਸੇਵਾ ਵਿਚ ਅਰਦਾਸ ਲਿਖੀ ਕਿ ਇਸ ਮਨਮੁਖ ਦਾ ਨਾਤਾ ਨਹੀਂ ਲੈਣਾ । ਗੁਰੂ ਸਾਹਿਬ ਨੇ ਸਿੱਖਾਂ ਦੀ ਇੱਛਾ ਅਨੁਸਾਰ ਸਾਕ ਲੈਣੋਂ ਇਨਕਾਰ ਕੀਤਾ । ਇਸ ਪੁਰ ਇਹ ਗੁਰੂ ਅਰਜਨ ਦੇਵ ਦਾ ਵੈਰੀ ਬਣ ਗਿਆ । ਚੰਦੂ ਨੇ ਬਹੁਤ ਜਾਲ ਰਚਕੇ ਪੰਜਵੇਂ ਸਤਿਗੁਰੂ ਜੀ ਨੂੰ ਲਾਹੌਰ ਬੁਲਾਇਆ ਅਤੇ ਝੂਠੀਆਂ ਊਜਾਂ ਲਾ ਕੇ ਬਾਦਸ਼ਾਹ ਤੋਂ ਜੁਮਾਨਾ ਕਰਵਾਇਆ ਅਰ ਅਨੇਕ ਅਸਹਿ ਕਸ਼ਟ ਦਿਵਾਏ ਜਿਨ੍ਹਾਂ ਦੇ ਕਾਰਣ ਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾਏ ।[੧੦੬] ਸੰਮਤ ੧੬੭੦ ਵਿਚ ਚੰਦੂ ਸਿੱਖਾਂ ਦੇ ਹੱਥੋਂ ਵੱਡੀ ਦੁਰਗਤ ਨਾਲ ਲਾਹੌਰ ਮੋਇਆ"।

ਪ੍ਰੋਫੈਸਰ ਸਾਹਿਬ ਸਿੰਘ ਲਿਖਦੇ ਹਨ ਕਿ ਚੰਦੂ ਜ਼ਿਲਾ ਗੁਰਦਾਸਪੁਰ ਦੇ ਪਿੰਡ ਰੁਹੇਲੇ ਦਾ ਰਹਿਣ ਵਾਲਾ ਸੀ ਸਹਿਜੇ ਸਹਿਜੇ ਲਾਹੌਰ ਸਰਕਾਰੀ ਮੁਲਾਜ਼ਮਤ ਵਿੱਚ ਜਾ ਅਪੜਿਆ । ਹਰੀ ਰਾਮ ਗੁਪਤਾ ਲਿਖਦੇ ਹਨ," ਚੰਦੂ ਲਾਹੌਰ ਦਾ ਖ਼ੱਤਰੀ ਸੀ ਜੋ ਦਿੱਲੀ ਮਾਲ ਦੇ ਕਿਸੇ ਮਹਤਵ ਪੂਰਨ ਮਹਿਕਮੇ ਵਿੱਚ ਕੰਮ ਕਰਦਾ ਸੀ"[(History of the Sikhs page 145) ਸਰਦਾਰ ਕਰਤਾਰ ਸਿੰਘ ਦੁੱਗਲ ਲਿਖਦੇ ਹਨ ਕਿ ਚੰਦੂ ਸ਼ਾਹ ਦਿਲੀ ਦਾ ਸਾਹੂਕਾਰ ਸੀ (The Sikh Gurus P.113)

ਸ੍ਰੀ I.B.Banerrjee ਆਪਣੀ ਪੁਸਤਕ "Evolution of the Khala"ਦੇ ਪੰਨਾ ੨੧੧ ਤੇ ਚੰਦੂ ਨੂੰ 'Imperial Dewan' ਲਿਖਦੇ ਹਨ। ਇਹੋ ਗੱਲ ਸਤਿਬੀਰ ਸਿੰਘ ਜੀ ਲਿਖਦੇ ਹਨ "ਚੰਦੂ ਲਾਹੌਰ ਦਾ ਦੀਵਾਨ ਸੀ" (ਸਾਡਾ ਇਤਿਹਾਸ ਪੰਨਾ ੧੭੭)।

ਸਮਕਾਲੀ ਇਤਿਹਾਸ ਵਿੱਚੋਂ ਜਾਂ ਗ਼ੈਰ-ਸਿੱਖ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚੋਂ ਚੰਦੂ ਦਾ ਜ਼ਿਕਰ ਨਹੀਂ ਲਭ ਰਿਹਾ ਇਸੇ ਕਰਕੇ ਸਰਦਾਰ ਗੰਡਾ ਸਿੰਘ ਲਿਖਦੇ ਹਨ ਕਿ ਚੰਦੂ ਨਾਂ ਦਾ ਕੋਈ ਰਸੂਖ ਵਾਲਾ ਸਰਕਾਰੀ ਮੁਲਾਜ਼ਮ ਨਹੀਂ ਸੀ ।

ਚੰਦੂ ਦਾ ਬਹੁਤਾ ਜ਼ਿਕਰ ਸਭ ਤੋਂ ਪਹਿਲਾਂ ਕੇਸਰ ਸਿੰਘ ਛਿੱਬਰ ਨੇ ਅਪਣੇ ਬੰਸਾਵਲੀ ਨਾਮੇ (੧੭੬੯) ਵਿੱਚ ਅਤੇ ਸਰੂਪ ਦਾਸ ਜੀ ਭੱਲਾ ਨੇ ਆਪਣੇ ਗ੍ਰੰਥ ਮਹਿਮਾ ਪ੍ਰਕਾਸ਼ (੧੭੭੬) ਵਿੱਚ ਕੀਤਾ ਹੈ । ਇਹ ਦੋਵੇਂ ਗ੍ਰੰਥ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ੧੭੦ ਸਾਲ ਬਾਅਦ ਲਿਖੇ ਗਏ ਹਨ । ਇਸ ਤੋਂ ਪਿਛੋਂ ਭਾਈ ਸੰਤੋਖ ਸਿੰਘ ਜੀ ਨੇ ਚੰਦੂ ਦਾ ਜ਼ਿਕਰ ਸੂਰਜ ਪ੍ਰਕਾਸ਼ ਵਿੱਚ ਕੀਤਾ ਹੈ । ਸੂਰਜ ਪ੍ਰਕਾਸ਼ ੧੮੪੩ ਵਿੱਚ ਲਿਖਿਆ ਗਿਆ । ਮਹਿਮਾ ਪ੍ਰਕਾਸ਼ ਹੀ ਸਿਖ ਇਤਿਹਾਸ ਦੀ ਸਭ ਤੋਂ ਪੁਰਾਣੀ ਪੁਸਤਕ ਮੰਨੀ ਗਈ ਹੈ ਜਿਸ ਦਾ ਪ੍ਰਯੋਗ ਮਗਰਲੇ ਲਿਖਾਰੀਆ ਨੇ ਕੀਤਾ ਤੇ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਮਹਿਮਾ ਪ੍ਰਕਾਸ਼ ਦੀ ਸ਼ਬਦਾਵਲੀ ਦਾ, ਤੁਕਾਂ ਦਾ ਅਤੇ ਕਥਾ-ਵਾਰਤਾ ਦਾਂ ਅੰਸ਼ ਸਪਸ਼ਟ ਦਿਸ ਪੈਂਦਾ ਹੈ । ਸੂਰਜ ਪ੍ਰਕਾਸ਼ ਵਿੱਚ ਤਾਂ ਕਈ ਥਾਈਂ ਕਈ ਕਈ ਸਤਰਾਂ (ਤੇ ਕਵਿਤਾ ਦੇ ਬੰਦ) ਹੀ ਮਹਿਮਾ ਪ੍ਰਕਾਸ਼ ਵਿਚੋਂ ਇੰਨ ਬਿੰਨ ਲਈਆਂ ਗਈਆਂ ਹਨ ।

ਚੰਦੂ ਦਾ ਸਭ ਬਹੁਤਾ ਜ਼ਿਕਰ ਸਰੂਪ ਦਾਸ ਦੇ ਮਹਿਮਾ ਪ੍ਰਕਾਸ਼ ਵਿੱਚ ਹੀ ਮਿਲਦਾ ਹੈ । ਸਰੂਪ ਦਾਸ ਜੀ ਨੇ ਅਨੇਕਾਂ ਗ਼ਲਤੀਆਂ ਵੀ ਕੀਤੀਆਂ ਹਨ ਜੋ ਇਤਿਹਾਸਕ ਪੱਖੋਂ ਮੰਨਣ ਯੋਗ ਨਹੀਂ । ਉਹ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਮੱਕੇ ਤੋਂ ਸਿਆਲਕੋਟ ਆਏ ਤੇ ਮੁੜ ਕੇ ਬਾਬਰ ਨੂੰ ਕਾਬਲ ਵਿੱਚ ਜਾ ਕੇ ਮਿਲੇ । ਸਰੂਪ ਦਾਸ ਨੇ ਮਲਕ ਭਾਗੋ ਦਾ

---

[106] The trouble with tormentors is that they prove unworthy of their faith" (John Huss)

ਜ਼ਿਕਰ ਨਹੀਂ ਕੀਤਾ ਸਗੋਂ ਉਸ ਦੀ ਥਾਂ ਮਲਕ ਦਾ ਨਾਂ ਗੁਰਸੂ ਸੇਠ ਲਿਖਿਆ ਹੈ । ਗੁਰੂ ਹਰਿਗੋਬਿੰਦ ਜੀ ਨੇ ਚੰਦੂ ਨੂੰ ਬਾਦਸ਼ਾਹ ਤੋਂ ਖ਼੍ਰੀਦ ਕੇ ਪ੍ਰਵਾਰ ਸਮੇਤ ਕੋਹਲੂ ਵਿੱਚ ਪੀੜਿਆ,ਉਸ ਦਾ ਘਰ ਢਾ ਦਿੱਤਾ ਅਤੇ ਲਾਸ਼ਾਂ ਨੂੰ ਨਦੀ ਵਿੱਚ ਰੋੜ੍ਹਿਆ । ਗੁਰੂ ਹਰਿ ਰਾਏ ਸਾਹਿਬ ਜੀ ਨੇ ਸਾਰੇ ਸਰੀਰ ਤੇ ਜੋਕਾਂ ਲਗਵਾਈਆਂ ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ । ਗੁਰੂ ਤੇਗ ਬਹਾਦਰ ਜੀ ਨੇ ਅਪਣੇ ਇੱਕ ਸੇਵਕ ਨੂੰ ਕਹਿ ਕੇ ਅਪਣਾ ਸੀਸ ਆਪ ਹੀ ਕਟਵਾ ਦਿੱਤਾ । ਗੁਰੂ ਗੋਬਿੰਦ ਸਿੰਘ ਨੇ ਸੋਨੇ ਦਾ ਬੰਗਲਾ ਬਨਾਉਣ ਲਈ ਸਿੱਖਾਂ ਪਾਸੋਂ ਤੋਲਾ ਤੋਲਾ ਸੋਨਾ ਜਬਰੀ ਲਿਆ । ਅੰਮ੍ਰਿਤ ਤਿਆਰ ਕਰਕੇ ਗੁਰੂ ਗੋਬਿੰਦ ਸਿੰਘ ਨੇ ਪਹਿਲਾਂ ਪੰਜ ਚਮਚੇ ਆਪ ਪੀਤੇ । ਗੁਰੂ ਗੋਬਿੰਦ ਸਿੰਘ ਨੇ ਅਪਣੀ ਮਾਤਾ ਜੀ ਨੂੰ ਸਰਾਪ ਦੇ ਦਿੱਤਾ । ਗੁਰੂ ਜੀ ਨੇ ਬੰਦਾ ਸਿੰਘ ਨੂੰ ਅਪਣਾ ਵੱਖਰਾ ਪੰਥ ਚਲਾਉਣ ਦੀ ਆਗਿਆ ਦਿੱਤੀ । ਸਰੂਪ ਦਾਸ ਜੀ ਤਾਂ ਇਨਾਂ ਵੀ ਨਹੀਂ ਜਾਣਦੇ ਸਨ ਕਿ ਨੂਰ ਜਹਾਂ ਔਰੰਗਜ਼ੇਬ ਦੀ ਨਹੀਂ ਜਹਾਂਗੀਰ ਦੀ ਪਤਨੀ ਸੀ । ਇਸ ਤਰ੍ਹਾਂ ਦੀਆਂ ਅਨੇਕਾਂ ਗ਼ਲਤੀਆਂ ਅਤੇ ਸਵੈਵਿਰੋਧ ਸਰੂਪ ਦਾਸ ਦੇ ਗ੍ਰੰਥ ਵਿਚੋਂ ਮਿਲ ਜਾਂਦੇ ਹਨ । ਮਗਰਲੇ ਲਿਖਾਰੀ ਉਹੀ ਗ਼ਲਤੀਆਂ ਕਰਦੇ ਚਲੇ ਗਏ ਅਤੇ ਚੰਦੂ ਵਾਲੀ ਕਥਾ ਵੀ ਇਸੇ ਗ੍ਰੰਥ ਤੋਂ ਪ੍ਰਚਲਤ ਹੋ ਗਈ ।

ਗੁਰੂ ਅਰਜਨ ਦੇਵ ਜੀ ਬਾਰੇ ਲਿਖਦਿਆਂ ਸਰੂਪ ਦਾਸ ਚੰਦੂ ਕੋਲੋਂ ਚੁਗ਼ਲੀ ਪਹਿਲਾਂ ਕਰਵਾਉਂਦਾ ਹੈ ਅਤੇ ਰਿਸ਼ਤਾ ਇਸਤੋਂ ਮਗਰੋਂ ਮੁੜਦਾ ਹੈ । ਅਜਿਹੀਆਂ ਅਨੇਕਾਂ ਹੋਰ ਭੁੱਲਾਂ ਕਾਰਨ ਸਰੂਪ ਦਾਸ ਦਾ ਗ੍ਰੰਥ ਮੰਨਣ ਯੋਗ ਨਹੀਂ ਰਹਿੰਦਾ ਪਰ ਚੰਦੂ ਦੀ ਵਾਰਤਾ ਪਿਛਲੇ ਸਭ ਲਿਖਾਰੀਆਂ ਨੇ ਇੱਥੋਂ ਹੀ ਲਈ ਜਾਪਦੀ ਹੈ ।

## ੪.੩ ਕੀ ਚੰਦੂ ਸ਼ਾਹੀ ਮੁਲਾਜ਼ਮ ਸੀ ?

ਮਹਿਮਾ ਪ੍ਰਕਾਸ਼ ਅਤੇ ਬੰਸਾਵਲੀ ਨਾਮੇ ਵਿਚ ਚੰਦੂ ਨੂੰ “ਸ਼ਾਹੀ” ਲਿਖਿਆ ਮਿਲਦਾ ਹੈ

**ਨਵਾਬ ਕਹਿਆ ਹਿੰਦੂ ਨੂੰ[੧੦੭] ਲੈ ਆਉ ॥ ਕਰੋ ਦਸਤਕ ਪਿਆਦੇ ਜਾਉ ॥**
**ਤੁਰਕਾਂ ਦਾ ਵੱਡਾ ਸੀ ਜ਼ੋਰ ਅਰ ਰਾਜ ॥ ਰਲ ਮਿਲ ਸਾਹੀਆਂ ਤੇ ਭਰਾਵਾਂ ਕੀਤਾ ਕੁਕਾਜ**

(ਬੰਸਾਵਲੀ ਨਾਮਾ ਚਰਨ ੫)

**ਦੇਖੋ ਭਾਈ ਅਸੀਂ ਸਾਹੀ ਖਤਰੀ ਕਹਾਈ ॥ ਸਾਧ ਫਕੀਰ ਜਾਣ ਅਸਾਂ ਸਰੀਣ ਨੂੰ ਭੇਜੀ ਕੁੜਮਾਈ ॥੩੬॥**
**ਉਨ੍ਹਾ ਜੋ ਮੋੜੀ ਉਨ੍ਹਾਂ ਆਪਣੇ ਆਪ ਨੂੰ ਕੀ ਜਾਤਾ ॥ ਅਸੀਂ ਉਚਾਂਦੀਏ ਉਹ ਸਰੀਣ ਨਿਵਾਂਦੀਏ ॥**
**ਏਡਾ ਡਮਾਕ ਉਨ੍ਹਾਂ ਕੀਤਾ ਹੋਇ ਪਵਾਂਦੀਏ ॥੩੭॥** (ਬੰਸਾਵਲੀ ਨਾਮਾ ਕੇਸਰ ਸਿੰਘ ਛਿੱਬਰ)

ਉਪ੍ਰੋਕਤ ਟੂਕ ਵਿੱਚ ਸ਼ਬਦ “ਸਾਹੀ ਖਤਰੀ” ਅਤੇ “ਸਾਹੀਆਂ” ਤੋਂ ਕਈ ਇਤਿਹਾਸਕਾਰਾਂ ਨੇ ਭੁਲੇਖਾ ਖਾ ਕੇ ਇਹ ਲਿਖਿਆ ਹੈ ਕਿ ਚੰਦੂ ਜਹਾਂਗੀਰ ਦਾ ਦੀਵਾਨ (ਸ਼ਾਹੀ ਖੱਤਰੀ) ਸੀ । ਅਜ ਤੱਕ ਕਿਸੇ ਨੇ ‘ਸ਼ਾਹੀ ਜੱਟ’, ‘ਸ਼ਾਹੀ ਲੋਹਾਰ’, ‘ਸ਼ਾਹੀ ਤਰਖਾਣ’ ਆਦਿਕ ਨਹੀਂ ਲਿਖਿਆ । ਚੰਦੂ ਦੇ “ਸ਼ਾਹੀ ਖੱਤਰੀ” ਹੋਣ ਵਾਲੀ ਗੱਲ ਜਚਦੀ ਨਹੀਂ । ਅਸਲੀਅਤ ਇਹ ਹੈ ਕਿ ‘ਸਾਹੀ’ ਇਕ ਗੋਤ ਹੈ । ਇਸੇ ਗੋਤ ਦੇ ਨਾਮ ਤੇ ਪਾਕਿਸਤਾਨ ਵਿੱਚ ਸ਼ਹਿਰ ‘ਸਾਹੀਵਾਲ’ ਉੱਸਰਿਆ ਹੋਇਆ ਹੈ । ਜਿਸ ਤਰਾਂ ਜੱਟਾਂ ਦੇ ਕੁੱਝ ਗੋਤਰ ਆਪਣੇ ਆਪ ਨੂੰ ਦੂਜਿਆਂ ਨਾਲੋਂ ਉਚੇਰਾ ਸਮਝਦੇ ਹਨ[੧੦੮] ਇਸੇ ਤਰਾਂ ‘ਸਾਹੀ’ ਖਤਰੀ ਸਰੀਣ ਖਤਰੀਆਂ ਨੂੰ ਨੀਵਾਂ ਸਮਝਦੇ ਸਨ । ਮਰਵਾਹੇ ਖੱਤਰੀ ਵੀ ਸਰੀਣ ਗੋਤ ਵਿਚੋਂ ਹਨ ਅਤੇ ਅਜ ਵੀ ‘ਸਾਹੀ’ ਖਤਰੀ ਮਰਵਾਹਿਆਂ ਨਾਲ ਰਿਸ਼ਤੇਦਾਰੀ ਵਿਚ ਸੰਕੋਚ ਵਰਤਦੇ ਹਨ । ਜਾਪਦਾ ਹੈ ਕਿ “ਸਾਹੀ”

---

[107] ਜਹਾਂਗੀਰ ਨੇ ਹਰ ਥਾਂ ਗੁਰੂ ਜੀ ਨੂੰ ਹਿੰਦੂ ਹੀ ਲਿਖਿਆ ਹੈ । ਇਹੋ ਸ਼ਬਦ ਗੁਰੂ ਜੀ ਲਈ ਮੁਜੱਦਦ ਨੇ ਥਾਂ ਥਾਂ ਵਰਤਿਆ ਹੈ ।

[108] “ਸਿਧੂ ਸੰਧੂ ਇਕੋ ਜਿਹੇ ਗਿੱਲ ਜ਼ਰਾ ਉਚੇਰੇ” ਕਹਾਵਤ ਹੈ । ਇਤਿਹਾਸ ਵਿੱਚ ਜ਼ਿਕਰ ਹੈ ਕਿ ਇੱਕ ਮੌਕੇ ਮਰਵਾਹੇ ਖ਼ਤਰੀਆਂ ਨੇ ਵੀ ਗੁਰੂ ਅਮਰ ਦਾਸ ਜੀ ਦੇ ਨੱਕ ਵਿੱਚ ਦਮ ਕਰੀ ਰਖਿਆ ਸੀ । ਮਰਵਾਹੇ ਭੱਲਿਆਂ ਨੂੰ ਨੀਵਾਂ ਮੰਨਦੇ ਸਨ । ਬਹੁਤੇ ਮਰਵਾਹੇ ਗੋਇੰਦਵਾਲ ਦੇ ਆਲੇ ਦੁਆਲੇ ਵਸਦੇ ਹਨ । ਮਰਵਾਹੇ ਖੱਤਰੀਆਂ ਨੇ ਗੁਰੂ ਅਮਰਦਾਸ ਦੇ ਵਿਰੁਧ ਵੀ ਸਰਕਾਰ ਪਾਸ ਲਿਖਤੀ ਸ਼ਕਾਇਤਾਂ ਕੀਤੀਆਂ ਸਨ । ਗੋਇੰਦਵਾਲ ਵਿੱਚ ਜ਼ਾਤ-ਅਭਿਮਾਨੀ ਬ੍ਰਾਹਮਣਾਂ ਤੇ ਮਰਵਾਹੇ ਖ਼ਤਰੀਆਂ ਨੇ ਗੁਰੂ ਅਮਰਦਾਸ ਜੀ ਦੇ ਲੰਗਰ ਨੂੰ ਬੰਦ ਕਰਾਣ ਲਈ ਕਈ ਸਾਲ ਸਿਰੋਂ ਪਰੇ ਜ਼ੋਰ ਲਾਇਆ ਸੀ । (ਗੁਰ ਇਤਿਹਾਸ ਪ੍ਰੋਫੈਸਰ ਸਾਹਿਬ ਸਿੰਘ )

ਨੂੰ "ਸ਼ਾਹੀ" ਪੜ੍ਹਿਆ ਗਿਆ ਅਤੇ ਇਹ ਨਿਰਣਾ ਕੱਢ ਲਿਆ ਗਿਆ ਕਿ ਚੰਦੂ ਦੀਵਾਨ ਸੀ । ਜੇ ਕਿਸੇ ਨੂੰ ਸੱਚ ਮੁੱਚ 'ਸ਼ਾਹੀ' ਕਿਹਾ ਜਾ ਸਕਦਾ ਸੀ ਤਾਂ ਉਹ ਸੀ ਸ਼ੇਖ ਫਰੀਦ ਮੁਰਤਜ਼ਾ ਖਾਂ ਸੀ ਜਿਸ ਦੇ ਹੱਥ ਵਿੱਚ ਸ਼ਾਹੀ ਤਾਕਤ ਸੀ ।

ਗੁਰੂ ਜੀ ਵਲੋਂ ਰਿਸ਼ਤਾ ਨਾ ਲੈਣ ਕਾਰਨ ਗੁਰੂ ਜੀ ਨੂੰ ਸ਼ਹੀਦ ਕਰਨ ਲਈ ਚੰਦੂ ਦੇ ਹਵਾਲੇ ਕਰਨਾ ਵੀ ਜਚਦਾ ਨਹੀਂ । ਪਹਿਲੀ ਗੱਲ ਤਾਂ ਇਹ ਹੈ ਰਿਸ਼ਤਾ ਤਾਂ ਅਜੇ ਹੋਇਆ ਹੀ ਨਹੀਂ ਸੀ । ਦੂਸਰੀ ਗੱਲ ਇਹ ਕਿ ਜੇ ਰਿਸ਼ਤਾ ਹੋ ਵੀ ਗਿਆ ਹੁੰਦਾ ਤੇ ਸਤਿਗੁਰਾਂ ਵਲੋਂ ਬਾਅਦ ਵਿਚ ਰਿਸ਼ਤੇ ਤੋਂ ਜਵਾਬ ਦਿੱਤਾ ਜਾਂਦਾ ਤਾਂ ਵੀ ਇਸ ਘਰੋਗੀ ਵਿਵਾਦ ਵਿੱਚ ਸਰਕਾਰ ਦਾ ਦਖ਼ਲ ਦੇਣਾ ਕਿਸੇ ਤਰਾਂ ਵੀ ਜਾਇਜ਼ ਨਹੀਂ । ਚੰਦੂ ਨੂੰ ਗੁਰੂ ਜੀ ਵਰਗੇ ਖ਼ਤਰਨਾਕ ਸਮਝੇ ਜਾਂਦੇ ਮੁਲਜ਼ਮ ਨੂੰ ਸਜ਼ਾ ਦੇਣ ਦਾ ਅਧਿਕਾਰ ਦੇਣਾ ਵੀ ਜਚਦਾ ਨਹੀਂ । ਇੱਕ ਤਾਂ ਚੰਦੂ ਅਜਿਹਾ ਕੋਈ ਵੱਡਾ ਅਫ਼ਸਰ ਵੀ ਨਹੀਂ ਸੀ ਦੂਸਰੇ ਜਹਾਂਗੀਰ ਖ਼ੁਦ ਲਿਖਦਾ ਹੈ ਕਿ ਸਜ਼ਾ ਦੇਣ ਲਈ ਗੁਰੂ ਜੀ ਨੂੰ ਮੁਰਤਜ਼ਾ ਖਾਂ (ਸ਼ੇਖ ਫਰੀਦ ) ਦੇ ਹਵਾਲੇ ਕੀਤਾ ਗਿਆ । ਜਹਾਂਗੀਰ ਦੀ ਅਪਣੀ ਗਵਾਹੀ ਨੂੰ ਕਿਸੇ ਤਰਾਂ ਵੀ ਰੱਦ ਨਹੀਂ ਕੀਤਾ ਜਾ ਸਕਦਾ । ਇਹ ਗੱਲ ਵੀ ਨਹੀਂ ਭੁੱਲਣੀ ਚਾਹੀਦੀ ਕਿ ਲਾਹੌਰ ਵਿੱਚ ਗੁਰੂ ਜੀ ਵਲੋਂ ਸ਼ਹਿਰ ਵਿੱਚ ਬੀਮਾਰੀ ਫੈਲਣ ਵੇਲੇ ਕੀਤੀ ਸੇਵਾ ਕਰਨ ਸਾਰਾ ਸ਼ਹਿਰ ਗੁਰੂ ਜੀ ਨੂੰ ਜਾਣਦਾ ਸੀ । ਲਾਹੌਰ ਵਿੱਚ ਗੁਰੂ ਜੀ ਦੇ ਸੇਵਕਾਂ ਦਾ ਵੀ ਅੰਤ ਨਹੀਂ ਸੀ । ਚੰਦੂ ਕੋਲੋਂ ਤਾਂ ਸਿੱਖ ਸੇਵਕਾਂ ਨੇ ਹੀ ਗੁਰੂ ਜੀ ਨੂੰ ਛੁਡਾ ਕੇ ਲੈ ਜਾਣਾ ਸੀ ।

ਜਹਾਂਗੀਰ ਵਰਗੇ ਕੱਟੜ ਮੁਸਲਮਾਨ ਦੇ ਦਰਬਾਰ ਵਿੱਚ ਕਿਸੇ ਹਿੰਦੂ ਦਾ ਦੀਵਾਨ ਵਰਗੀ ਉਚੀ ਨੌਕਰੀ ਤੇ ਹੋਣਾ ਸੰਭਵ ਵੀ ਨਹੀਂ ਲਗਦਾ । ਇਹ ਵੀ ਹੈਰਾਨੀ ਹੈ ਕਿ ਨਾਂ ਤਾ ਜਹਾਂਗੀਰ ਦੀ ਅਪਣੀ ਜੀਵਨ-ਕਥਾ ਤੁਜ਼ਕਿ ਜਹਾਂਗੀਰੀ ਵਿੱਚ ਕਿਧਰੇ ਕਿਸੇ ਅਜਿਹੇ ਸ਼ਕਤੀਸ਼ਾਲੀ ਤੇ ਰਸੂਖ ਵਾਲੇ ਮੁਲਾਜ਼ਮ ਚੰਦੂ ਦਾ ਜ਼ਿਕਰ ਹੈ ਅਤੇ ਨਾ ਹੀ ਕਿਸੇ ਇਤਿਹਾਸਕਾਰ ਨੇ ਹੀ ਇਸ ਦਾ ਵਰਨਣ ਕੀਤਾ ਹੈ । ਜਿੱਥੇ ਮੁੱਜਦਦ ਵਰਗੇ ਕੱਟੜ ਮੁਲਾਣੇ ਹਿੰਦੂਆਂ ਦਾ ਮਲੀਆਮੇਟ ਕਰਨ ਲਈ ਤੁਲੇ ਹੋਏ ਸਨ ਉਥੇ ਚੰਦੂ ਵਰਗੇ ਹਿੰਦੂ ਦੀ ਜਿਹੜਾ ਮੁਜੱਦਦ ਵਲੋਂ ਗਰਦਾਨੇ ਕਾਫ਼ਰ[੧੦੯] ਗੁਰੂ ਦੇ ਲੜਕੇ ਨੂੰ ਰਿਸ਼ਤਾ ਕਰੇ ਕਿੰਨੀ ਕੁ ਪੁੱਛ ਪਰਤੀਤ ਹੋ ਸਕਦੀ ਹੈ ? ਡਾਕਟਰ ਗੰਡਾ ਸਿੰਘ ਜੀ ਵਰਗੇ ਵਿਦਵਾਨ ਤਾਂ ਸਗੋਂ ਇਹ ਕਹਿੰਦੇ ਹਨ ਕਿ ਚੰਦੂ ਵਾਲੀ ਗੱਲ ਸਿਰਫ਼ ਬਾਦਸ਼ਾਹ ਵਲੋਂ ਗੁਰੂ ਜੀ ਦਾ ਨਿਹੱਕਾ ਕਤਲ ਅਪਣੇ ਗਲੋਂ ਲਾਹ ਕੇ ਕਿਸੇ ਹਿੰਦੂ ਦੇ ਗਲ਼ ਮੜ੍ਹਨ ਦੀ ਇੱਕ ਚਾਲ ਸੀ ।[੧੧੦]

ਜੇ ਕੋਈ ਗੁਰੂ ਜੀ ਦਾ ਵਿਰੋਧੀ ਚੰਦੂ ਸੀ ਤਾਂ ਵੱਧ ਤੋਂ ਵੱਧ ਇਹੋ ਮੰਨਿਆ ਜਾ ਸਕਦਾ ਹੈ ਕਿ ਉਸ ਨੇ ਕਿਸੇ ਛੋਟੇ ਮੋਟੇ ਸਰਕਾਰੀ ਅਫ਼ਸਰ (ਕੋਤਵਾਲ ਆਦਿਕ) ਕੋਲ ਕੋਈ ਝੂਠੀ ਮੂਠੀ ਸ਼ਕਾਇਤ ਕੀਤੀ ਹੋਵੇਗੀ । ਰਿਸ਼ਤਾ ਮੁੜਨ ਦੀ ਸ਼ਕਾਇਤ ਅਦਾਲਤਾਂ ਕਦ ਸੁਣਦੀਆਂ ਹਨ ਜਦ ਕਿ ਰਿਸ਼ਤਾ ਅਜੇ ਪੱਕਾ ਵੀ ਨਹੀਂ ਸੀ ਹੋਇਆ ।

ਕੁੱਝ ਲੋਕ ਚੰਦੂ ਦੀ ਗੁਰੂ ਜੀ ਪ੍ਰਤੀ ਵਿਰੋਧਤਾ ਦਾ ਕਾਰਣ ਇਹ ਵੀ ਲਿਖਦੇ ਹਨ ਕਿ ਚੰਦੂ ਦਾ ਰਿਸ਼ਤੇਦਾਰ ਭਗਤ ਕਾਨ੍ਹਾ ੧੬੬੧ ਬਿਕਰਮੀ (ਸੰਨ ੧੬੦੪) ਵਿੱਚ ਸ਼ਾਹ ਹੁਸੈਨ ਅਤੇ ਪੀਲੂ ਜਿਹੇ ਭਗਤਾਂ ਨਾਲ ਗੁਰੂ ਜੀ ਪਾਸ ਅਪਣੀ ਕਵਿਤਾ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਵਾਉਣ ਆਇਆ ਸੀ । ਗੁਰੂ ਜੀ ਨੇ ਕਾਨ੍ਹੇ ਦੀ ਰਚਨਾ ਨੂੰ ਸਿਧਾਂਤਕ ਪਖੋਂ ਗੁਰੂ ਆਸ਼ੇ ਨਾਲ ਮੇਲ ਨਾ ਖਾਂਦੀ ਹੋਣ ਕਰਕੇ ਪਰਵਾਣ ਨਹੀਂ ਸੀ ਕੀਤਾ ॥[੧੧੧] ਗੁਰੂ ਜੀ ਪਾਸੋਂ ਘਰ ਨੂੰ ਜਾਂਦਾ ਹੋਇਆ ਕਾਨ੍ਹਾ ਘੋੜੇ ਤੋਂ ਡਿੱਗ ਕੇ ਮਰ ਗਿਆ । ਕਾਨ੍ਹੇ ਨੂੰ ਮਰਵਾਉਣ ਦਾ ਦੋਸ਼ ਗੁਰੂ ਜੀ ਉੱਪਰ ਇਹ ਕਹਿ ਕੇ ਲਾਇਆ ਗਿਆ ਕਿ

---

[109] For the Muslims, all non-Muslims are *kaffir* and cruel. Abdul Razak, the 15th Century Ambassdor from Persia said,"The people of Calicut are *kaffirs"* A Primary school book in Pakistan labels a Sikh as Zaalim (Cruel) to explain the sound of ZOAY (Z) in the Urdu Alphabet.

[110] ਯਾਦ ਰਹੇ ਕਿ ਚੰਦੂ ਨਾਂ ਦਾ ਇਕ ਸਿੱਖ ਗੁਰੂ ਅਰਜਨ ਦੇਵ ਜੀ ਦਾ ਅਨਿਨ ਭਗਤ ਵੀ ਸੀ ਤੇ ਲਾਹੌਰ ਵਿਚ ਹੀ ਰਹਿੰਦਾ ਸੀ । ਹੋ ਸਕਦਾ ਹੈ ਕਿ ਇਕ ਤੀਰ ਨਾਲ ਦੋ ਨਿਸ਼ਾਨੇ ਵਿੰਨ੍ਹਣ ਲਈ ਜਾਣ ਬੁੱਝ ਕੇ ਉਸਦਾ ਨਾਂ ਵਰਤ ਕੇ ਸਿੱਖਾਂ ਵਿੱਚ ਬਦਮਜ਼ਗੀ ਪੈਦਾ ਕੀਤੀ ਗਈ ਹੋਵੇ ।

[111] ਕਾਨ੍ਹੇ ਨੇ ਇਹ ਕਵਿਤਾ ਪੜ੍ਹੀ ਕਹੀ ਜਾਂਦੀ ਹੈ "ਮੈਂ ਓਹੀ ਰੇ ਮੈਂ ਓਹੀ ਰੇ ॥ ਜਿਨ ਸਗਲੀ ਸ੍ਰਿਸ਼ਟੀ ਮੋਹੀ ਰੇ ॥ ਜਾਂ ਕੋ ਸੁਰ ਨਰ ਮੁਨ ਜਨ ਖੋਜਤ ॥ ਭੇਦ ਨਾ ਪਾਵਤ ਕੋਈ ਰੇ ॥ ਜਾ ਕੋ ਨਾਰਦ ਸਾਰਦ ਸੇਵੈਂ, ਸੇਵੈਂ ਦੇਵੀ ਦੇਵਾ ਰੇ ॥ਬ੍ਰਹਮਾ ਬਿਸਨ ਮਹੇਸ ਅਰਾਧੇਂ ਸਭ ਕਰਦੇ ਜਾਂ ਕੀ ਸੇਵਾ ਰੇ ॥ ਕਹਿ ਕਾਨ੍ਹਾ ਅਸ ਮਮ ਸਰੂਪ ਹੈ ਅਪਰੰਪਰ ਅਲਖ ਅਭੇਵਾ ਰੇ ॥

ਕਾਨ੍ਹੇ ਦੀ ਪ੍ਰਸਿੱਧੀ ਅਤੇ ਪ੍ਰਤਿਸ਼ਠਾ ਤੋਂ ਗੁਰੂ ਜੀ ਦੀ ਲੋਕਪ੍ਰਿਯਤਾ ਘਟਦੀ ਸੀ । ਗੌਗਾ ਪਿੱਟਿਆ ਗਿਆ ਕਿ ਆਪਣੀ ਪ੍ਰਸਿੱਧੀ ਘਟਦੀ ਵੇਖ ਕੇ ਗੁਰੂ ਅਰਜਨ ਦੇਵ ਜੀ ਨੇ ਕਾਨ੍ਹੇ ਨੂੰ ਮਰਵਾ ਦਿੱਤਾ ।

ਕਾਨ੍ਹੇ ਬਾਰੇ ਇਹ ਕਹਿਣਾ ਕਿ ਉਸਦੀ ਪ੍ਰਤਿਸ਼ਠਤਾ ਕਾਰਨ ਗੁਰੂ ਜੀ ਦੀ ਪਰਸਿੱਧੀ ਘਟਦੀ ਸੀ ਨਿਰਮੂਲ ਹੈ । ਕਾਨ੍ਹੇ ਨੂੰ ਸਵਾਏ ਨਾਂ ਤੋਂ ਕੋਈ ਨਹੀਂ ਜਾਣਦਾ ਪਰ ਗੁਰੂ ਜੀ ਦੀ ਪ੍ਰਸਿੱਧਤਾ ਬਾਰੇ ਜਹਾਂਗੀਰ ਵਰਗੇ ਕਟੱੜ ਮੁਸਲਮਾਨ ਵੀ ਅਪਣੀ ਜੀਵਨ ਕੱਥਾ ਵਿੱਚ ਲਿਖ ਗਏ ਹਨ ਅਤੇ ਲਗ ਪਗ ਹਰ ਇਤਿਹਾਸਕਾਰ ਨੇ ਉਨ੍ਹਾਂ ਦੀ ਪ੍ਰਸਿੱਧੀ ਦੀ ਸਾਖੀ ਭਰੀ ਹੈ ।[੧੧੨] ਗੁਰੂ ਜੀ ਵਲੋਂ ਸਿੱਖਾਂ ਦੇ ਸ਼ਾਹਕਾਰ ਗੁਰੂ ਗ੍ਰੰਥ ਸਾਹਿਬ ਦੀ ਤਿਆਰੀ ਜਿਸ ਵਿਚ ਗੁਰੂ ਜੀ ਦਾ ਲਗ ਪਗ ਅੱਧ ਬਣਦਾ ਹੈ ਦਸਦੀ ਹੈ ਕਿ ਆਪ ਕਿੰਨੇ ਵੱਡੇ ਅਧਿਆਤਮਿਕ ਕਵੀ ਅਤੇ ਬੁਧੀਮਾਨ ਸਨ ਪਰ ਕਾਨ੍ਹੇ ਦਾ ਉਸਦੇ ਨਾਂ ਤੋਂ ਬਿਨਾ ਕੁੱਝ ਲਿਖਿਆ ਹੋਇਆ ਨਹੀਂ ਮਿਲਦਾ ।

ਸੂਰਜ ਪ੍ਰਕਾਸ਼ ( ੧੮੪੩)[੧੧੩] ਵੀ ਇੱਕ ਵੱਡਾ ਪ੍ਰਮਾਣੀਕ ਗ੍ਰੰਥ ਹੈ ਜੋ ਚੰਦੂ ਦੀ ਹੋਂਦ ਮੰਨਦਾ ਹੈ । ਸੂਰਜ ਪ੍ਰਕਾਸ਼ ਦੀਆਂ ਕਈ ਹੋਰ ਇਤਿਹਾਸਕ ਗ਼ਲਤੀਆਂ ਵਾਂਗ ਹੋ ਸਕਦਾ ਹੈ ਕਿ ਇਹ ਵੀ ਕਰਤਾ ਦੀ ਕਾਵਿਕ ਕਲਪਣਾ ਦਾ ਹੀ ਨਤੀਜਾ ਹੋਵੇ ਜਾਂ ਮਹਿਮਾ ਪ੍ਰਕਾਸ਼ ਦੀ ਹੀ ਨਕਲ ਹੋਵੇ।

## ੪.੩ ਚੰਦੂ ਦਾ ਗੁਰੂ ਜੀ ਦੀ ਸ਼ਹੀਦੀ ਵਿੱਚ ਹੱਥ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਲਿਖਦਿਆਂ ਸਿੱਖ ਇਤਿਹਾਸਕਾਰ ਅਕਸਰ ਚੰਦੂ ਦਾ ਜ਼ਿਕਰ ਕਰਦੇ ਹਨ ਅਤੇ ਉਸ ਨੂੰ ਗੁਰੂ ਜੀ ਦੀ ਸ਼ਹੀਦੀ ਦਾ ਮੁੱਖ ਕਾਰਨ ਸਮਝਦੇ ਹਨ । ਕਹਾਣੀ ਇਸ ਤਰਾਂ ਬਿਆਨ ਕੀਤੀ ਜਾਂਦੀ ਹੈ ਕਿ ਚੰਦੂ ਨੇ ਅਪਣੀ ਲੜਕੀ ਦਾ ਰਿਸ਼ਤਾ ਕਰਨਾ ਸੀ । ਉਨ੍ਹਾਂ ਦਿਨਾਂ ਵਿਚ ਰਵਾਜ ਸੀ ਕਿ ਰਿਸ਼ਤੇ ਨਾਤੇ ਨਾਈ ਕਰ ਆਉਂਦੇ ਸਨ । ਚੰਦੂ ਦੀ ਲੜਕੀ ਸਦਾ ਕੌਰ ਦਾ ਰਿਸ਼ਤਾ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਹਰਿਗੋਬਿੰਦ ਜੀ ਨਾਲ ਕਰਨ ਦੀ ਗੱਲ ਚੰਦੂ ਦੇ ਲਾਗੀਆਂ ਨੇ ਦਿੱਲੀ ਵਸਦੇ ਚੰਦੂ ਨਾਲ ਕੀਤੀ ਜੋ ਉਸ ਨੇ ਪ੍ਰਵਾਣ ਕਰ ਲਈ ਪਰ ਬਹੁਤੀ ਪ੍ਰਸੰਨਤਾ ਪਰਗਟ ਨਾ ਕਰਦਿਆਂ ਇਹ ਵੀ ਕਹਿ ਦਿੱਤਾ ਕਿ "ਜੋੜ ਠੀਕ ਨਹੀਂ ਲੱਭਿਆ, ਇਨਾਂ ਤਾਂ ਸੋਚ ਲੈਂਦੇ ਕਿ ਤੁਸੀਂ "ਚੁਬਾਰੇ ਦੀ ਇੱਟ ਮੋਰੀ" ਨੂੰ ਲਾਉਣ ਚੱਲੇ ਹੋ । ਕਿੱਥੇ ਮੈਂ ਕਿੱਥੇ ਅਰਜਨ ਦੇਵ । ਸਾਡੇ ਆਰਥਿਕ ਤੇ ਸਮਾਜਿਕ ਪੱਧਰ ਵਿੱਚ ਜ਼ਮੀਨ ਆਸਮਾਨ ਦਾ ਫ਼ਰਕ ਹੈ । ਪਰ ਜੇ ਤੁਸੀਂ ਮਨ ਬਣਾ ਹੀ ਲਿਆ ਹੈ ਤਾਂ ਕੋਈ ਗੱਲ ਨਹੀਂ ਜਾਓ ਰਿਸ਼ਤਾ ਕਰ ਆਓ"। ਚੰਦੂ ਦੀ ਇਹ ਗੱਲ ਦਿੱਲੀ ਦੇ ਸਿੱਖਾਂ ਨੇ ਵੀ ਸੁਣ ਲਈ ਅਤੇ ਗੁਰੂ ਜੀ ਨੂੰ ਤੁਰਤ ਸਾਰੀ ਗੱਲ ਦੱਸ ਕੇ ਬੇਨਤੀ ਕਰ ਭੇਜੀ ਕਿ ਇਸ ਹੰਕਾਰੀ ਦੀ ਲੜਕੀ ਦਾ ਰਿਸ਼ਤਾ ਨਹੀਂ ਲੈਣਾ ।

**"ਲਿਖਯੋ ਚੰਦੂ ਦੁਸਟ ਗਰਬੀਲੇ ॥ ਦੂਰ ਬਚਨਨ ਸੇ ਹਮ ਉਰਛੀਲੇ ॥**
**ਆਪ ਚੁਬਾਰਾ ਬਣਿਉ ਪਾਪੀ ॥ ਗੁਰ ਕਾ ਘਰ ਇਨ੍ਹ ਮੋਰੀ ਆਖੀ ॥**
**ਨਿੰਦੀ ਯਾ ਬਿਧਿ ਉਨ ਗੁਰ ਗਾਦੀ ॥ ਕਰੀ ਨਾ ਚਾਹੀਏ ਇਨ ਕੇ ਸ਼ਾਦੀ ॥**
**ਬਾਬੇ ਬੁੱਢੇ ਅਰ ਗੁਰਦਾਸ ॥ ਇਤਿਆਦਿਕ ਸਿਖ ਥੇ ਜੋ ਖ਼ਾਸ ॥**

---

112 ਕੁੱਝ ਇਤਿਹਾਸਕਾਰ ਤਾਂ ਇਹ ਵੀ ਲਿਖਦੇ ਹਨ ਕਿ ਗੁਰੂ ਜੀ ਆਪਣੇ ਸਮੇਂ ਦੇ ਇੰਨੇ ਪ੍ਰਭਾਵਸ਼ਾਲੀ ਵਿਅਕਤੀ ਸਨ ਕਿ ਉਨ੍ਹਾਂ ਦੀ ਆਤਮਿਕ ਉਚਤਾ ਦੇ ਚਰਚੇ ਭਾਰਤ ਤੋਂ ਬਾਹਰ ਵੀ ਸਨ ਅਤੇ ਸੰਗਤ ਅਫ਼ਗਾਨਿਸਤਾਨ ਤੋਂ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਕਰਦੀ ਸੀ ।

113 ਇਸ ਦਾ ਕਰਤਾ ਭਾਈ ਸੰਤੋਖ ਸਿੰਘ ਹੈ ਜਿਸ ਬਾਰੇ ਮੈਕਾਲਿਫ਼ ਸਾਹਿਬ ਅਤੇ I.B.Banerjee ਲਿਖਦੇ ਹਨ, He was largely stimulated by copious draughts of bhang and other intoxicants in which he freely indulged and which led him to invent many stories discreditable to the Gurus. " It is extremely doubtful whether Bhai Santokh Singh had any reliable authority before him and his statements accordingly cannot often be accepted as even an approach to history."(I.B.Bannerjee page 284)

**ਚਿੱਠੀ ਸਭ ਕੋ ਗੁਰੂ ਸੁਣਾਈ ॥ ਸਭ ਨੇ ਕਹਿਓ ਨ ਲੇਹੁ ਸਗਾਈ ॥** (ਪੰਥ ਪ੍ਰਕਾਸ਼ ਪੰਨਾ ੧੦੬)

ਗੁਰੂ ਜੀ ਨੇ ਦਿੱਲੀ ਦੇ ਸਿੱਖਾਂ ਦੀ ਗੱਲ ਮੰਨ ਕੇ ਰਿਸ਼ਤਾ ਅਪ੍ਰਵਾਣ ਕਰ ਦਿੱਤਾ ।[੧੧੪] ਕਿਹਾ ਜਾਂਦਾ ਹੈ ਕਿ ਰਿਸ਼ਤਾ ਮੁੜਨ ਕਰਕੇ ਚੰਦੂ ਗੁਰੂ ਜੀ ਦਾ ਦੁਸ਼ਮਨ ਬਣ ਗਿਆ ਅਤੇ ਸਰਕਾਰੇ ਦਰਬਾਰੇ ਚੁਗ਼ਲੀਆਂ ਕਰਦਾ ਰਿਹਾ ਜੋ ਅੰਤ ਵਿਚ ਗੁਰੂ ਜੀ ਦੀ ਸ਼ਹਾਦਤ ਦਾ ਕਾਰਨ ਬਣੀਆਂ । ਅੰਤਲੀ ਵਾਰ ਉਸ ਨੇ ਚੁਗ਼ਲੀ ਕਰਕੇ ਜਹਾਂਗੀਰ ਨੂੰ ਭੜਕਾਇਆ ਕਿ ਸ਼ਹਿਜ਼ਾਦਾ ਖ਼ੁਸਰੋ ਬਗਾਵਤ ਕਰਕੇ ਪੰਜਾਬ ਵਿਚੋਂ ਦੀ ਲੰਘਦਾ ਹੋਇਆ ਤਰਨ ਤਾਰਨ ਗੁਰੂ ਜੀ ਨੂੰ ਮਿਲਿਆ ਸੀ ਅਤੇ ਗੁਰੂ ਜੀ ਨੇ ਖ਼ੁਸਰੋ ਨੂੰ ਲੰਗਰ ਛਕਾਇਆ ਸੀ।

**"ਸਤਿਗੁਰ ਤਰਨਤਾਰਨ[੧੧੫] ਪਹਿ ਗਏ ॥ ਕੇਤਕ ਦਿਨ ਤਹਾਂ ਬੀਤਤ ਭਏ ॥**
**ਤਹਾਂ ਭਾਗਾ ਆਇਆ ਇੱਕ ਸ਼ਹਿਜ਼ਾਦਾ ॥ ਕਿਛੁ ਬਾਦਸ਼ਾਹ ਸੋ ਭਇਆ ਬਿਬਾਦਾ ॥੨॥**
**ਊਹਾ ਆਣ ਡੇਰਾ ਤਿਨ ਕੀਨਾ ॥ ਸਤਿਗੁਰ ਸੋ ਭੇਟਾ ਤਿਨ ਲੀਨਾ ॥**
**ਸੋ ਬਡਾ ਦੁਖੀ ਤਾਂ ਪਰ ਭਈ ਆਫ਼ਤ ॥ ਦੇਖ ਦਿਆਲ ਗੁਰ ਕਰੀ ਜ਼ਿਆਫ਼ਤ ॥੩॥**
**ਤਾ ਕੋ ਖਾਨ ਪਾਨ ਸਭ ਦੀਆ ॥ ਨਿਸ ਕਰ ਗੁਜ਼ਰਾਨ ਕੂਚ ਤਿਨ ਕੀਆ ॥**
**ਇਕ ਦੁਸਟ ਖੱਤਰੀ ਚੰਦੂ ਸਾਹੀ ॥ ਤਿਨ ਬਾਦਸ਼ਾਹ ਪੈ ਚੁਗ਼ਲੀ ਲਾਈ ॥੪॥**
**ਵਹੁ ਬਾਦਸ਼ਾਹ ਕਾ ਚਾਕਰ ਰਹਾ ॥ ਬਾਦਸ਼ਾਹ ਸੋ ਐਸੇ ਕਹਾ ॥**
**ਗੁਰੂ ਅਰਜਨ ਜਗ ਗੁਰੂ ਕਹਾਵੈ ॥ ਬਹੁਤ ਖ਼ਜ਼ਾਨਾ ਤਿਨ ਕੈ ਆਵੈ ॥੫॥**
**ਸਹਿਜ਼ਾਦੇ ਜੀ ਭਾਗ ਕਰ ਗਏ ਗੁਰੂ ਕੇ ਪਾਸ ॥ ਕਛੁ ਮਦਤ ਖ਼ਜ਼ਾਨੇ ਕੀ ਕਰੀ ਕੀਨੀ ਬਹੁਤ ਸੁਪਾਸ ॥੬॥**
**ਸਚੇ ਪਾਤਸ਼ਾਹ ਆਪ ਕਹਾਵੈ ॥ ਕਾਹੂ ਕੋ ਖ਼ਾਤਰ ਨਹੀਂ ਲਿਆਵੈ ॥**
**ਕਛੁ ਕਰਾਮਾਤ ਪੂਛੀਓ ਤਾ ਕੋ ॥ ਬਡਾ ਗਰੂਰ ਮਾਇਆ ਕਾ ਵਾ ਕੋ ॥੭॥**
**ਸੁਨਿ ਬਾਦਸਾਹ ਚੁਗ਼ਲੀ ਰੀਸਾਨਾ ॥ ਸੰਤ ਦੁਸਟ ਕੀ ਚੁਗ਼ਲੀ ਮਾਨਾ ॥**
**ਚੰਦੂ ਦੁਸਟ ਮਸਲਤ ਇਹ ਕੀਨੀ ॥ ਸਤ ਹੀਨ ਸਾਹ ਮਨਜ਼ੂਰ ਕਰ ਲੀਨੀ ॥੮॥**
(ਮਹਿਮਾ ਪ੍ਰਕਾਸ਼ ਸਰੂਪ ਦਾਸ ਭੱਲਾ ਪੰਨਾ ੪੧੦)

ਇਸ ਗੱਲ ਦੀ ਪੁਸ਼ਟੀ ਕਿਸੇ ਵੀ ਇਤਿਹਾਸਕ ਗ੍ਰੰਥ ਤੋਂ ਨਹੀਂ ਹੁੰਦੀ ਕਿ ਗੁਰੂ ਜੀ ਖ਼ੁਸਰੋ ਦੇ ਗੋਇੰਵਾਲ ਵਿਚੋਂ ਦੀ ਲੰਘਣ ਵੇਲੇ ਉਸਨੂੰ ਤਰਨ ਤਾਰਨ ਵਿੱਚ ਮਿਲੇ ਸਨ । ਇਹ ਚੁਗ਼ਲੀ ਹੀ ਹੋ ਸਕਦੀ ਹੈ । ਇਹ ਗੱਲ ਵੀ ਮੰਨਣਯੋਗ ਨਹੀਂ ਕਿ ਗੁਰੂ ਜੀ ਨੇ ਖ਼ੁਸਰੋ ਨੂੰ ਜ਼ਿਆਫ਼ਤ (ਪ੍ਰੀਤੀ-ਭੋਜਨ) ਕੀਤੀ । ਗੁਰੂ ਘਰ ਵਿੱਚ ਜ਼ਿਆਫਤਾਂ ਨਹੀਂ ਕੀਤੀਆਂ ਜਾਂਦੀਆਂ ਲੰਗਰ ਛਕਾਉਣ ਦਾ ਰਿਵਾਜ ਹੈ ਜੋ ਗੁਰੂ ਨਾਨਕ ਸਾਹਿਬ ਵੇਲੇ ਤੋਂ ਹੀ ਸੀ ਚਲਦਾ ਆ ਰਿਹਾ ਹੈ ਅਤੇ ਸਭ ਅਮੀਰ ਗ਼ਰੀਬ ਨੂੰ ਇਕੋ ਜਿਹਾ ਮਿਲਦਾ ਹੈ । ਗੁਰੂ ਅਰਜਨ ਦੇਵ ਜੀ ਗੁਰੂ ਘਰ ਦੀ ਇਹ ਮਰਯਾਦਾ ਕਿਵੇਂ ਉਲੰਘ ਸਕਦੇ ਸਨ ਜੋ ਕਿਸੇ ਨੇ ਅੱਜ ਤੱਕ ਨਹੀਂ ਉਲੰਘੀ ? ਲੰਗਰ ਤਾਂ ਜਹਾਂਗੀਰ ਦਾ ਪਿਤਾ ਅਕਬਰ ਵੀ ਛਕ ਕੇ ਗਿਆ ਸੀ ।[੧੧੬] ਇਹ ਗੱਲ ਵੀ ਵਿਚਾਰਨ ਵਾਲੀ ਹੈ ਕਿ ਖ਼ੁਸਰੋ ਦੇ ਨਾਲ ਹਜ਼ਾਰਾਂ ਸਿਪਾਹੀ ਸਨ ਕੀ ਐਨੇ ਬੰਦਿਆਂ ਦੀ ਜ਼ਿਆਫਤ ਦਾ ਇੰਤਜ਼ਾਮ ਮਿੰਟਾਂ ਵਿਚ ਹੀ ਹੋ ਗਿਆ ਜਦ ਕਿ ਖ਼ੁਸਰੋ ਦੇ ਮਗਰ ਮਾਰੋ ਮਾਰ ਕਰਦਾ ਸ਼ੇਖ਼ ਫ਼ਰੀਦ ਉਸ ਨੂੰ ਗ੍ਰਿਫਤਾਰ ਕਰਨ ਆ ਰਿਹਾ

---

[114] ਕਿਹਾ ਜਾਂਦਾ ਹੈ ਕਿ ਉਸੇ ਸਾਲ ੧੯ ਮੱਘਰ ੧੬੬੧ ਨੂੰ ਗੁਰੂ ਜੀ ਨੇ ਹਰਿਗੋਬਿੰਦ ਜੀ ਨੂੰ ਡੱਲੇ ਦੇ ਵਸੀਕ ਭਾਈ ਨਾਰਾਇਣ ਦਾਸ ਦੀ ਪੁਤ੍ਰੀ ਬੀਬੀ ਦਮੋਦਰੀ ਨਾਲ ਵਿਆਹ ਲਿਆ ।ਪ੍ਰਥੀ ਚੰਦ ਇਸ ਵਿਆਹ ਵਿਚ ਸ਼ਾਮਲ ਨਾ ਹੋਇਆ ਅਤੇ ਸਤਿਗੁਰੂ ਜੀ ਵਲੋਂ ਭੇਜੀ ਭਾਜੀ ਵੀ ਮੋੜ ਦਿੱਤੀ ।

[115] ਹਰੀ ਰਾਮ ਗੁਪਤਾ ਜੀ ਲਿਖਦੇ ਹਨ ਕਿ ਗੁਰੂ ਜੀ ਸ਼ਹਿਜ਼ਾਦੇ ਦੇ ਆਉਣ ਵੇਲੇ ਗੋਇੰਦਵਾਲ ਨਹੀਂ ਸਨ ਸਗੋਂ ਤਰਨਤਾਰਨ ਸਨ ( ਦੇਖੋ ਹਿਸਟਰੀ ਆਫ ਦਾ ਸਿਖਸ ਪੰਨਾ ੧੪੭),ਕੁੱਝ ਲਿਖਾਰੀ ਲਿਖਦੇ ਹਨ ਕਿ ਗੁਰੂ ਜੀ ਗੋਇੰਦਵਾਲ ਵਿਚ ਸਨ । ਪ੍ਰੰਤੂ ਬਹੁਤੇ ਲਿਖਾਰੀ ਲਿਖਦੇ ਹਨ ਕਿ ਗੁਰੂ ਜੀ ਅੰਮ੍ਰਿਤਸਰ ਵਿੱਚ ਸਨ । ਕਿਸੇ ਵੀ ਇਤਿਹਾਸਕਾਰ ਨੇ ਇਹ ਵੇਰਵਾ ਨਿਹੀਂ ਦਿੱਤਾ ਕਿ ਮੀਟਿੰਗ ਕਿੰਨਾ ਚਿਰ ਹੋਈ, ਉਸ ਵਿੱਚ ਕੌਣ ਸ਼ਾਮਲ ਸਨ ਤੇ ਖ਼ੁਸਰੋ ਦੀ ਸਹਾਇਤਾ ਕਿਸ ਤਰਾਂ ਕਤਿੀ ਗਈ ।

[116] ਇਕ ਵਾਰ ਹਰੀ ਪੁਰ ਦਾ ਰਾਜਾ ਵੀ ਪੰਗਤ ਵਿੱਚ ਬੈਠ ਕੇ ਗੁਰੂ ਜੀ ਦੇ ਭੰਡਾਰੇ ਵਿਚੋਂ ਲੰਗਰ ਛਕ ਕੇ ਗਿਆ ਸੀ ।

ਸੀ? ਕੀ ਖ਼ੁਸਰੋ ਬਗ਼ਾਵਤ ਕਰਨ ਵੇਲੇ ਭੁੱਖਾ ਹੀ ਭੱਜ ਨੱਠਾ ਸੀ ਅਤੇ ਹੁਣ ਦੋ ਰੋਟੀਆਂ ਦੀ ਖਾਤਰ ਆਪਣੀ ਅਤੇ ਆਪਣੇ ਹਜ਼ਾਰਾਂ ਸਿਪਾਹੀਆਂ ਦੀ ਜਾਨ ਖ਼ਤਰੇ ਵਿੱਚ ਪਾਕੇ ਰੁਕ ਜਾਣ ਦੀ ਬੇਵਕੂਫੀ ਕਰ ਰਿਹਾ ਸੀ ? ਸਰੂਪ ਦਾਸ ਜੀ ਤਾਂ ਖੁਸਰੋ ਨੂੰ ਇਕ ਰਾਤ ਵੀ ਗੁਰੂ ਜੀ ਪਾਸ ਠਹਰਿਆ ਲਿਖਦੇ ਹਨ ਜਿਸ ਦਾ ਜ਼ਿਕਰ ਤੁਜ਼ਕ ਵਿਚੋਂ ਜਾਂ ਹੋਰ ਕਿਸੇ ਇਤਹਾਸ ਵਿਚੋਂ ਕਿਧਰੇ ਨਹੀਂ ਮਿਲਦਾ (ਨਿਸ ਕਰ ਗੁਜਰਾਨ ਕੂਚ ਤਿਨ ਕੀਆ) ।ਇਹ ਵੀ ਹਾਸੇ ਵਾਲੀ ਗੱਲ ਹੈ ਕਿ "ਬਡਾ ਦੁਖੀ ਤਾਂ ਪਰ ਭਈ ਆਫ਼ਤ" ਵਾਲਾ ਸ਼ਹਿਜ਼ਾਦਾ ਅਇਆ ਪਰ ਆਫ਼ਤ (ਦੁਖ, ਕਸ਼ਟ )ਦੀ ਨਵਿਰਤੀ ਲਈ ਫੌਜੀ ਸਹਾਇਤਾ ਦੇਣ ਦੀ ਥਾਂ ਲੰਗਰ ਛਕਾ ਦਿੱਤਾ ਗਿਆ । ਕੀ ਇਸ ਤਰ੍ਹਾਂ ਉਸ ਦੇ ਦੁੱਖ ਦੀ ਨਵਿਰਤੀ ਹੋ ਗਈ ਹੋਵੇਗੀ ?

ਅੱਗੇ ਚੱਲ ਕੇ ਮਹਿਮਾ ਪ੍ਰਕਾਸ਼ ਦੇ ਕਰਤਾ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਵਲੋਂ ਗ੍ਰਿਫਤਾਰ ਨਹੀਂ ਸੀ ਕੀਤਾ ਗਿਆ । ਉਹ ਆਪ ਹੀ ਲਾਹੌਰ ਪਹੁੰਚ ਗਏ ਸਨ ਪਰ ਅਵੱਗਿਆ ਇਹ ਕੀਤੀ ਕਿ ਬਾਦਸ਼ਾਹ ਨੂੰ ਸਲਾਮ ਕਰਨ ਨਾ ਗਏ । ਚੰਦੂ ਨੇ ਇਹ ਅਵੱਗਿਆ ਵੀ ਬਾਦਸ਼ਾਹ ਦੇ ਧਿਆਨ ਵਿੱਚ ਲਿਆਂਦੀ ਪਰ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ ਫ਼ਕੀਰ ਸਮਝ ਕੇ ਚੰਦੂ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ ।

**"ਤਿਨ ਬਾਦਸ਼ਾਹ ਸੋ ਅਰਜ ਕਰਾਏ ॥ ਗੁਰੂ ਅਰਜਨ ਜੀ ਈਹਾਂ ਹੈਂ ਆਏ ॥**
**ਨਹੀਂ ਮੁਲਾਕਾਤ ਹਜ਼ਰਤ ਕੀ ਕਰੈਂ ॥ ਕਾਹੂ ਕੋ ਮਨ ਮੋ ਨਹੀਂ ਧਰੈਂ ॥੨੩॥**
**ਸੁਨ ਚੰਦੂ ਸੋ ਬੋਲੇ ਬਾਦਸ਼ਾਹ ॥ ਹੈਂ ਫ਼ਕਰ ਰੱਬ ਕੇ ਬੇਪ੍ਰਵਾਹ ॥**
**ਨਾਹਕ ਤਕਲੀਫ਼ ਇਨ ਸੌਂ ਨਹੀਂ ਕੀਜੈ ॥ ਫ਼ਕਰ ਖੁਦਾਇ ਕਵਨ ਫਲ ਲੀਜੈ ॥੨੪॥**

ਹੁਣ ਕੀ ਸੱਚ ਮੰਨਿਆਂ ਜਾਵੇ? ਜਹਾਂਗੀਰ ਆਪ ਲਿਖਦਾ ਹੈ ਕਿ ਉਸ ਦੀ ਕਈ ਸਾਲਾਂ ਦੀ ਇੱਛਾ ਸੀ ਕਿ ਅਰਜਨ ਦੇਵ ਕਾਫ਼ਰ ਨੂੰ ਮੁਸਲਮਾਨ ਬਣਾਇਆ ਜਾਵੇ । ਹੁਣ ਉਹ ਸਰੂਪ ਦਾਸ ਦੀ ਜ਼ਬਾਨੀ ਆਪ ਹੀ ਗੁਰੂ ਜੀ ਨੂੰ ਕੋਈ ਤਕਲੀਫ ਦੇਣ ਤੋਂ ਸੰਕੋਚ ਕਰਦਾ ਲਿਖਦਾ ਹੈ ਕਿ ਉਹ ਬੇਪ੍ਰਵਾਹ ਫਕੀਰ ਹਨ । ਕੀ ਫਕੀਰ ਨੂੰ ਮੁਸਲਮਾਨ ਬਣਾਉਣ ਦੀ ਵੀ ਲੋੜ ਹੁੰਦੀ ਹੈ ? ਸੱਚ ਜਹਾਂਗੀਰ ਦੀ ਲਿਖਤ ਤੁਜ਼ਕ ਨੂੰ ਮੰਨਿਆਂ ਜਾਵੇ ਜਾਂ ਸਰੂਪ ਦਾਸ ਦੇ ਮਹਿਮਾ ਪ੍ਰਕਾਸ਼ ਨੂੰ ?

ਚੰਦੂ ਨੇ ਬਾਦਸ਼ਾਹ ਨੂੰ ਕਿਹਾ ਕਿ ਗੁਰੂ ਜੀ ਨੂੰ ਦੋ ਲੱਖ ਰੁਪਏ ਜੁਮਾਨਾ ਕਰ ਦਿਓ ਜੇ ਉਹ ਜੁਰਮਾਨਾ ਨਾ ਦੇਵੇ ਤਾਂ ਰਕਮ ਮੈਂ ਤਾਰ ਦਿਆਂਗਾ ਤੇ ਇਸ ਦੇ ਬਦਲੇ ਗੁਰੂ ਨੂੰ ਮੇਰੇ ਹਵਾਲੇ ਕਰ ਦਿੱਤਾ ਜਾਵੇ । ਇਹ ਗੱਲ ਬਾਦਸ਼ਾਹ ਨੇ ਤੁਰਤ ਮੰਨ ਲਈ[੧੧੭] । ਕੀ ਬਾਦਸ਼ਾਹ ਕਿਸੇ ਨਾਮਾਲੂਮ ਚੰਦੂ ਦਾ ਇੰਨਾ ਗ਼ੁਲਾਮ ਸੀ ਕਿ ਤੁਰਤ ਇੱਕ ਮੁਲਜ਼ਮ ਨੂੰ ਪੈਸੇ ਲੈ ਕੇ ਛੱਡਣ ਲਈ ਤਿਆਰ ਹੋ ਗਿਆ? ਉਸਨੇ ਇਹ ਨਾ ਸੋਚਿਆ ਕਿ ਲਾਹੌਰ ਦੇ ਸਿੱਖ ਚੰਦੂ ਕੋਲੋਂ ਗੁਰੂ ਜੀ ਨੂੰ ਛੁਡਾ ਕੇ ਵੀ ਲਿਜਾ ਸਕਦੇ ਹਨ ਤੇ ਗੁਰੂ ਜੀ ਦੀ ਬਾਦਸ਼ਾਹ ਵਲੋਂ ਗਰਦਾਨੀ "ਝੂਠ ਦੀ ਦੁਕਾਨ" ਫੇਰ ਵੀ ਚਲਦੀ ਰਹਿ ਜਾਵੇਗੀ ਜਿਸ ਨੂੰ ਬੰਦ ਕਰਵਾਉਣ ਲਈ ਉਹ "ਕਈ ਸਾਲਾਂ ਤੋਂ" ਸੋਚ ਰਿਹਾ ਸੀ ।

ਉੱਧਰ ਗੁਰੂ ਜੀ ਨੇ ਗੁਰੂ ਅਮਰਦਾਸ ਜੀ ਦੇ ਪੁੱਤ੍ਰ ਅਰਥ ਮੱਲ ਨੂੰ ਚਿੱਠੀ ਲਿਖ ਕੇ ਬੁਲਾਇਆ (ਪੰਨਾ ੪੧੨) ਤੇ ਕਿਹਾ ਕਿ ਤੁਰਕ ਬਿਖਾਦ ਕਰ ਰਿਹਾ ਹੈ ਤੇ ਮੇਰਾ ਸ੍ਰੀਰ ਲੈਣ ਤੇ ਤੁਲਿਆ ਹੋਇਆ ਹੈ

**"ਹਮ ਸੌ ਕੌਤਕ ਅਬ ਕਰੇ ਬਿਖਾਦਾ ॥ ਕਾਹੂ ਜਾਨ ਜਾਏ ਨਹੀਂ ਸਾਧਾ ॥੧੯॥**

ਚਿੱਠੀ ਨੂੰ ਅੱਜ ਕਲ੍ਹ ਵੀ ਪਹੁੰਚਦਿਆਂ ਸਮਾਂ ਲਗਦਾ ਹੈ ਗੁਰੂ ਜੀ ਦੀ ਚਿੱਠੀ ਕਿਵੇਂ ਐਨੀ ਜਲਦੀ ਪਹੁੰਚ ਗਈ? ਕੀ ਬਾਦਸ਼ਾਹ ਐਨੇ ਖ਼ਤਰਨਾਕ ਗਰਦਾਨੇ ਗਏ ਕੈਦੀ ਨੂੰ ਚਿੱਠੀਆਂ ਲ਼ਿਖਣ ਦੀ ਇਜਾਜ਼ਤ ਦੇ ਸਕਦਾ ਸੀ ਜਦ ਕਿ ਗੁਰੂ ਜੀ ਤੱਕ ਕਿਸੇ ਨੂੰ ਜਾ ਕੇ ਮਿਲਣ ਦੀ ਵੀ ਆਗਿਆ ਨਹੀਂ ਸੀ ਦਿੱਤੀ ਜਾਂਦੀ ?

[117] ਕੀ ਜਹਾਂਗੀਰ ਆਪਣਾ ਕਿਹਾ "ਨਾਹਕ ਤਕਲੀਫ਼ ਇਨ ਸੌਂ ਨਹੀਂ ਕੀਜੈ" ਵਾਲਾ ਆਪਣਾ ਵਚਨ ਇੰਨੀ ਛੇਤੀ ਭੁੱਲ ਗਿਆ ?

ਅਰਥ ਮਲ ਜੀ ਨੇ ਗਰੂ ਜੀ ਨੇ ਨਾਲ ਹੀ ਪ੍ਰਾਣ ਤਿਆਗ ਦੇਣ ਦੀ ਜ਼ਿਦ ਕੀਤੀ ਤਾਂ ਗੁਰੂ ਜੇ ਉਸ ਨੂੰ ਆਪਣੀ ਸ਼ਹੀਦੀ ਤੋਂ ੪੦ ਦਿਨ ਪਿਛੋਂ ਉਡੀਕ ਕੇ ਪ੍ਰਾਣ ਤਿਆਗਣ ਦਾ ਉਪਦੇਸ਼ ਦਿੱਤਾ । ਕੀ ਬਾਦਸ਼ਾਹ ਨੇ ਅਰਥ ਮੱਲ ਨੂੰ ਗੁਰੂ ਜੀ ਨਾਲ ਮਿਲਣ ਦੀ ਆਗਿਆ ਤੁਰਤ ਹੀ ਦੇ ਦਿੱਤੀ ਜਦ ਕਿ ਸਭ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਜੀ ਨਾਲ ਕਿਸੇ ਨੂੰ ਮਿਲਣ ਨਹੀਂ ਦਿੱਤਾ ਜਾਂਦਾ ਸੀ ?

ਸੰਗਤ ਨੇ ਗੁਰੂ ਜੀ ਨੂੰ ਮੱਥਾ ਟੇਕਿਆ ਅਤੇ ਗੁਰੂ ਜੀ ਨੇ ਸਰੀਰ ਨੂੰ ਤੇਲ ਮਲਿਆ, ਗਰਮ ਪਾਣੀ ਨਾਲ ਇਸ਼ਨਾਨ[੧੧੮] ਕੀਤਾ ਤੇ ਧਰਤੀ ਉੱਪਰ ਬੈਠ ਕੇ ਸੁੰਦਰ ਬਸਤਰ ਪਾਏ ਤੇ ਸ਼ਹੀਦੀ ਦੀ ਤਿਆਰੀ ਕਰ ਲਈ ।

**"ਤਬ ਸਤਿਗੁਰ ਦਿਆਲ ਪਰਮ ਪਰਬੀਨਾ ॥ ਤੇਲ ਮੰਗਾਇ ਮਰਦਨ ਤਨ ਕੀਨਾ ॥**
**ਤਪਤ ਨੀਰ ਸੋ ਕੀਆ ਸਨਾਨ ॥ ਭੂਮ ਆਸਨ ਕੀਨਾ ਕੇਵਲ ਗਿਆਨ ॥੩੯॥**
**ਪੁਨ ਬਸਤਰ ਓਢ ਸੁੰਦਰ ਤਨ ਲੀਆ ॥ ਪਰਮ ਧਾਮ ਕੋ ਪਿਆਨਾ ਕੀਆ ॥**
**ਜਿਉਂ ਗੰਗਾ ਸਾਗਰ ਮਿਲ ਜਾਇ ਜਿਉਂ ਰਵਿ ਪ੍ਰਕਾਸ ਰਵਿ ਮਾਹਿੰ ਸਮਾਇ ॥ ੪੦॥**

ਸਰੂਪ ਦਾਸ ਜੀ ਇਹ ਨਹੀਂ ਲਿਖਦੇ ਕਿ ਚੰਦੂ ਵਲੋਂ ਗੁਰੂ ਜੀ ਨੂੰ ਕੀ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ । ਇਥੋਂ ਤਾਂ ਇਹੀ ਸਪਸ਼ਟ ਹੁੰਦਾ ਹੈ ਕਿ ਗੁਰੂ ਜੀ ਨੇ ਆਤਮ ਹੱਤਿਆ ਕਰ ਲਈ ।[੧੧੯]

## ੪.੪ ਗੁਰੂ ਜੀ ਦੀ ਦੇਹ ਦਾ ਸਸਕਾਰ

ਸਰੂਪ ਦਾਸ ਜੀ ਲਿਖਦੇ ਹਨ ਕਿ ਜਿਵੇਂ ਸਾਧਾਰਣ ਹਾਲਤਾਂ ਵਿੱਚ ਸਸਕਾਰ ਕੀਤਾ ਜਾਂਦਾ ਹੈ ਇਸੇ ਤਰਾਂ ਕੀਰਤਨ ਕੀਤਾ ਗਿਆ ਅਤੇ ਚੰਦਨ ਦੀ ਚਿਖਾ ਤਿਆਰ ਕਰਵਾ ਕੇ ਗੁਰੂ ਜੀ ਦਾ ਸਸਕਾਰ ਕੀਤਾ ਗਿਆ । ਪਤਾ ਨਹੀਂ ਬਾਦਸ਼ਾਹ ਨੇ ਅਜਿਹਾ ਕਰਨ ਦੀ ਕਿਸ ਤਰਾਂ ਆਗਿਆ ਦੇ ਦਿੱਤੀ ਹੋਵੇਗੀ । ਜੋ ਬਾਦਸ਼ਾਹ ਗੁਰੂ ਜੀ ਨੂੰ ਇੱਕ ਖ਼ਤਰਨਾਕ ਕਾਫ਼ਰ ਸਮਝ ਕੇ ਮਰਵਾਉਣਾ ਚਾਹੁੰਦਾ ਸੀ ਉਹ ਉਸ ਦੇ ਮਰਨ ਉਪ੍ਰੰਤ ਕਿਸੇ ਕੁਫ਼ਰ ਦੀਆਂ ਧਾਰਮਿਕ ਰਸਮਾਂ ਦੀ ਆਗਿਆ ਕਿਵੇਂ ਦੇ ਸਕਦਾ ਸੀ ? ਇਸ ਤਰ੍ਹਾਂ ਤਾਂ ਕੁਫ਼ਰ ਫ਼ੈਲਦਾ ਸੀ ।

ਇਹੀ ਨਹੀਂ ਸਰੂਪ ਦਾਸ ਜੀ ਤਾਂ ਇਹ ਵੀ ਲਿਖਦੇ ਹਨ ਕਿ ਬਾਦਸ਼ਾਹ ਨੂੰ ਗੁਰੂ ਜੀ ਦੀ ਸ਼ਹੀਦੀ ਬਾਰੇ ਸੁਣ ਕੇ ਬਹੁਤ ਅਫਸੋਸ ਹੋਇਆ ਕਿਉਂਕਿ ਗੁਰੂ ਜੀ ਨੇ ਰੋਸ ਕਰ ਕੇ ਆਪ ਹੀ ਸਰੀਰ ਤਿਆਗ ਦਿੱਤਾ ਤੇ ਆਤਮ ਹੱਤਿਆ ਕਰ ਲਈ ਸੀ । ਕੀ ਬਾਦਸ਼ਾਹ ਦੇ ਹੁਕਮ ਤੋਂ ਬਿਨਾਂ ਕਿਸੇ ਨੂੰ ਕੋਈ ਹੋਰ ਕਾਫ਼ਰ ਤਸੀਹੇ ਦੇ ਕੇ ਏਨਾਂ ਔਖਾ ਕਰ ਸਕਦਾ ਸੀ ਕਿ ਉਹ ਆਤਮ ਹੱਤਿਆ ਹੀ ਕਰ ਲਵੇ ? ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਬਾਦਸ਼ਾਹ ਨੇ ਚੰਦੂ ਨੂੰ ਕਿਹਾ ਸੀ ਕਿ ਅਰਜਨ ਦੇਵ ਫਕੀਰ ਹੈ ਇਸ ਨੂੰ ਤਕਲਲੀਫ਼ ਨਾ ਦੇਣੀ ਪਰ ਚੰਦੂ ਨੇ ਬਾਦਸ਼ਾਹ ਦੇ ਹੁਕਮ ਨੂੰ ਨਹੀਂ ਮੰਨਿਆਂ । ਗੁਰੂ ਜੀ ਨੂੰ ਤਸੀਹੇ ਦਿੱਤੇ । ਜਹਾਂਗੀਰ ਵੇਲੇ ਤਾਂ ਹੁਕਮ ਅਦੂਲੀ ਦੀ ਸਜ਼ਾ ਮੌਤ ਸੀ ਪਰ ਚੰਦੂ ਨੂੰ ਕੁੱਝ ਨਾ ਹੋਇਆ ।

**"ਸੁਨ ਬਾਦਸਾਹ ਗੁਰ ਚਲ ਇਹ ਕੀਨਾ ਅਤ ਅਫ਼ਸੋਸ ॥ ਬਡਾ ਕਹਰ ਚੰਦੂ ਕੀਆ ਤਨ ਤਜਾ ਫ਼ਕਰ ਕਰ ਰੋਸ ॥੪੨॥**
**ਮਿਲ ਸੰਗਤ ਤਿਨ ਬੇਬਾਨ ਬਨਾਇਆ ॥ ਅਖੰਡ ਭਜਨ ਸਤਿਗੁਰ ਗੁਨ ਗਾਇਆ ॥**
**ਇਸਨਾਨ ਕਰਾਇ ਨਿਰਮਲ ਤਨ ਦਿਆਲ ॥ ਪਹਿਰਾਇ ਬਸਤਰ ਪਾਵਨ ਤਿਹਕਾਲ ॥੪੩॥**

---

118 ਮਈ-ਜੂਨ ਦੇ ਮਹੀਨੇ ਗਰਮ ਪਾਣੀ ਨਾਲ ਇਸ਼ਨਾਨ ?

119 "ਆਤਮ ਘਾਤੀ ਹੈ ਜਗਤ ਕਸਾਈ"(ਪੰਨਾ ੧੧੮) ਆਤਮਘਾਤ ਗੁਰਮਤ ਵਿਰੁੱਧ ਹੈ ਅਤੇ ਗੁਰੂ ਅਰਜਨ ਦੇਵ ਜੀ ਅਜਿਹਾ ਨਹੀਂ ਕਰ ਸਕਦੇ ਸਨ ।

**ਐਰਾਵਤੀ ਨਦੀ ਪਰ ਲਿਆਏ ॥ ਚੰਦਨ ਚਿਤਾ ਪਰ ਆਨ ਰਖਾਏ ॥**
**ਪਾਵਨ ਦੇਹ ਕਰਾ ਸਸਕਾਰ ॥ ਤੀਨ ਲੋਕ ਭਇਆ ਜੈ ਜੈ ਕਾਰ ॥੪੪॥**

ਬਾਦਸ਼ਾਹ ਨੂੰ ਅਫਸੋਸ ਕਰਨ ਦੀ ਕੀ ਲੋੜ ਪੈ ਗਈ ਜਦ ਕਿ ਉਸਦੇ ਇਕ ਇਸ਼ਾਰੇ ਤੇ ਚੰਦੂ ਨੂੰ ਰੋਕਿਆ ਜਾ ਸਕਦਾ ਸੀ? ਕੀ ਚੰਦੂ ਪਾਸ ਸ਼ਾਹੀ ਮੁਲਜ਼ਮਾਂ ਨੂੰ ਸਜ਼ਾ ਦੇਣ ਦਾ ਅਧਿਕਾਰ ਸੀ? ਅਜਿਹਾ ਰਸੂਖ ਵਾਲਾ ਚੰਦੂ ਇਤਿਹਾਸਿਕ ਪੰਨਿਆਂ ਦਾ ਸ਼ਿੰਗਾਰ ਬਣ ਜਾਂਣਾ ਸੀ ਪਰ ਹੈਰਾਨੀ ਹੈ ਕਿ ਇਸ ਦਾ ਸਰੂਪ ਦਾਸ ਤੋਂ ਬਿਨਾ ਕਿਸੇ ਨੇ ਜ਼ਿਕਰ ਵੀ ਨਾ ਕੀਤਾ । ਕੀ ਗੁਰੂ ਜੀ ਨੂੰ ਕਾਫ਼ਰ ਹਿੰਦੂ ਕਹਿ ਕੇ ਮਰਵਾਉਣ ਵਾਲਾ ਜਹਾਂਗੀਰ ਇੱਕ ਦਮ ਗੁਰੂ ਜੀ ਦੇ ਸ਼ਹੀਦ ਹੋਣ ਤੇ ਅਫਸੋਸ ਕਰਨ ਲੱਗ ਪਿਆ ?

ਸਸਕਾਰ ਬਾਰੇ ਵੀ ਸਰੂਪ ਦਾਸ ਜੀ ਦੀ ਕਥਾ ਬਹੁਤੀ ਮੰਨਣ ਯੋਗ ਨਹੀਂ । ਗੁਰਬਿਲਾਸ ਫਾਤਸ਼ਾਹੀ ੬ ਵਿੱਚ ਤਾਂ ਲਿਖਿਆ ਹੈ ਕਿ ਗੁਰੂ ਜੀ ਨੇ ਸਪਸ਼ਟ ਹੁਕਮ ਕੀਤਾ ਸੀ ਕਿ ਮੇਰੀ ਦੇਹ ਦਾ ਸਸਕਾਰ ਨਾ ਕਰਨਾ

**"ਹਮਰੀ ਦੇਹ ਨਾ ਦਾਹ ਕਰਾਵੋ ॥ ਜਪੁਜੀ ਪੜ੍ਹ ਨਦੀਆ ਮੇਂ ਪਾਵੋ ॥**
**ਜਪੁਜੀ ਭੋਗ ਜਹਾਂ ਤੁਮ ਪਾਵੋ ॥ ਤਬੈ ਦੇਹ ਪਰਵਾਹ ਕਰਾਵੋ ॥**

**ਗੁਰਬਿਲਾਸ ਦੀ ਗਵਾਹੀ ਗੁਰਬਾਣੀ ਅਨੁਸਾਰ ਜ਼ਿਆਦਾ ਮੰਨਣਯੋਗ ਹੈ । ਭਾਈ ਰਤਨ ਸਿੰਘ ਭੰਗੂ ਸਰਕਾਰ ਤੋਂ ਜਵਾਬ ਤਲਬੀ ਕਰਦੇ ਲਿਖਦੇ ਹਨ,**

"ਕੇ ਗੁਰੂ ਅਰਜਨ ਦਰਿਆਏ ਨਾ ਬੋੜਯੋ? ਕੇ ਗੁਰ ਤੇਗ਼ ਬਹਾਦਰ ਸੀਸ ਨ ਤੋੜਯੋ?
ਕੇ ਸਾਹਿਬਜ਼ਾਦੇ ਨਾਹਿ ਮਰਾਏ?ਸ਼ੀਰ ਖ਼ੋਰ ਤੋਹਿ ਨਹਿ ਕੁਹਾਏ?

**ਭਾਈ ਕੇਸਰ ਸਿੰਘ ਛਿੱਬਰ ਲਿਖਦੇ ਹਨ ਕਿ ਗੁਰੂ ਜੀ ਦੇ ਹੱਥ ਪੈਰ ਬੰਨੇ ਹੋਏ ਸਨ ਤੇ ਇਸੇ ਹਾਲਤ ਵਿੱਚ ,** "ਸੋ ਬੱਧੇ ਹੀ ਦਿਤੇ ਨਦੀ ਰੁੜਾਏ॥ ਸੰਮਤ ਸੌਲ੍ਹਾਂ ਸੈ ਤ੍ਰੇਹਿਠ ਜੇਠ ਮਹੀਨੇ ॥ ਚੰਨ ਚਾਨਣੀ ਚੌਥ ਜਲਿ ਬਹਾਏ ਦੀਨੇ ॥ **ਇਹੋ ਗੱਲ** ਉਮਦਾਤ-ਉਲ-ਤਵਾਰੀਖ (ਸੋਹਨ ਲਾਲ ਸੂਰੀ ੧੮੪੮) ਵਿੱਚ ਇਸ ਤਰ੍ਹਾਂ ਲਿਖੀ ਹੈ, " **ਬਾਅਦ ਅਜ਼ ਜ਼ਹੂਰਿ ਬਾਜਿ ਮੁਕਦਮਾਤ ਨਾ ਮੁਲਾਇਮ ਜ਼ਾਤਿ ਆਲੀ ਰਾ ਦਰ ਬਹਿਰਿ ਰਾਵੀ ਅੰਦਾਖਤੰਦ (ਪੰਨਾ ੨੩੪)** *(ਅਨੇਕਾਂ ਤਸੀਹੇ ਦੇ ਕੇ ਗੁਰੂ ਜੀ ਨੂੰ ਦਰਿਆ ਦੀਆਂ ਲਹਿਰਾਂ ਵਿਚ ਬਹਾ ਦਿੱਤਾ ਗਿਆ")।*

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ, "ਆਖਰ ਜਲਾਦਾਂ ਇਹ ਵਿਚਾਰਿਆ ਕਿ ਜੇ ਸਰੀਰ ਉੱਤੇ ਠੰਢਾ ਪਾਣੀ ਪਾਇਆ ਜਾਏ ਤਾਂ ਹੋਰ ਤਕਲੀਫ਼ ਹੋਵੇਗੀ । ਆਪਣੇ ਭੈੜੇ ਇਰਾਦਿਆਂ ਨੂੰ ਪੂਰਾ ਕਰਨ ਲਈ ਜੇਠ ਸ਼ੁਦੀ ਚੌਥ ੧੬੬੩ (੩੦ ਮਈ ੧੬੦੬) ਨੂੰ ਗੁਰੂ ਜੀ ਦੇ ਅਧਮੋਏ ਸਰੀਰ ਨੂੰ ਰਾਵੀ ਦਰਿਆ ਦੇ ਕਿਨਾਰੇ ਲਿਜਾਇਆ ਗਿਆ । ਗੁਰੂ ਜੀ ਦਾ ਨਿਰਬਲ ਸਰੀਰ ਹੋਰ ਤਸੀਹੇ ਨਾ ਸਹਾਰ ਸਕਿਆ ਅਤੇ ਇਸ ਸੰਸਾਰ ਤੋਂ ਚੜ੍ਹਾਈ ਕਰ ਗਿਆ"। (ਪੰਨਾ ੧੪੮)

ਅੱਗ ਆਦਿਕ ਨਾਲ ਸੜੀ ਜਾਂ ਪਾਣੀ ਵਿੱਚ ਉਬਲੀ ਦੇਹ ਨੂੰ ਠੰਢੇ ਪਾਣੀ ਵਿੱਚ ਪਾਇਆਂ ਅਤਿਯੰਤ ਦੁੱਖ ਹੁੰਦਾ ਹੈ । ਅਜਿਹਾ ਦੁਖ ਦੇਣਾ ਹੀ ਯਾਸਾ ਦੇ ਕਾਨੂੰਨ ਵਿਚ ਲਿਖਿਆ ਹੈ । ਸੋ ਗੁਰੂ ਦੇ ਸ੍ਰੀਰ ਨੂੰ ਦਰਿਆ ਵਿਚ ਰੋੜ੍ਹਣ ਵਾਲੀ ਗੱਲ ਵਧੇਰੇ ਮੰਨਣਯੋਗ ਹੈ ।[੧੨੦] ਡਾਕਟਰ ਗੰਡਾ ਸਿੰਘ ਵੀ ਇਹੋ ਲਿਖਦੇ ਹਨ।[੧੨੧]

---

[120] ਕਰਤਰ ਸਿੰਘ ਦੁਗਲ ਲਿਖਦੇ ਹਨ, "As serene and calm as ever ,he stepped into the river.The tide came to greet him.And he never emerged out of it. They waited and waited. The master had gone. He was nowhere."

**☬ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ॥☬**

---

[121] "To add to the pain, his blistered body was dipped in the cold water of the river Ravi. Completely resigned to the Will of God, Guru Arjun cheerfully endured these most agonizing and dreadful tortures and surrendered his soul to be one with Him."